# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
# QUOMANTRY AMRITSAR TIMES

West/East Coast Edition | Volume 10 | Issue 6 | 5 February 2020 to 11 February 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਵਿਚ ਨਵੀਂ ਸਿਆਸੀ ਸਫ਼ਬੰਦੀ ਉਭਰਨ ਦੀ ਸੰਭਾਵਨਾ

## ਬਾਦਲ ਦਲ ਨੇ ਢੀਂਡਸਿਆਂ ਨੂੰ ਪਾਰਟੀ 'ਚੋਂ ਬਾਹਰ ਕੱਢਿਆ

**- ਪ੍ਰੋ. ਬਲਵਿੰਦਰਪਾਲ ਸਿੰਘ**

ਭਾਜਪਾ ਵੱਲੋਂ ਦਿੱਲੀ ਵਿਚ ਅਕਾਲੀ ਦਲ ਨੂੰ ਦਿੱਤਾ ਗਿਆ ਝਟਕਾ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਬਲਕਿ ਸੋਚੀ ਸਮਝੀ ਭਾਜਪਾ ਦੀ ਨੀਤੀ ਹੈ। ਇਸ ਪਿੱਛੇ ਉਹ ਪੰਜਾਬ ਦੀ ਸਿਆਸਤ ਵਿਚ ਆਪਣੀ ਸਥਾਪਤੀ ਕਰਨਾ ਚਾਹੁੰਦੀ ਹੈ। ਦੂਸਰੇ ਪਾਸੇ ਉਹ ਬਾਦਲ ਦਲ ਨਾਲੋਂ ਢੀਂਡਸਾ ਗਰੁੱਪ ਨੂੰ ਤਰਜੀਹ ਤੇ ਥਾਪੜਾ ਦੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਬਿਨਾਂ ਸ਼ਰਤ ਹਮਾਇਤ ਦਿੱਤੇ ਜਾਣਾ ਅਕਾਲੀ ਦਲ ਦੀ ਕਮਜ਼ੋਰੀ ਦਿਖਾਉਂਦਾ ਹੈ। ਦੂਸਰੇ ਪਾਸੇ ਟਕਸਾਲੀ ਅਕਾਲੀਆਂ, ਢੀਂਡਸਾ ਗਰੁੱਪ ਤੇ ਜੀਕੇ ਗਰੁੱਪ ਦਾ ਭਾਜਪਾ ਦੇ ਹੱਕ ਵਿਚ ਭੁਗਤਣਾ ਅਕਾਲੀ ਦਲ ਲਈ ਸਿਆਸੀ ਸੰਕਟ ਬਣ ਗਿਆ ਹੈ। ਇਸੇ ਕਾਰਨ ਭਾਜਪਾ ਬਾਦਲ ਅਕਾਲੀ ਦਲ ਦੀ ਪ੍ਰਵਾਹ ਨਹੀਂ ਕਰ ਰਹੀ।

ਇੱਥੇ ਜ਼ਿਕਰਯੋਗ ਹੈ ਕਿ ਬਾਦਲ ਅਕਾਲੀ ਦਲ ਦੇ ਆਗੂਆਂ ਵਲੋਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਪਹਿਲਾਂ ਭਾਜਪਾ ਨੂੰ ਅੱਖਾਂ ਵਿਖਾਈਆਂ, ਫਿਰ ਦਿੱਲੀ ਜਾ ਅੱਖਾਂ ਮਿਲਾ ਲਈਆਂ। ਇਸ ਕਾਰਨ ਜਿੱਥੇ ਪਾਰਟੀ ਅੰਦਰ ਇਸ ਮਾਮਲੇ ਨੂੰ ਲੈ ਕੇ ਹਿੱਲਜੁੱਲ ਹੋ ਰਹੀ ਹੈ, ਉੱਥੇ ਹੀ ਵਿਰੋਧੀ ਪਾਰਟੀਆਂ ਜੱਥੇ ਵੀ ਮੌਕਾ ਮਿਲੇ ਅਕਾਲੀ ਦਲ ਨੂੰ ਤਾਹਨੇ-ਮਿਹਣੇ ਮਾਰ ਰਹੀਆਂ ਹਨ। ਦਿੱਲੀ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਕਰਨ ਪੁੱਜੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਤਾਂ ਸਿੱਧਾ ਕਹਿ ਦਿੱਤਾ ਹੈ ਕਿ ਬਾਦਲਾਂ ਨੇ ਹਰਸਿਮਰਤ ਦੀ ਕੁਰਸੀ ਬਚਾਉਣ ਲਈ ਆਪਣੀ ਜ਼ਮੀਰ ਬੀਜੇਪੀ ਕੋਲ ਜਾ ਰੱਖੀ ਹੈ। ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਆਪਣੇ ਸਿਆਸੀ ਮੁਫ਼ਾਦਾਂ ਖਾਤਰ ਅਕਾਲੀ ਦਲ ਨੇ ਸੰਵਿਧਾਨਕ ਨੈਤਿਕਤਾ ਵੀ ਛਿੱਕੇ ਟੰਗ ਦਿੱਤੀ ਹੈ। ਕੈਪਟਨ ਨੇ ਕਿਹਾ ਕਿ ਅਕਾਲੀਆਂ ਦੇ ਵਾਰ-ਵਾਰ ਸਟੈਂਡ ਬਦਲਣ ਨਾਲ ਗੈਰ-ਸੰਵਿਧਾਨਕ ਤੇ ਫੁੱਟਪਾਊ ਨਾਗਰਿਕਤਾ ਸੋਧ ਐਕਟ (ਸੀਏਏ) 'ਤੇ ਇਨਾਂ ਦੇ ਝੂਠਾਂ ਦਾ ਪਰਦਾਫਾਸ਼ ਹੋਇਆ ਹੈ।

ਸੁਖਬੀਰ ਬਾਦਲ ਵੱਲੋਂ ਯੂ-ਟਰਨ ਲੈਣ ਮੌਕੇ ਇਹ ਸਫਾਈ ਦੇਣੀ ਕਿ ਦੋਵਾਂ ਪਾਰਟੀਆਂ ਦਰਮਿਆਨ ਗ਼ਲਤਫਹਿਮੀਆਂ ਨੂੰ ਦੂਰ ਕਰ ਲਿਆ ਹੈ, ਦਾ ਹਵਾਲਾ ਦਿੰਦਿਆਂ ਕੈਪਟਨ ਨੇ ਮੰਗ ਕੀਤੀ ਕਿ ਕੀ ਭਾਜਪਾ, ਅਕਾਲੀ ਦਲ ਦੇ ਪਹਿਲੇ ਸਟੈਂਡ ਦੀ ਲੀਹ 'ਤੇ ਸੀਏਏ ਵਿੱਚ ਸੋਧ ਕਰਨ ਲਈ ਸਹਿਮਤ ਹੋ ਗਈ ਹੈ ਜਾਂ ਅਕਾਲੀਆਂ ਨੇ ਕੌਮੀ ਹਿੱਤਾਂ ਨੂੰ ਦਾਅ 'ਤੇ ਲਾ ਕੇ ਇਕ ਵਾਰ ਫਿਰ ਭਾਜਪਾ ਅੱਗੇ ਗੋਡੇ ਟੇਕ ਦਿੱਤੇ ਹਨ। ਉਨਾਂ ਕਿਹਾ, 'ਤੁਸੀਂ ਲੋਕਾਂ ਨੂੰ ਜਵਾਬਦੇਹ ਹੋ।' ਉਨਾਂ ਕਿਹਾ ਕਿ ਸੰਸਦ ਵਿੱਚ ਅਕਾਲੀ ਦਲ ਵੱਲੋਂ ਸੀਏਏ ਦੇ ਹੱਕ ਵਿੱਚ ਨਿੱਤਰਨ ਨਾਲ ਇਨਾਂ ਦਾ ਅਸਲ ਚਿਹਰਾ ਨੰਗਾ ਹੋ ਗਿਆ ਹੈ।

### ਅਕਾਲੀ ਸਿਆਸਤ ਡਗਮਗਾਈ

ਪੰਜਾਬ ਦੇ ਸਿਆਸੀ ਮਾਹਿਰ ਵਾਚ ਰਹੇ ਹਨ ਕਿ ਪੰਜਾਬ ਦੀ ਸਿਆਸਤ ਤੇ ਖਾਸ ਕਰਕੇ ਅਕਾਲੀ ਸਿਆਸਤ ਕਿਸ ਦਿਸ਼ਾ ਵੱਲ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਕੋਲ ਇੱਕੋ ਇੱਕ ਬਦਲ ਇਹ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਬਸਪਾ ਨਾਲ ਸਿਆਸੀ ਗੱਠਜੋੜ ਕਰੇ, ਇਹੀ ਇਕੋ ਇਕ ਲਾਹੇਵੰਦ ਗੱਠਜੋੜ ਹੋ ਸਕਦਾ ਹੈ, ਜੋ ਬਾਦਲ ਦਲ ਨੂੰ ਸਿਆਸੀ ਸੰਕਟ ਵਿਚੋਂ ਕੱਢ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 1996 ਦੀਆਂ ਲੋਕ ਸਭਾ ਚੋਣਾਂ ਸਮੇਂ ਬਸਪਾ ਨਾਲ ਸਮਝੌਤਾ ਕੀਤਾ ਸੀ। ਅਕਾਲੀ ਦਲ ਦੀ ਕਮਜ਼ੋਰੀ ਦਾ ਕਾਰਨ ਇਹੀ ਹੈ ਕਿ ਉਸ ਨੇ ਪੰਜਾਬ ਤੇ ਸਿੱਖ ਵਿਰੋਧੀ ਫੈਸਲੇ ਕੀਤੇ ਹਨ, ਜਿਸ ਕਾਰਨ ਉਸ ਦਾ ਆਧਾਰ ਪੰਜਾਬ ਵਿਚ ਖੁਸਿਆ ਹੈ। ਸਥਿਤੀ ਇਹ ਵੀ ਬਣ ਰਹੀ ਹੈ ਕਿ ਪੰਜਾਬ ਵਿਚ ਉਹੀ ਅਕਾਲੀ ਦਲ ਉਭਰੇਗਾ, ਜਿਸ ਦੀ ਹਮਾਇਤ ਭਾਜਪਾ ਕਰੇਗੀ। ਢੀਂਡਸਾ ਦੀ ਅਗਵਾਈ ਵਾਲਾ ਬਾਦਲ ਵਿਰੋਧੀ ਗਰੁੱਪ ਭਾਜਪਾ ਦੀ ਹਮਾਇਤ ਇਸੇ ਲਈ ਭਾਲ ਰਿਹਾ ਹੈ ਤਾਂ ਜੋ ਬਾਦਲ ਦਲ ਦੀ ਥਾਂ ਉਹਨਾਂ ਨੂੰ ਮਿਲ ਸਕੇ।

ਬਾਕੀ ਸਫ਼ਾ 31 'ਤੇ

# ਦਿੱਲੀ ਚੋਣਾਂ: ਬਹੁਤਾ ਕੁਝ ਭਵਿੱਖ ਦੀ ਕੁੱਖ ਵਿੱਚ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਦਿੱਲੀ ਚੋਣ ਪਿੜ ਵਿੱਚੋਂ ਨਿੱਤ ਨਵੀਂਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਦੂਸ਼ਣਬਾਜ਼ੀ ਸਿਖਰ ਉੱਤੇ ਹੈ। ਇੱਕ ਦੂਜੇ ਦੇ ਪੈਰ ਮਿੱਧਣ ਦਾ ਸਿਲਸਿਲਾ ਵੀ ਜਾਰੀ ਹੈ। ਕਦੇ ਚੋਣ ਪਿੜ ਵਿੱਚ ਪਾਕਿਸਤਾਨ ਦਾ ਭੂਤ



ਵੜ ਜਾਂਦਾ ਹੈ, ਕਦੇ ਦੇਸ਼ ਨਾਲ ਗੱਦਾਰੀ ਦਾ ਤੇ ਕਦੇ 'ਦੇਸ਼ ਭਗਤੀ' ਦਾ ਸੰਖ ਵੱਜਣ ਲੱਗ ਪੈਂਦਾ ਹੈ। ਦਿੱਲੀ ਦੀਆਂ ਚੋਣਾਂ 2015 ਨਾਲੋਂ ਬਹੁਤੀਆਂ ਵੱਖਰੀਆਂ ਨਹੀਂ ਹਨ। ਕਾਂਗਰਸ ਦੀ ਪ੍ਰਾਪਤੀ ਨਜ਼ਰ ਨਹੀਂ ਪੈਂਦੀ ਤੇ ਭਾਜਪਾ ਕੋਲ ਇਹ ਗਿਣਾਉਣ ਨੂੰ ਕੁਝ ਨਹੀਂ ਕਿ ਜੇ ਤੁਸੀਂ ਰਾਜਧਾਨੀ ਸਾਡੀ ਝੋਲੀ ਪਾ ਦਿੱਤੀ ਤਾਂ ਅਸੀਂ ਫਲਾਣੇ ਸੂਬੇ ਵਰਗੀ ਬਣਾ ਦਿਆਂਗੇ। ਇਸੇ ਤਰਾਂ ਦਿਖਾਉਣ ਵਾਸਤੇ ਕਾਂਗਰਸ ਪਾਸ ਵੀ ਕੁਝ ਨਹੀਂ ਹੈ।

ਪਿਛਲੇ ਕੁਝ ਦਿਨਾਂ ਦੇ ਬਿਆਨ ਪੜ ਕੇ ਦੇਖੋ। ਕਪਿਲ ਮਿਸ਼ਰਾ ਕਹਿ ਰਿਹਾ ਹੈ, 'ਸ਼ਾਹੀਨ ਬਾਗ ਮਿੰਨੀ ਪਾਕਿਸਤਾਨ ਬਣ ਗਿਆ ਹੈ।' ਇਸ ਕਰਕੇ ਇਲੈਕਸ਼ਨ ਕਮਿਸ਼ਨ ਨੇ ਉਸ ਉੱਤੇ ਕੇਸ ਵੀ ਦਰਜ ਕਰ ਦਿੱਤਾ ਹੈ। ਮਨੋਜ ਤਿਵਾੜੀ ਕਹਿ ਰਿਹਾ, 'ਦਿੱਲੀ ਮੁਫ਼ਤਖੋਰਿਆਂ ਦੀ ਬਣਾ ਦਿੱਤੀ ਗਈ ਹੈ।' ਜਿਹੜੀ ਦਿੱਲੀ ਦੇਸ਼ ਦੀ ਤਕਦੀਰ ਬਣਦੀ ਸੀ ਜਾਂ ਬਣਦੀ ਹੈ, ਉਸ ਨੂੰ ਫ਼ਤਿਹ ਕਰਨ ਲਈ ਹੇਠਲੇ ਪੱਧਰ ਦੀਆਂ ਗੱਲਾਂ ਹੋ ਰਹੀਆਂ ਹਨ। ਕੇਜਰੀਵਾਲ ਕੀਤੇ ਕੰਮਾਂ ਕਰਕੇ ਆਸਵੰਦ ਹੈ ਤੇ ਮੁਕਾਬਲੇਬਾਜ਼ ਉਹਦੇ ਅੱਧੇ ਅਧੂਰੇ ਵਾਅਦਿਆਂ ਤੋਂ ਬਹੁਤ ਹੀ ਪ੍ਰੇਸ਼ਾਨ ਹਨ। ਪਰ ਕੇਜਰੀਵਾਲ ਦੀ ਇੱਕ ਗੱਲ ਲੋਕਾਂ ਨੂੰ ਟੁੰਬੀ ਹੈ ਤੇ ਅੱਜ ਤੱਕ ਅਤੀਤ ਵਿੱਚ ਉਹ ਗੱਲ ਕਿਸੇ ਦੇ ਮੂੰਹੋਂ ਸੁਣਨ ਨੂੰ ਨਹੀਂ ਸੀ ਮਿਲੀ ਕਿ ਜੇ ਅਸੀਂ ਕੰਮ ਕੀਤਾ ਹੈ ਤਾਂ ਵੋਟ ਪਾਇਓ, ਜੇ ਨਹੀਂ ਕੀਤਾ ਹੈ ਤਾਂ ਇੱਕ ਵੀ ਵੋਟ ਨਾ ਪਾਇਓ। ਫੇਰ ਤੁਹਾਨੂੰ ਖੁੱਲੀ ਛੁੱਟੀ ਹੈ ਕਿ ਤੁਸੀਂ ਕਿਸ ਨੂੰ ਵੋਟ ਪਾਉਣੀ ਹੈ। ਹੁਣ ਇਸਦੀ ਤੁਲਨਾ ਬਾਕੀ ਪਾਰਟੀਆਂ ਦੇ ਨੇਤਾਵਾਂ ਨਾਲ ਕਰਕੇ ਦੇਖੋ ਕਿ ਕਿਹੜਾ ਨੇਤਾ ਕਹਿ ਸਕਦਾ ਹੈ, ਜੇ ਸਾਡੇ ਕੰਮਾਂ ਜਾਂ ਚੁੱਕੇ ਗਏ ਮੁੱਦਿਆਂ ਤੋਂ ਸੰਤੁਸ਼ਟ ਹੋ ਤਾਂ ਵੋਟ ਪਾਇਓ, ਨਹੀਂ ਤਾਂ ਨਾ ਪਾਇਓ।

ਨਵੀਂ ਦਿੱਲੀ, ਜਿੱਥੋਂ ਕੇਜਰੀਵਾਲ ਉਮੀਦਵਾਰ ਹੈ, ਉੱਥੇ ਸਭ ਤੋਂ ਵਧ ਉਮੀਦਵਾਰ ਹਨ, ਅਠਾਸੀ।

ਬਾਕੀ ਸਫ਼ਾ 31 'ਤੇ

# ਤਰਨਜੀਤ ਸਿੰਘ ਨੂੰ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਨਿਯੁਕਤ ਕਰਨ ਦਾ ਸਵਾਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿੱਖ ਕੌਮ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਅਤੇ ਵਾਈਸ ਚਾਂਸਲਰ ਬਿਸ਼ਨ ਸਿੰਘ ਸਮੁੰਦਰੀ ਦੇ ਲੜਕੇ ਤਰਨਜੀਤ ਸਿੰਘ ਸੰਧੂ ਨੂੰ ਅਮਰੀਕਾ ਵਿਚ ਭਾਰਤ ਦੇ ਨਵੇਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ ਜਿਸ ਦਾ ਪੰਜਾਬੀ ਭਾਈਚਾਰੇ ਵਲੋਂ ਨਿੱਘਾ ਸਵਾਗਤ ਕੀਤਾ ਗਿਆ ਹੈ। ਤਰਨਜੀਤ ਸਿੰਘ ਸੰਧੂ 1988 ਬੈਚ ਦੇ ਆਈ.ਐਫ.ਐਸ. ਅਧਿਕਾਰੀ ਕੋਲੰਬੋ (ਸ੍ਰੀਲੰਕਾ) ਵਿਚ ਭਾਰਤੀ ਰਾਜਦੂਤ ਦੇ ਤੌਰ 'ਤੇ ਕੰਮ ਕਰ ਰਹੇ ਸਨ ਜੋ ਅਮਰੀਕਾ ਵਿਚ ਹਰਸ਼ ਵਰਧਨ ਸਿੰਗਲਾ ਦੀ ਥਾਂ ਲੈਣਗੇ ਜੋ ਪਹਿਲਾਂ ਵੀ ਵਾਸ਼ਿੰਗਟਨ ਡੀ.ਸੀ. ਵਿਚਲੀ ਭਾਰਤੀ ਅੰਬੈਸੀ ਵਿਚ ਡਿਪਟੀ ਚੀਫ਼ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ ਜਿਨਾਂ ਦੀ ਪਤਨੀ ਰੀਨਤ ਕੌਰ ਸਮੁੰਦਰੀ ਇਟਲੀ ਵਿਚ ਭਾਰਤ ਦੇ ਰਾਜਦੂਤ ਵਜੋਂ ਕੰਮ ਕਰ ਰਹੀ ਹੈ। ਤਰਨਜੀਤ ਸਿੰਘ ਸੰਧੂ ਨੂੰ ਕੇਂਦਰ ਸਰਕਾਰ ਵਲੋਂ ਅਮਰੀਕਾ ਵਿਚ ਭਾਰਤ ਦੇ ਨਵੇਂ ਰਾਜਦੂਤ ਨਿਯੁਕਤ ਕਰਨ ਤੇ ਉਨਾਂ ਦੀ ਭੈਣ ਬੀਬੀ ਬੇਅੰਤ ਕੌਰ ਤੇ ਜੀਜੇ ਕਰਨਲ ਹਰਦਿਆਲ ਸਿੰਘ ਵਿਰਕ ਨੇ ਸਿਆਟਲ ਵਿਚ ਲੱਡੂ ਵੰਡੇ।



ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਮੁਖੀ ਦਯਿਆਬੀਰ ਸਿੰਘ ਪਿੰਟੂ ਬਾਠ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਪਰਮਜੀਤ ਸਿੰਘ ਖਹਿਰਾ, ਧਰਮ ਸਿੰਘ ਮੈਰੀਪੁਰ, ਰਾਜਬੀਰ ਸਿੰਘ ਸੰਧੂ, ਬਲਬੀਰ ਸਿੰਘ ਉਸਮਾਨਪੁਰ, ਜੈਗ ਬਸਰਾ, ਜਗਦੇਵ ਸਿੰਘ ਸੰਧੂ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਤਰਨਜੀਤ ਸਿੰਘ ਸੰਧੂ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ ਤੇ ਪਰਿਵਾਰਕ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਪੰਜਾਬੀ ਭਾਈਚਾਰੇ ਲਈ ਮਾਣ ਅਤੇ ਸ਼ਾਲ ਵਾਲੀ ਗੱਲ ਦੱਸਿਆ।



















ਮਰਦਮਸ਼ੁਮਾਰੀ
CALIFORNIA
ALL
2020

# ਜਨਗਣਨਾ ਹੋਣ ਵਾਲੀ ਹੈ ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ

ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ

ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।

ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

CaliforniaCensus.org 'ਤੇ ਹੋਰ ਜਾਣੋ

# ਸਿੱਖ ਪੰਚਾਇਤ ਨੌਜਵਾਨ ਤੇ ਨਵੇਂ ਚਿਹਰੇ ਲਿਆਉਣ 'ਚ ਕਾਮਯਾਬ

**ਫਰੀਮੌਂਟ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਸਿੱਖ ਪੰਚਾਇਤ ਆਪਣੇ ਗੁਰਮਤੇ ਦੇ ਸਿਧਾਂਤ 'ਤੇ ਕਾਇਮ ਰਹਿੰਦੇ ਹੋਏ ਸਰਬ-ਸੰਮਤੀ ਨਾਲ ਉਮੀਦਵਾਰ ਚੋਣ ਵਿੱਚ ਉਤਾਰੇ ਹਨ। ਸਿੱਖ ਪੰਚਾਇਤ ਨੇ ਨੌਜਵਾਨ ਪੀੜੀ ਨੂੰ ਜਗਾ ਦਿੰਦੇ ਹੋਏ ਉਨਾਂ ਵੱਲੋਂ ਭਾਈ ਗੁਰਵਿੰਦਰ ਸਿੰਘ ਦੀ ਚੋਣ ਕੀਤੀ ਹੈ। ਇਸੇ ਤਰਾਂ ਭਾਈ ਜਸਪ੍ਰੀਤ ਸਿੰਘ, ਭਾਈ ਹਰਪ੍ਰੀਤ ਸਿੰਘ ਬੈਂਸ ਅਤੇ ਭਾਈ ਰਜਿੰਦਰ ਸਿੰਘ ਦੀ ਚੋਣ ਕੀਤੀ ਹੈ ਜਿਹੜੇ ਪਹਿਲੀ ਵਾਰ ਚੋਣ ਲੜ ਰਹੇ ਹਨ ਅਤੇ ਕਦੇ ਵੀ ਸੁਪਰੀਮ ਕੌਂਸਲ ਵਿੱਚ ਨਹੀਂ ਰਹੇ। ਸਿੱਖ ਪੰਚਾਇਤ ਦੀ ਸਲੇਟ ਵਿੱਚ ਭਾਈ ਜਸਵਿੰਦਰ ਸਿੰਘ ਜੰਡੀ ਜੋ ਇਸ ਵੇਲੇ ਸੁਪਰੀਮ ਕੌਂਸਲ ਮੈਂਬਰ ਹਨ ਉਨਾਂ ਨੂੰ ਦੂਜੀ ਵਾਰ ਵੀ ਚੋਣ ਲਈ ਚੁਣਿਆ ਗਿਆ ਹੈ। ਭਾਈ ਜੰਡੀ ਇਸ ਇਲਾਕੇ ਦੀ ਮੰਨੀ ਪ੍ਰਮੰਨੀ ਹਸਤੀ ਹਨ ਤੇ ਉਹ ਪੰਥ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਲਈ ਅਤੇ ਫਰੀਮੌਂਟ ਦੀ ਸੰਗਤ ਵਿੱਚ ਉਹ ਹਰੇਕ ਦੇ ਦੁੱਖ-ਸੁੱਖ ਵਿੱਚ ਸਾਂਝ ਪਾਉਣ ਲਈ ਜਾਣੇ ਜਾਂਦੇ ਹਨ।



ਦੂਜੇ ਪਾਸੇ ਖਾਲਸਾ ਤੇ ਬਾਸਾ ਕੋਈ ਵੀ ਨਵਾਂ ਚਿਹਰਾ ਜਾਂ ਨੌਜਵਾਨਾਂ ਨੂੰ ਜਗਾ ਦੇਣ ਤੋਂ ਅਸਮਰਥ ਰਹੀ ਹੈ। ਉਨਾਂ ਨੇ ਗਰੁੱਪਾਂ ਦੇ ਹਿਸਾਬ ਨਾਲ ਹੀ ਸੀਟਾਂ ਦਾ ਲੈਣ ਦੇਣ ਕੀਤਾ ਲੱਗਦਾ ਹੈ। ਉਸ ਸਲੇਟ ਵਿਚ ਬੀਬੀ ਸਰਬਜੀਤ ਕੌਰ ਚੀਮਾ, ਭਾਈ ਕੁਲਜੀਤ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਦਵਿੰਦਰ ਸਿੰਘ ਚਾਨਾ ਅਤੇ ਭਾਈ ਦਰਸ਼ਨ ਸਿੰਘ ਸੰਧੂ ਹਨ। ਦਰਸ਼ਨ ਸੰਧੂ ਉਹ ਸ਼ਖ਼ਸ਼ ਹੈ ਜਿਸ ਨੇ ਪਿਛਲੇ ਨਵੰਬਰ ਵਿੱਚ ਦੀਵਾਨ ਹਾਲ ਵਿੱਚ ਇੱਕ ਕਮੇਟੀ ਮੈਂਬਰ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕਰਕੇ ਸਿਰ ਪਾੜ ਦਿੱਤਾ ਸੀ। ਇਹ ਬੈਲਜੀਅਮ ਵਿੱਚ ਵੀ ਇੱਕ ਝਗੜੇ ਵਿੱਚ ਕਿਸੇ ਦੇ ਕਿਰਪਾਨਾਂ ਮਾਰਨ ਦੇ ਜ਼ੁਲਮ ਵਿੱਚ ਜੇਲ ਕੱਟ ਚੁੱਕਾ ਹੈ। ਸਿੱਖ ਪੰਚਾਇਤ ਦੇ ਆਉਣ ਨਾਲ ਪਿਛਲੇ 8 ਸਾਲ ਸ਼ਾਂਤੀ ਵਾਲਾ ਮਾਹੌਲ ਰਿਹਾ ਹੈ। ਪਰ ਹੁਣ ਦਰਸ਼ਨ ਸੰਧੂ, ਕੁਲਜੀਤ ਸਿੰਘ ਤੇ ਹਰਮਿੰਦਰ ਸਿੰਘ ਵਰਗਿਆਂ ਨੂੰ ਕਿਸੇ ਵੀ ਪ੍ਰਬੰਧ ਵਿੱਚ ਸ਼ਾਮਿਲ ਕਰਨਾ ਗੁਰੂ-ਘਰ ਲੜਾਈ ਦਾ ਅਖਾੜਾ ਬਣਾਉਣ ਵਾਲੀ ਗੱਲ ਹੈ। ਖਾਲਸਾ ਸਲੇਟ ਦੇ ਦੋ ਉਮੀਦਵਾਰ ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਨੇ ਪੰਜ ਪਿਆਰਾ ਸਿਧਾਂਤ ਦੀਆਂ ਧੱਜੀਆਂ ਉਡਾਈਆਂ ਜਿਨਾਂ ਨੂੰ ਰੋਕਣ ਲਈ ਕੋਰਟ ਦਾ ਸਹਾਰਾ ਲੈਣਾ ਪਿਆ। ਅੱਜ ਉਹੀ ਲੋਕ ਫੇਰ ਪੰਜ ਪਿਆਰਿਆਂ ਦੀ ਚੋਣ ਲਈ ਮੈਦਾਨ ਵਿੱਚ ਕੁੱਦ ਪਏ ਹਨ।

ਸਿੱਖ ਪੰਚਾਇਤ ਨੇ ਸਾਰੇ ਮੈਂਬਰਾਂ ਨੂੰ ਗੁਰਮਤੇ ਵਿੱਚ ਹੋਈ ਸਰਬ-ਸੰਮਤੀ ਦੀ ਵਧਾਈ ਦਿੰਦੇ ਹੋਏ ਕਿਹਾ ਹੈ ਕਿ ਚੁਣੇ ਗਏ ਉਮੀਦਵਾਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ 'ਪੰਜ ਪਿਆਰਾ' ਸਿਧਾਂਤ ਨੂੰ ਸਮਰਪਿਤ ਅਤੇ ਹਰ ਫੈਸਲਾ ਸਰਬ-ਸੰਮਤੀ ਨਾਲ ਲੈਣ ਦਾ ਅਹਿਦ ਲਿਆ। ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਸੰਗਤ ਇਹ ਫੈਸਲਾ ਕਰੇ ਕਿ ਉਨਾਂ ਨੇ ਉਹ ਲੋਕ ਚੁਣਨੇ ਹਨ ਜਿਨਾਂ ਨੇ ਆਪਣੀ ਚੌਧਰ ਖਾਤਰ ਗੁਰ ਸਿਧਾਂਤ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂ ਉਹ ਚਾਹੀਦੇ ਹਨ ਜਿਨਾਂ ਨੇ ਗੁਰ ਸਿਧਾਂਤ ਤੇ ਪਹਿਰਾ ਦਿੱਤਾ ਹੈ ?

ਯਾਦ ਰਹੇ, 2011 ਵਿੱਚ ਤਿੰਨ ਵੱਡੇ ਧੜਿਆਂ ਨੇ ਆਪਸੀ ਏਕਤਾ ਕਰਕੇ ਸਿੱਖ ਪੰਚਾਇਤ ਬਣਾਈ ਸੀ ਅਤੇ ਗੁਰਦੁਆਰਾ ਸਾਹਿਬ ਵਿੱਚ ਧੜੇਬੰਦੀ ਖਤਮ ਕੀਤੀ ਸੀ। ਪਰ ਗੁਰਮੀਤ ਸਿੰਘ ਧੜਾ ਆਪਣੇ ਨਿੱਕੇ ਨਿੱਕੇ ਮੁਫ਼ਾਦ ਨੂੰ ਲੈ ਕੇ ਪਿਛਲੇ ਸਾਲ ਇਸ ਤੋਂ ਵੱਖ ਹੋ ਕੇ ਬਾਸਾ ਨਾਲ ਜਾ ਰਲਿਆ। ਸਿੱਖ ਪੰਚਾਇਤ ਨੇ ਪਿਛਲੇ ਸਾਲਾਂ ਵਿੱਚ ਅਨੇਕਾਂ ਹੀ ਪ੍ਰੋਜੈਕਟ ਗੁਰਦੁਆਰਾ ਸਾਹਿਬ ਲਈ ਨੇਪਰੇ ਚਾੜੇ ਅਤੇ ਗੁਰਦੁਆਰਾ ਸਾਹਿਬ ਵਿੱਚ ਸ਼ਾਂਤੀ ਵਾਲਾ ਮਾਹੌਲ ਬਣਾਉਣ ਵਿੱਚ ਕਾਮਯਾਬ ਰਹੀ।

## ਗਾਖਲ ਅਤੇ ਸਹੋਤਾ ਭਰਾਵਾਂ ਵੱਲੋਂ ਸਿੱਖ ਪੰਚਾਇਤ ਦੀ ਹਮਾਇਤ ਦਾ ਐਲਾਨ

**ਫਰੀਮੌਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਦੀਆਂ 8 ਮਾਰਚ ਨੂੰ ਹੋਣ ਵਾਲ਼ੀਆਂ ਚੋਣਾਂ ਵਿੱਚ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ ਅਤੇ ਜੁਗਰਾਜ ਸਿੰਘ ਸਹੋਤਾ ਨੇ ਪ੍ਰੈਸ ਦੇ ਨਾਮ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਕਿ ਉਹ ਇਨਾਂ ਚੋਣਾਂ ਵਿੱਚ ਸਿੱਖ ਪੰਚਾਇਤ ਦੀ ਹਮਾਇਤ ਕਰਨਗੇ। ਅਮੋਲਕ ਸਿੰਘ ਗਾਖਲ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਸਿੱਖ ਪੰਚਾਇਤ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕਰਦੇ ਹਨ। ਇਸ ਲਈ ਹੀ ਉਹ ਚੋਣਾਂ ਵਿੱਚ ਸਿੱਖ ਪੰਚਾਇਤ ਦੀ ਮਦਦ ਲਈ ਆਏ ਹਨ। ਯਾਦ ਰਹੇ, ਗਾਖਲ-ਸਹੋਤਾ ਭਰਾ ਕਬੱਡੀ ਦੇ ਖੇਤਰ ਵਿੱਚ ਜਾਣੇ ਜਾਂਦੇ ਹਨ ਜਿਨਾਂ ਨੇ ਕਬੱਡੀ ਦੀ ਪਰਮੋਸ਼ਨ ਲਈ ਲੱਖਾਂ ਡਾਲਰ ਲਾ ਕੇ ਕਬੱਡੀ ਦਾ ਨਾਮ ਦੁਨੀਆ ਭਰ ਵਿੱਚ ਰੋਸ਼ਨ ਕੀਤਾ। ਕੈਲੀਫੋਰਨੀਆ ਵਿੱਚ ਇਹ ਭਰਾ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਜੈਕਟਾਂ



ਲਈ ਵੀ ਸਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਸਿੱਖ ਪੰਚਾਇਤ ਦੇ ਮੈਂਬਰ ਭਾਈ ਰਾਮ ਸਿੰਘ ਅਤੇ ਜਸਜੀਤ ਸਿੰਘ ਨੇ ਗਾਖਲ ਅਤੇ ਸਹੋਤਾ ਭਰਾਵਾਂ ਵੱਲੋਂ ਦਿੱਤੀ ਸਪੋਰਟ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਇਨਾਂ ਭਰਾਵਾਂ ਦੀਆਂ ਸੇਵਾਵਾਂ 'ਤੇ ਮਾਣ ਹੈ।




NJ Truck Lines



WANTED
OWNER OPERATORS and DRIVERS

• Dry vans only
• Grater Midwest area/East /Tx
• Phoenix/Portland
• Competitive Rates
• Next Day Pay
• Fuel card/Fuel Discounts
• Dispatch With Rate Confirmation copy
• No Forced Dispatch

APPLY TODAY
CALL: 209 341 9196
dispatch@njtruckline.com

Affordable and Reliable
Legal Document Preparation



● Wills & Trusts ਵਸੀਅਤਾਂ
● Immigration ਇੰਮੀਗਰੇਸ਼ਨ
● Power of Attorney ਮੁਖਤਿਆਰਨਾਮਾ
● Affidavits ਐਫੀਡੇਵਿਟ
● Grant Deeds ਗਰਾਂਟ ਡੀਡਜ਼

510-648-5554
dolly@worryfreelegaldocs.com
www.worryfreelegaldocs.com
Not an Attorney
Dolly (Sarvinder Kaur)
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.

# ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਦੀ ਸੋਨੀਆ ਗਾਂਧੀ ਨਾਲ ਮੁਲਾਕਾਤ

**ਨਵੀਂ ਦਿੱਲੀ/ਏ.ਟੀ.ਨਿਊਜ਼:** ਇੰਡੀਅਨ ਓਵਰਸੀਜ਼ ਕਾਂਗਰਸ (ਅਮਰੀਕਾ) ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਇੱਥੇ ਕੁੱਲ ਹਿੰਦ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨਾਲ ਉਨਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ। ਉਨਾਂ ਨੇ ਕਾਂਗਰਸ ਪਾਰਟੀ ਅਤੇ ਵਿਦੇਸ਼ਾਂ ਵਿਚ ਇਸ ਦੀਆਂ ਓਵਰਸੀਜ਼ ਇਕਾਈਆਂ ਬਾਰੇ ਵਿਚਾਰ ਚਰਚਾ ਕੀਤੀ ਅਤੇ ਹੋਰ ਕਈ ਮੁੱਦਿਆਂ ’ਤੇ ਗੱਲਬਾਤ ਕੀਤੀ।

ਸ੍ਰੀ ਗਿਲਜੀਆਂ ਨੇ ਕਾਂਗਰਸ ਪ੍ਰਧਾਨ ਵਲੋਂ ਪ੍ਰਵਾਸੀ ਭਾਰਤੀਆਂ ਦੇ ਮੁੱਦਿਆਂ ’ਤੇ ਹਮਾਇਤ ਕੀਤੇ ਜਾਣ ’ਤੇ ਉਨਾਂ ਦਾ ਧੰਨਵਾਦ ਕੀਤਾ। ਉਨਾਂ ਪਾਰਟੀ ਵਲੋਂ ਵਿਦੇਸ਼ਾਂ ਵਿਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਕਾਮਯਾਬੀ ਬਾਰੇ ਵੀ ਕਾਂਗਰਸ ਪ੍ਰਧਾਨ ਨੂੰ ਜਾਣੂ ਕਰਵਾਇਆ ਗਿਆ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਦੀ ਅਗਵਾਈ ਹੇਠ ਚੁੱਕੇ ਗਏ ਕਦਮਾਂ ਬਾਰੇ ਵੀ ਦੱਸਿਆ।

ਸ੍ਰੀ ਗਿਲਜੀਆਂ ਨੇ ਭਾਰਤ ਵਿਚ ਮੋਦੀ ਸਰਕਾਰ ਵਲੋਂ ਅਪਣਾਈਆਂ ਆਰਥਿਕ ਨੀਤੀਆਂ ਅਤੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ਼ ਵਿਦੇਸ਼ਾਂ ਅਤੇ ਖਾਸ ਕਰਕੇ ਅਮਰੀਕਾ ਵਿਚ ਇੰਡੀਅਨ ਓਵਰਸੀਜ ਕਾਂਗਰਸ ਵਲੋਂ ਕੀਤੇ ਰੋਸ ਮੁਜਾਹਰਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨਾਂ ਕਿਹਾ ਕਿ ਇਸ ਨਾਲ ਭਾਰਤ ਦੇ ਧਰਮ ਨਿਰਪੇਖ ਸਰੂਪ ਨੂੰ ਠੇਸ ਲੱਗੀ ਹੈ।



ਸ੍ਰੀਮਤੀ ਗਾਂਧੀ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਸਾਰੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੂੰ ਉਨਾਂ ਦੀ ਵਚਨਬੱਧਤਾ ਅਤੇ ਸਖਤ ਮਿਹਨਤ ਉਪਰ ਮਾਣ ਹੈ ਅਤੇ ਉਹ ਉਨਾਂ ਦਾ ਧੰਨਵਾਦ ਕਰਦੇ ਹਨ।

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਗੁਰਦੁਆਰਾ ਸਾਹਿਬ ਫਰੀਮੌਂਟ ਵਿੱਚ 9 ਫ਼ਰਵਰੀ ਨੂੰ

**ਫਰੀਮੌਂਟ/ ਏ.ਟੀ.ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਦਾ 34ਵਾਂ ਸ਼ਹੀਦੀ ਦਿਹਾੜਾ ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫ਼ੋਰਨੀਆ ਵਿਖੇ 9 ਫ਼ਰਵਰੀ 2020 ਅਤੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ 16 ਫ਼ਰਵਰੀ 2020 ਦਿਨ ਐਤਵਾਰ ਨੂੰ ਮਨਾਏ ਜਾਣਗੇ।

ਸਾਕਾ ਨਕੋਦਰ ਦੇ ਚਾਰਾਂ ਸ਼ਹੀਦਾਂ ਦੀ ਯਾਦ ਵਿੱਚ ਐਤਵਾਰ ਨੂੰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ਼ਹੀਦੀ ਕਾਨਫਰੰਸਾਂ ਹੋਣਗੀਆਂ। ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਸ਼ਹੀਦੀ ਕਾਨਫਰੰਸ ਮੌਕੇ ਸਾਕਾ ਨਕੋਦਰ ਦੇ ਪਿਛਲੇ 34 ਸਾਲਾਂ ਦੇ ਇਤਿਹਾਸ ਦੀ ਸਿੱਖ ਸੰਗਤਾਂ ਨਾਲ ਸਾਂਝ ਪਾਉਣਗੇ।

ਪ੍ਰਬੰਧਕਾਂ ਵਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨਾਂ ਸੂਰਬੀਰ ਯੋਧਿਆਂ ਨੂੰ ਜਿਨਾਂ ਗੁਰੂ ਗਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਿਆ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

ਵਰਨਣਯੋਗ ਹੈ ਕਿ ਪੰਜਾਬ ਸਰਕਾਰ ਨੇ 5 ਫਰਵਰੀ 1986 ਨੂੰ ਹਾਈਕੋਰਟ ਦੇ ਸੇਵਾ ਮੁਕਤ ਜੱਜ ਗੁਰਨਾਮ ਸਿੰਘ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਸਰੂਪਾਂ ਸਬੰਧੀ , 4 ਸਿੱਖ ਨੌਜਵਾਨਾਂ ਦੇ ਪੁਲਿਸ ਦੀ ਗੋਲੀ ਨਾਲ ਕੀਤੇ ਕਤਲਾਂ ਅਤੇ ਇਨਾਂ ਚਾਰੇ ਸਿੱਖ ਨੌਜਵਾਨਾਂ ਦਾ ਸਰਕਾਰੀ ਹੁਕਮਾਂ ਦੇ ਵਿਰੁੱਧ ਜਾਕੇ ਆਪ ਅੰਤਿਮ ਸੰਸਕਾਰ ਕਰਨ ਸੰਬੰਧੀ ਅਦਾਲਤੀ ਜਾਂਚ ਕਰਨ ਲਈ ਕਿਹਾ ਸੀ। ਰਿਟਾਇਰਡ ਜੱਜ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ ਅਤੇ ਪੂਰੀ ਰਿਪੋਰਟ ਅੱਜ ਤੱਕ ਕਦੇ ਵੀ ਜਨਤਿਕ ਨਹੀਂ ਕੀਤੀ ਗਈ। ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਦੀ ਰਿਪੋਰਟ 5 ਮਾਰਚ 2001 ਵਿਚ 15 ਸਾਲਾਂ ਬਾਅਦ ਪੰਜਾਬ ਵਿਧਾਨ ਸਭਾ ਵਿਚ ਬੜੇ ਹੀ ਡਰਾਮਈ ਢੰਗ ਨਾਲ ਪੇਸ਼ ਕੀਤੀ ਗਈ ਤੇ ਇਨਾਂ ‘ਤੇ ਐਕਸ਼ਨ ਰਿਪੋਰਟ ਪੇਸ਼ ਕਰਨ ਦੀ ਜ਼ਰੂਰਤ ਵੀ ਨਾ ਸਮਝੀ ਗਈ। ਇਹ ਰਿਪੋਰਟ ਜੋ ਦੋ ਭਾਗਾਂ ਵਿਚ ਸੀ ਇਸਦਾ ਇੱਕ ਹੀ ਭਾਗ ਮਿਲ ਸਕਿਆ ਹੈ ਜਦੋਂ ਕਿ ਦੂਜਾ ਭਾਗ ਕਿਤੋਂ ਵੀ ਨਹੀਂ ਮਿਲ ਰਿਹਾ।

ਇਸ ਸਾਕੇ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਇਕ ਵੱਡੇ ਮੁੱਦੇ ਵਜੋਂ ਉਭਾਰਿਆ ਸੀ। ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਸੰਤੋਖ ਸਿੰਘ ਨੇ ਇਹ ਭਰੋਸਾ ਦਿੱਤਾ ਸੀ ਕਿ ਚੋਣ ਜ਼ਬਤਾ ਸਮਾਪਤ ਹੁੰਦਿਆ ਹੀ ਇਸ ਮਾਮਲੇ ’ਤੇ ਕਾਰਵਾਈ ਕੀਤੀ ਜਾਵੇਗੀ, ਪਰ ਕੋਈ ਕਾਰਵਾਈ ਹੋਈ ਨਹੀਂ।

# ਅਮਰੀਕਾ ਦੇ ਬੰਦੀ ਕੇਂਦਰ ‘ਚ 5 ਭਾਰਤੀ 90 ਦਿਨਾਂ ਤੋਂ ਭੁੱਖ ਹੜਤਾਲ ‘ਤੇ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਲੁਸਿਆਨਾ ਰਾਜ ਦੇ ਇਕ ਬੰਦੀ ਕੇਂਦਰ ਵਿਚ ਸ਼ਰਨ ਦੀ ਮੰਗ ਨੂੰ ਲੈ ਕੇ 5 ਭਾਰਤੀਆਂ ਦੀ ਭੁੱਖ ਹੜਤਾਲ ਚੌਥੇ ਮਹੀਨੇ ਵਿਚ ਦਾਖਲ ਹੋ ਗਈ ਹੈ। ਇਨਾਂ ਵਿਚ 4 ਹਿੰਦੂ ਤੇ ਇਕ ਸਿੱਖ ਸ਼ਾਮਿਲ ਹੈ ਜੋ ਪਿਛਲੇ 90 ਦਿਨਾਂ ਤੋਂ ਭੁੱਖ ਹੜਤਾਲ ‘ਤੇ ਹਨ। ਇਹ ਖੁਲਾਸਾ ਇਕ ਮੀਡੀਆ ਰਿਪੋਰਟ ਵਿਚ ਕੀਤਾ ਗਿਆ ਹੈ। ਜੇਨਾ ਵਿਚ ਲਾ ਸਲੇ ਬੰਦੀ ਕੇਂਦਰ ਵਿਚ ਇਨਾਂ ਸਾਰਿਆਂ ਨੂੰ ਜਬਰਨ ਤਰਲ ਪਦਾਰਥ ਦਿੱਤੇ ਗਏ ਹਨ। ਸਨਫਰਾਂਸਿਸਕੋ ਦੀ ਇਕ ਗੈਰ ਸਰਕਾਰੀ ਸੰਸਥਾ ‘ਫਰੀਡਮ ਫਾਰ ਮਾਈਗਰਾਂਟਸ’ ਦੀ ਇਕ ਵਾਲੰਟਰੀਅਰ ਬੀਬੀ ਮਿਸ਼ੈਲ ਗ੍ਰਾਫੀਓ ਇਨਾਂ ਨੂੰ ਮਿਲਣ ਲਈ ਅਕਸਰ ਬੰਦੀ ਕੇਂਦਰ ਵਿਚ ਜਾਂਦੀ ਰਹਿੰਦੀ ਹੈ। ਉਸ ਨੇ ਦਸਿਆ ਕਿ ਨਾ ਖਾਣ ਪੀਣ ਦੀ ਸਜ਼ਾ ਵਜੋਂ ਇਨਾਂ ਨੂੰ ਇਕੱਲਤਾ ਵਿਚ ਰਖਿਆ ਜਾ ਰਿਹਾ ਹੈ। ਇਹ ਸਾਰੇ ਵੀਲ ਚੇਅਰ ਉਪਰ ਹਨ ਤੇ ਬਿਨਾਂ ਕਿਸੇ ਦੀ ਮੱਦਦ ਤੋਂ ਇਹ ਉੱਠਣ ਬੈਠਣ ‘ਚ ਅਸਮਰਥ ਹਨ। ‘ ‘ਫਰੀਡਮ ਫਾਰ ਮਾਈਗਰਾਂਟਸ’ ਨੇ ਮਨੁੱਖੀ ਹੱਕਾਂ ਤੇ ਆਜ਼ਾਦੀ ਨੂੰ ਲੈ ਕੇ ਹੋਮਲੈਂਡ ਸਕਿਉਰਿਟੀ ਵਿਭਾਗ (ਡੀ ਐਚ ਐਸ) ਵਿਚ ਇਨਾਂ ਪੰਜਾਂ ਦੀ ਤਰਫੋਂ ਸ਼ਕਾਇਤ ਦਰਜ ਕਰਵਾਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਿਰਾਸਤ ਦੌਰਾਨ ਇਨਾਂ ਵਿਅਕਤੀਆਂ ਦੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਜੋ ਬੰਦ ਹੋਣੀ ਚਾਹੀਦੀ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਨਕੋਦਰ ਸਾਕੇ ਦੇ ਸ਼ਹੀਦ ਵਿਦਿਆਰਥੀਆਂ ਨੂੰ ਪੰਜਾਬ ਦੇ ਵਿਦਿਅਕ ਅਦਾਰਿਆਂ ’ਚ ਯਾਦ ਕੀਤਾ ਗਿਆ

## ਪੀੜਤ ਪਰਿਵਾਰਾਂ ਨੇ ਕੀਤੀ ਇਨਸਾਫ ਦੀ ਮੰਗ

**ਜਲੰਧਰ/ਚੰਡੀਗੜ/ਪਟਿਆਲਾ/ ਏ.ਟੀ.ਨਿਊਜ਼ :** ਨਕੋਦਰ ਵਿਚ 34 ਸਾਲ ਪਹਿਲਾਂ 4 ਫਰਵਰੀ, 1986 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰ ਰਹੀਆਂ ਸਿੱਖ ਸੰਗਤਾਂ ’ਤੇ ਪੁਲਿਸ ਵੱਲੋਂ ਚਲਾਈ ਗੋਲੀ ’ਚ ਚਾਰ ਸਿੱਖ ਨੌਜਵਾਨਾਂ ਦੀ ਸ਼ਹੀਦੀ ਦੇ ਮਾਮਲੇ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਵੱਡੇ ਮੁੱਦੇ ਵਜੋਂ ਉਭਾਰਿਆ ਸੀ। ਇਨਾਂ ਦੋਵਾਂ ਆਗੂਆਂ ਨੇ ਭਰੋਸਾ ਦਿੱਤਾ ਸੀ ਕਿ ਚੋਣਾਂ ਮਗਰੋਂ ਉਹ ਇਸ ਮਾਮਲੇ ’ਤੇ ਕਾਰਵਾਈ ਕਰਨਗੇ ਪਰ ਅਜਿਹਾ ਨਹੀਂ ਹੋਇਆ। ਇਸ ਸਾਕੇ ਦੇ ਪੀੜਤ ਪਰਿਵਾਰਾਂ ਨੇ ਮੰਗ ਕੀਤੀ ਹੈ ਕਿ ਬਰਗਾੜੀ ਸਾਕੇ ਵਾਂਗ ਨਕੋਦਰ ਬੇਅਦਬੀ ਦੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਇਸ ਮੌਕੇ ਸ਼ਹੀਦਾਂ ਨੂੰ ਯਾਦ ਕਰਦਿਆਂ ਵਿਦਿਆਰਥੀ ਜਥੇਬੰਦੀ ਸੱਥ ਅਤੇ ਸਿੱਖ ਯੂਥ ਆਫ ਪੰਜਾਬ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਲਾਇਲਪੁਰ ਖਾਲਸਾ ਕਾਲਜ ਵਿਖੇ ਪ੍ਰਦਰਸ਼ਨ ਕੀਤੇ ਗਏ। ਵਿਦਿਆਰਥੀਆਂ ਨੇ ਜੱਜ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਅਧਾਰ ’ਤੇ ਐਸਆਈਟੀ ਬਣਾ ਕੇ ਇਨਾਂ ਕਤਲਾਂ ਲਈ ਜ਼ਿੰਮੇਵਾਰ ਦੋਸ਼ੀ ਪੁਲਿਸ ਤੇ ਪ੍ਰਸ਼ਾਸਨਿਕ ਅਫਸਰਾਂ ਨੂੰ ਸਜ਼ਾਵਾਂ ਦੇਣ ਲਈ ਸਮਾਬੱਧ ਜਾਂਚ ਦੀ ਮੰਗ ਕੀਤੀ।

ਕੈਨੇਡਾ ਤੋਂ ਆਏ ਮਰਹੂਮ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ, ਝਿਲਮਣ ਸਿੰਘ ਦੀ ਭੈਣ ਰਾਜਵਿੰਦਰ ਕੌਰ ਤੇ ਬਲਧੀਰ ਸਿੰਘ ਰਾਮਗੜ ਦੀ ਭੈਣ ਕਰਮਜੀਤ ਕੌਰ ਨੇ ਜਲੰਧਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਕੋਦਰ ਬੇਅਦਬੀ ਕਾਂਡ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਚੋਣਾਂ ਦੌਰਾਨ ਉਭਾਰਿਆ ਸੀ। ਉਦੋਂ ਉਨਾਂ ਭਰੋਸਾ ਦਿੱਤਾ ਸੀ ਕਿ ਚੋਣਾਂ ਮਗਰੋਂ ਇਸ ਮਾਮਲੇ ਨੂੰ ਹੱਲ ਕਰਨ ਲਈ ਸੰਜੀਦਾ ਯਤਨ ਕੀਤੇ ਜਾਣਗੇ। ਇਸ ਘਟਨਾ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ ਸੀ। ਕਮਿਸ਼ਨ ਦੀ ਰਿਪੋਰਟ ਦਾ ਇਕ ਭਾਗ ਤਾਂ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚ ਪਿਆ ਹੈ ਪਰ ਦੂਜਾ ਭਾਗ ਸਰਕਾਰ ਜਨਤਕ ਨਹੀਂ ਕਰ ਰਹੀ।

2001 ਵਿਚ ਪੰਜਾਬ ਵਿਧਾਨ ਸਭਾ ਵਿਚ ਇਹ ਰਿਪੋਰਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੇਸ਼ ਕੀਤੀ ਸੀ, ਉਦੋਂ ਸਪੀਕਰ ਚਰਨਜੀਤ ਸਿੰਘ ਅਟਵਾਲ ਸਨ ਪਰ ਇਸ ਰਿਪੋਰਟ ’ਤੇ ਕੋਈ ਚਰਚਾ ਨਹੀਂ ਸੀ ਹੋਈ।

ਵਿਦਿਆਰਥੀ ਜਥੇਬੰਦੀ ਸੱਥ ਦੇ ਆਗੂ ਸੁਖਮਿੰਦਰ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ, ‘ਸਿੱਖ ਵਿਰੋਧੀਆਂ ਵੱਲੋਂ ਕੀਤੀ ਗਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਸਿੱਖ ਸੰਗਤਾਂ ’ਤੇ ਪੰਜਾਬ ਪੁਲਿਸ ਅਤੇ ਭਾਰਤੀ ਫੋਰਸਾਂ ਵੱਲੋਂ ਗੋਲੀ ਚਲਾ ਦਿੱਤੀ ਗਈ ਸੀ। ਇਸ ਗੋਲੀਕਾਂਡ ਵਿਚ ਪੁਲਿਸ ਨੇ ਖਾਸ ਨਿਸ਼ਾਨੇ ’ਤੇ ਲੈ ਕੇ ਚਾਰ ਸਿੱਖ ਨੌਜਵਾਨ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਸੀ। ਸਿੱਖਾਂ ਖਿਲਾਫ ਪੰਜਾਬ ਪੁਲਿਸ ਦੀ ਇਹੋ ਨਫਰਤੀ ਪਹੁੰਚ ਬਹਿਬਲ ਕਲਾਂ ਵਿਖੇ ਵੀ ਦੇਖਣ ਨੂੰ ਮਿਲੀ ਸੀ ਜਦੋਂ 2015 ’ਚ ਬਰਗਾੜੀ ਵਿਖੇ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੀਆਂ ਸਿੱਖ ਸੰਗਤਾਂ ’ਤੇ ਪੁਲਿਸ ਨੇ ਗੋਲੀ ਚਲਾ ਕੇ ਦੋ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ। ਨਕੋਦਰ ਸਾਕੇ ਦਾ ਇਨਸਾਫ ਸਿੱਖਾਂ ਨੂੰ ਮਿਲਿਆ ਤੇ ਨਾ ਹੀ ਬਹਿਬਲ ਕਲਾਂ ਸਾਕੇ ਦਾ ਇਨਸਾਫ ਸਿੱਖਾਂ ਨੂੰ ਮਿਲਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਯਾਦ ਕਰਾਉਂਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨਾਲ ਇਨਾਂ ਸਾਕਿਆਂ ਦਾ ਇਨਸਾਫ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਏ ਸਨ ਪਰ ਹੁਣ ਸੱਤਾ ਦੇ ਨਸ਼ੇ ‘ਚ ਉਹ ਹੋਰ ਵਾਅਦਿਆਂ ਸਮੇਤ ਇਨਾਂ ਸਾਕਿਆਂ ਦੇ ਇਨਸਾਫ ਦੀ ਗੱਲ ਵੀ ਭੁੱਲ ਚੁੱਕੇ ਹਨ।

ਬਾਕੀ ਸਫ਼ਾ 31 ’ਤੇ





## ਨਕੋਦਰ ਦੇ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ 9 ਫ਼ਰਵਰੀ ਨੂੰ ਲਿੱਤਰਾਂ ਵਿਖੇ ਮਨਾਇਆ ਜਾਵੇਗਾ

**ਨਕੋਦਰ/ ਏ.ਟੀ.ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਦੀ 34ਵੀਂ ਬਰਸੀ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਬੋਹੜਾਂ ਵਾਲਾ ਲਿੱਤਰਾਂ ਵਿਖੇ 9 ਫਰਵਰੀ ਨੂੰ ਸ਼ਹੀਦੀ ਸਮਾਗਮ ਕੀਤੇ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਸਿਰਦਾਰ ਬਲਦੇਵ ਸਿੰਘ ਜੀ ਨੇ ਦੱਸਿਆ ਕਿ ਪਰਿਵਾਰ ਵਲੋਂ ਹਰ ਸਾਲ ਦੀ ਤਰਾਂ ਸਾਕਾ ਨਕੋਦਰ ਦੇ ਚਾਰਾਂ ਸ਼ਹੀਦਾਂ ਦੀ ਪਾਵਨ ਯਾਦ ਵਿੱਚ 9 ਫਰਵਰੀ 2020 ਐਤਵਾਰ ਨੂੰ ਸਵੇਰੇ 10:00 ਵਜੇ ਸ਼ਹੀਦੀ ਕਾਨਫਰੰਸ ਕੀਤੀ ਜਾ ਰਹੀ ਹੈ। ਪਰਿਵਾਰ ਅਤੇ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨਾਂ ਸੂਰਬੀਰ ਯੋਧਿਆਂ ਨੂੰ ਜਿਨਾਂ ਗੁਰੂ ਗਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਿਆ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।



# ਅਮਰੀਕੀ ਪੰਜਾਬੀ ਕਵੀਆਂ ਵਲੋਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਧਾਰਮਿਕ ਕਵੀ ਦਰਬਾਰ

**ਪਿਟਸਬਰਗ/ਪ੍ਰਮਿੰਦਰ ਸਿੰਘ ਪ੍ਰਵਾਨਾ:** ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਅਮਰੀਕੀ ਪੰਜਾਬੀ ਕਵੀਆਂ ਵਲੋਂ ਦੂਰ ਦੁਰਾਡ ਦੇ ਗੁਰਦੁਆਰਿਆਂ ਵਿਚ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਉਸੇ ਲੜੀ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ 2150 LRESTVIEW DRIVE. PITTSBURG. CA, 94565 ਵਿਖੇ ਮੁਕਤਸਰ ਦਾ ਯੁੱਧ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਇਤਿਹਾਸ ਤੇ ਰੋਸ਼ਨੀ ਪਾਉਂਦਿਆਂ ਦੱਸਿਆ ਗਿਆ ਕਿ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਅਜਿਹੀ ਵਿਊਂਤਬੰਦੀ ਕਰਕੇ ਦੁਸ਼ਮਣ ਨੂੰ ਘੇਰਿਆ ਕਿ ਉਸ ਸਮਝਿਆ ਕਿ ਇਥੇ ਭਾਰੀ ਫੌਜ ਹੋਵੇਗੀ, ਗੁਰੂ ਜੀ ਦੇ 400 ਸਿੰਘਾਂ ਨੇ ਦੁਸ਼ਮਣ ਦੀ 20000 ਫੌਜ ਦਾ ਟਾਕਰਾ ਬੜੀ



ਬਹਾਦਰੀ ਨਾਲ ਕੀਤਾ। ਪਾਣੀ ਤੇ ਸਿੰਘਾਂ ਦਾ ਕਬਜ਼ਾ ਸੀ। ਦੁਸ਼ਮਣ ਪਾਣੀ ਦੀ ਪਿਆਸ ਵਿਚ ਭਟਕਦੇ ਦੌੜ ਗਏ। ਮੁਕਤਸਰ ਦੇ ਯੁੱਧ ਵਿਚ 40 ਉਹ ਵੀ ਸਿੰਘ ਸਨ ਜੋ ਭਾਈ ਮਹਾਂ ਸਿੰਘ ਦੇ ਨਾਲ ਆਨੰਦਪੁਰ ਦਾ ਕਿਲਾ ਛੱਡਣ ਤੇ ਵਿਛੜ ਗਏ ਸਨ। ਮਹਾਂ ਸਿੰਘ ਨੇ ਸ਼ਹੀਦੀ ਪਾਉਣ ਤੋਂ ਪਹਿਲਾਂ ਭੁਲ ਬਖਸ਼ਾ ਲਈ। ਗੁਰੂ ਜੀ ਨੇ 40 ਸ਼ਹੀਦਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ ਅਤੇ ਜਗਾ ਦਾ ਨਾਂ ਮੁਕਤਸਰ ਪੈ ਗਿਆ। ਜਿੱਥੇ ਟੁੱਟੀ ਗੰਡ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਕਵੀ ਸ਼ਾਮਲ ਸਨ : ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਜਿਨਾਂ ਨੇ ਬੀਰਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ। ਧਾਰਮਿਕ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4487 ਹੈ।

# ਸਿਆਟਲ ਵਿਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



*ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ, ਭਾਈ ਮਨਿੰਦਰ ਸਿੰਘ ਤੇ ਭਾਈ ਦਵਿੰਦਰ ਪਾਲ ਸਿੰਘ ਦਾ ਕੀਰਤਨੀ ਜਥਾ*



*ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦੇਂਦੇ ਹੋਏ*

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਸਮੁੱਚੀ ਸੰਗਤ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ, ਭਾਈ ਮਨਿੰਦਰ ਸਿੰਘ ਤੇ ਭਾਈ ਦਵਿੰਦਰ ਪਾਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਜੀਵਨ ਦਾ ਇਤਿਹਾਸ ਸੁਣਾਇਆ ਅਤੇ ਗੁਰੂ ਦਾ ਜਸ ਗਾਇਨ ਕੀਤਾ। ਭਾਈ ਮੋਹਨ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਸਮੁੱਚੀ ਸੰਗਤ ਵਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਭਾਰੀ ਗਿਣਤੀ ਵਿਚ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ।

# ਨਵੀ ਬੌਡੀ ਜਿੰਮ ਦਾ ਉਦਘਾਟਨ ਅੰਤਰਰਾਸ਼ਟਰੀ ਪਾਵਰਲਿਫਟਰ ਅਜੈ ਗੋਗਨਾ ਨੇ ਕੀਤਾ

**ਨਵਾਂ ਸ਼ਹਿਰ/ਏ.ਟੀ.ਨਿਊਜ਼:**ਨਵਾਂ ਸਹਿਰ ਵਿੱਚ ਡਾਕਟਰ ਤੇਜਿੰਦਰ ਸਿੰਘ ਵਲੋਂ ਨਵਾਂ ਜਿਮ ਖੋਲਿਆ ਗਿਆ। ਜਿਸਦਾ ਉਦਘਾਟਨ ਇੰਟਰਨੈਸਨਲ ਪਾਵਰਲਿਫਟਰ ਏਸ਼ੀਅਨ ਚੈਂਪੀਅਨ, ਕਾਮਨਵੈਲਥ ਚੈਂਪੀਅਨ, ਅਤੇ ਵਰਲਡ ਚੈਂਪੀਅਨ ਅਜੈ ਗੋਗਨਾ (ਭੁਲੱਥ ) ਵੱਲੋ ਕੀਤਾ ਗਿਆ । ਉਹਨਾਂ ਦੇ ਨਾਲ ਇੰਟਰਨੈਸਨਲ ਪਾਵਰਲਿਫਰ ਜਸਵਿੰਦਰ ਸਿੰਘ , ਇੰਟਰਨੈਸਨਲ ਪਾਵਰਲਿਫਟਰ ਨਰੇਸ਼ ਪੂਰੀ ਵੀ ਉਚੇਚੇ ਤੌਰ ਤੇ ਪਹੁੰਚੇ। ਜਿੰਮ ਦੀ ਸਾਰੀ ਟੀਮ ਤੇ ਸ਼ਹਿਰ ਦੇ ਹੋਰ ਮੋਹਤਵਾਰ ਸੱਜਣਾ ਵਲੋਂ ਸਵਾਗਤ ਕੀਤਾ ਗਿਆ ।ਇਸ ਮੌਕੇ



ਜਿਮ ਦੇ ਕੋਚ ਜਤਿੰਦਰ ਸਿੰਘ ਹਿਆਲਾ ਸਟੇਟ ਚੈਂਪੀਅਨ ਬੈਂਚ ਪ੍ਰੈਸ ਤੇ ਸਾਬਤ ਸੂਰਤ ਮਿਸਟਰ ਸਿੱਖ ਬਾਡੀ ਬਿਲਡਰ ਤੇ ਕੋਚ ਜਸਪ੍ਰੀਤ ਸਿੰਘ ਤੇ ਹੋਰ ਨੌਜਵਾਨ ਹਾਜਿਰ ਸਨ ਜਿੰਨਾ ਨੇ ਇਹ ਜਿੰਮ ਖੁਲੱਣ ਨਾਲ ਖ਼ੁਸ਼ੀ ਦਾ ਇਜਹਾਰ ਕੀਤਾ।

# 20ਵਾਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਜ਼ੋਰਾਂ 'ਤੇ:ਧਾਲੀਵਾਲ

**ਫਰਿਜ਼ਨੋਂ/ਕੁਲਵੀਰ ਹੇਅਰ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਗਦਰੀ ਬਾਬਿਆਂ ਦੀ ਮਿੱਠੀ 'ਤੇ ਨਿੱਘੀ ਯਾਦ ਵਿਚ 29 ਮਾਰਚ ਨੂੰ ਕਰਵਾਏ ਜਾ ਰਹੇ '20ਵਾਂ ਮੇਲਾ ਗਦਰੀ ਬਾਬਿਆਂ ਦਾ' ਦੇ ਸਬੰਧ ਵਿਚ ਫੋਰਮ ਦੇ ਵਾਇਸ ਪ੍ਰਧਾਨ ਨਵਦੀਪ ਧਾਲੀਵਾਲ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ। ਉਹਨਾਂ ਅੱਗੇ ਦੱਸਿਆ ਕਿ ਸਮੂਹ ਭਾਰਤੀ ਭਾਈਚਾਰੇ ਵਲੋਂ ਇਸ ਸਬੰਧੀ ਪੂਰਾ ਸਹਿਯੋਗ ਮਿਲ ਰਿਹਾ ਹੈ। ਯਾਦ ਰਹੇ ਕਿ ਇਹ 20ਵਾਂ ਮੇਲਾ ਕਾਲੇ ਪਾਣੀ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਹੈ ਅਤੇ ਇਸ ਮੇਲੇ ਦੇ ਮੁੱਖ ਬੁਲਾਰੇ ਪ੍ਰੋ. ਜਗਮੋਹਨ ਸਿੰਘ ਹੋਣਗੇ। ਮੇਲੇ ਦੌਰਾਨ ਸਥਾਨਕ ਕਲਾਕਾਰ ਸੱਤੀ ਪਾਬਲਾ, ਰਾਜ ਬਰਾੜ, ਹਰਜੀਤ ਸਿੰਘ ਮਰਸਿਡ ਆਦਿ ਇਨਕਲਾਬੀ ਗਾਇਕੀ ਪ੍ਰੋਗਰਾਮ ਪੇਸ਼ ਕਰਨਗੇ ਅਤੇ ਬੱਚਿਆਂ ਵਲੋਂ ਗੀਤ, ਕਵਿਤਾ, ਗਿੱਧਾ, ਭੰਗੜਾ, ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਬੁੱਧੀਜੀਵੀ ਬੁਲਾਰਿਆਂ ਵਲੋਂ ਜਾਣਕਾਰੀ ਭਰਪੂਰ ਤਕਰੀਰਾਂ ਕੀਤੀਆਂ ਜਾਣਗੀਆਂ। ਸਮੂਹ ਪ੍ਰਬੰਧ ਕਮੇਟੀ ਵਲੋਂ ਸੈਂਟਰਲ ਵੈਲੀ ਦੀਆਂ ਸਮੂਹ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਮੇਲੇ ਵਿਚ ਪੁੱਜਣ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਵਿੱਦਿਆ ਵਿਚ ਚੰਗੇ ਨੰਬਰਾਂ ਤੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

**ਵਧੇਰੇ ਜਾਣਕਾਰੀ ਲਈ 559-287-0822 ਤੇ ਕਾਲ ਕੀਤੀ ਜਾ ਸਕਦੀ ਹੈ।**

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS
CALIFORNIA
IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਕੋਬੀ ਬਰਾਇੰਟ ਅਤੇ ਬੇਟੀ ਦੀ ਯਾਦ ਵਿੱਚ ਸੁਖਮਨੀ ਸਹਿਬ ਦਾ ਪਾਠ ਅੱਠ ਫ਼ਰਵਰੀ ਨੂੰ




**ਫਰਿਜ਼ਨੋ/ ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਬਾਸਕਟਬਾਲ ਦੇ ਉੱਘੇ ਖਿਡਾਰੀ ਕੋਬੀ ਬਰਾਇੰਟ ਅਤੇ ਬੇਟੀ ਗੀਆਨਾ ਅਤੇ ਸੱਤ ਹੋਰ ਸਾਥੀਆਂ ਦੀ ਪਿਛਲੇ ਦਿਨੀਂ ਇੱਕ ਹੈਲੀਕਾਪਟਰ ਹਾਦਸੇ ਦੌਰਾਨ ਕੈਲੇਫੋਰਨੀਆਂ ਦੇ ਸ਼ਹਿਰ ਕਾਲਾਬਾਸ ਦੀਆਂ ਪਹਾੜੀਆਂ ਵਿੱਚ ਮੌਤ ਹੋ ਗਈ ਸੀ। ਇਸ ਖ਼ਬਰ ਕਾਰਨ ਦੁਨੀਆਂ ਭਰ ਦੇ ਖੇਡ ਪ੍ਰੇਮੀਆਂ ਨੂੰ ਗਹਿਰਾ ਸਦਮਾ ਲੱਗਾ। ਵੱਖੋ ਵੱਖ ਧਰਮਾਂ ਦੇ ਲੋਕਾਂ ਨੇ ਆਪੋ ਆਪਣੇ ਤਰੀਕੇ ਨਾਲ ਕੋਬੀ ਬਰਾਇੰਟ ਅਤੇ ਸਾਥੀਆਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਬੇਨਤੀਆਂ ਕੀਤੀਆਂ। ਇਸੇ ਕੜੀ ਤਹਿਤ ਫਰਿਜ਼ਨੋ ਦੇ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ ਮਿੱਤੀ ਅੱਠ ਫ਼ਰਵਰੀ ਦਿਨ ਸ਼ਨੀਵਾਰ ਨੂੰ ਦੁਪਿਹਰ 2-4 ਵਜੇ ਦਰਮਿਆਨ ਕੋਬੀ ਬਰਾਇੰਟ ਅਤੇ ਹਾਦਸੇ ਵਿੱਚ ਮਾਰੇ ਗਏ ਸਮੂਹ ਸਾਥੀਆਂ ਦੀ ਯਾਦ ਵਿੱਚ ਸੁਖਮਨੀ ਸਹਿਬ ਦਾ ਪਾਠ ਅਤੇ



ਅਰਦਾਸ ਹੋਵੇਗੀ। ਗੁਰੂਘਰ ਦੇ ਸੇਵਾਦਾਰ ਭਾਈ ਹਰਭਜਨ ਸਿੰਘ ਅਤੇ ਦਾਰਾ ਸਿੰਘ ਨੇ ਦੱਸਿਆ ਕਿ ਇਸ ਮੌਕੇ ਬਹੁਤ ਸਾਰੇ ਸ਼ਹਿਰ ਦੇ ਪਤਵੰਤੇ ਕੋਬੀ ਅਤੇ ਸਾਥੀਆਂ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਹਨ। ਉਹਨਾਂ ਸਮੂਹ ਪੰਜਾਬੀ ਭਾਈਚਾਰੇ ਨੂੰ ਇਸ ਸਮੇਂ ਅਰਦਾਸ ਵਿੱਚ ਸ਼ਾਮਲ ਹੋਣ ਦੀ ਪੁਰ-ਜ਼ੋਰ ਬੇਨਤੀ ਕੀਤੀ।

# ਭਾਈ ਪਰਮਜੀਤ ਸਿੰਘ ਭਿਉਰਾ ਦੇ ਮਾਤਾ ਜੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ:- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ

**ਸੰਗਰੂਰ/ਏ.ਟੀ.ਨਿਊਜ਼ :** ਹਥਿਆਰਬੰਦ ਸਿੱਖ ਸੰਘਰਸ਼ ਦੇ ਜੁਝਾਰੂ ਭਾਈ ਪਰਮਜੀਤ ਸਿੰਘ ਭਿਉਰਾ ਦੇ ਮਾਤਾ, ਮਾਤਾ ਪ੍ਰੀਤਮ ਕੌਰ ਜੀ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਸਮੁੱਚੀ ਇਕਾਈ ਮਾਤਾ ਜੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ।

ਮਾਤਾ ਜੀ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ, ਵਾਰ-ਵਾਰ ਅਦਾਲਤਾਂ ਵਿੱਚ ਪਟੀਸ਼ਨਾਂ ਪਾਉਣ ਦੇ ਬਾਵਜੂਦ ਵੀ ਭਾਈ ਭਿਉਰਾ ਨੂੰ ਜੇਲ ਤੇ ਲਿਆ ਕੇ ਮਾਤਾ ਜੀ ਨਾਲ ਨਾ ਮਿਲਣ ਦਿੱਤਾ ਗਿਆ, ਸਗੋਂ ਹਰ ਵਾਰ ਅਦਾਲਤਾਂ ਮਜ਼ਾਕ ਕਰਦੀਆਂ ਕਿ ਤੁਸੀਂ ਮਾਤਾ ਜੀ ਨੂੰ ਹੀ ਤਿਹਾੜ ਜੇਲ ਲੈ ਜਾਉ

ਭਾਈ ਪਰਮਜੀਤ ਸਿੰਘ ਭਿਉਰਾ ਉਹ ਸੰਘਰਸ਼ੀ ਯੋਧੇ ਹਨ ਜਿਨਾਂ ਨੇ ਪੰਜਾਬ ਵਿੱਚ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡਣ ਵਾਲੇ ਪੰਜਾਬ ਦਾ ਕਾਤਲ ਮੁੱਖ ਮੰਤਰੀ ਬੇਅੰਤ ਸਿਉਂ ਨੂੰ ਕਤਲ ਕੀਤਾ ਸੀ।

ਅਸੀਂ ਜਿਥੇ ਮਾਤਾ ਪ੍ਰੀਤਮ ਕੌਰ ਜੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਉਥੇ ਉਨਾਂ ਦੇ ਚਰਨਾਂ ਵਿੱਚ ਨਤਮਸਤਕ ਵੀ ਹੁੰਦੇ ਹਾਂ ਜਿਨਾਂ ਨੇ ਭਾਈ ਪਰਮਜੀਤ ਸਿੰਘ ਭਿਉਰਾ ਜਿਹੇ ਸੂਰਮੇ ਯੋਧੇ ਨੂੰ ਪੈਦਾ ਕੀਤਾ, ਜਿਨਾਂ ਨੇ ਪੰਜਾਬ ਵੀ ਚੱਲ ਰਹੀ ਸਿੱਖ ਕੌਮ ਦੀ ਨਸਲਕੁਸ਼ੀ ਦੀ ਅੱਗ ਨੂੰ ਠੱਲਿਆ।



ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ, ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ, ਸ. ਜੀਤ ਸਿੰਘ ਆਲੋਅਰਖ ਕੌਮੀ ਜਰਨਲ ਸਕੱਤਰ, ਸ. ਰੁਪਿੰਦਰ ਸਿੰਘ ਬਾਠ ਸਕੱਤਰ ਜਰਨਲ ਅਤੇ ਸ. ਮੱਖਣ ਸਿੰਘ ਕਲੇਰ ਨੇ ਪ੍ਰੈਸ ਬਿਆਨ ਜਾਰੀ ਕਰ ਕੇ ਕੀਤਾ।

# ਨਸ਼ਾ ਬੰਦ ਕਰੋ ਜਾਂ ਥਾਣਾ; ਨਿਹੰਗ ਸਿੰਘਾਂ ਨੇ ਥਾਣੇ ਵਿਚ ਤਲਵਾਰਾਂ ਲਹਿਰਾ ਕੇ ਪੁਲੀਸ ਦਾ ਕੱਢਿਆ ਜਲੂਸ

**ਮੋਗਾ/ਏ.ਟੀ.ਨਿਊਜ਼:** ਇੱਥੇ ਥਾਣਾ ਸਿਟੀ ਦੱਖਣੀ ਅੰਦਰ ਨਿਹੰਗ ਸਿੰਘਾਂ ਵੱਲੋਂ ਨੰਗੀਆਂ ਤਲਵਾਰਾਂ ਲਹਿਰਾ ਕੇ ਪੁਲੀਸ ਖ਼ਿਲਾਫ਼ ਨਾਅਰੇਬਾਜ਼ੀ ਕਰਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਨਿਹੰਗਾਂ ਸਿੰਘਾਂ ਵੱਲੋਂ ਥਾਣੇ ਅੰਦਰ ਹੰਗਾਮੇ ਤੋਂ ਡਰੇ ਪੁਲੀਸ ਮੁਲਾਜ਼ਮ ਕਮਰਿਆਂ ਵਿਚੋਂ ਬਾਹਰ ਨਹੀਂ ਨਿਕਲੇ। ਨਿਹੰਗਾਂ ਦਾ ਦੋਸ਼ ਹੈ ਉਨ੍ਹਾਂ ਵੱਲੋਂ ਕਥਿਤ ਨਸ਼ਾ ਤਸਕਰ ਫੜਾਏ ਸਨ ਪਰ ਪੁਲੀਸ ਮੁਲਾਜ਼ਮਾਂ ਨੇ ਕਥਿਤ ਲੈਣ ਦੇਣ ਕਰ ਕੇ ਉਨ੍ਹਾਂ ਨੂੰ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਇਲਾਕੇ ਵਿੱਚ ਨਸ਼ਾ ਬੰਦ ਹੋਵੇਗਾ ਜਾਂ ਥਾਣਾ ਬੰਦ ਕਰਵਾ ਦਿੱਤਾ ਜਾਵੇਗਾ। ਦੂਜੇ ਪਾਸੇ ਥਾਣਾ ਸਿਟੀ ਦੱਖਣੀ ਮੁਖੀ ਕਰਮਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ



ਦੀ ਦੋ ਦਿਨ ਪਹਿਲਾਂ ਹੀ ਬਤੌਰ ਐੱਸਐੱਚਓ ਤਾਇਨਾਤੀ ਹੋਈ ਹੈ। ਇਹ ਮਾਮਲਾ ਉਨ੍ਹਾਂ ਤੋਂ ਪਹਿਲਾਂ ਦਾ ਹੈ। ਉਨ੍ਹਾਂ ਕਿਹਾ ਕਿ ਵੀਡੀਓ ਵਾਇਰਲ ਹੋਣ ਮਗਰੋਂ ਪੁਲੀਸ ਅਧਿਕਾਰੀਆਂ ਦੇ ਹੁਕਮਾਂ ਉੱਤੇ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ ਪਰ ਉਨ੍ਹਾਂ ਕੋਲੋਂ ਕੁਝ ਵੀ ਬਰਾਮਦ ਨਹੀਂ ਹੋਇਆ। ਦੂਸਰੇ ਪਾਸੇ ਨਿਹੰਗ ਸਿੰਘਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨਸ਼ਾ ਵੇਚਣ ਵਾਲਿਆਂ ਨੂੰ ਫੜ ਕੇ ਪੁਲੀਸ ਦੇ ਹਵਾਲੇ ਕੀਤਾ ਸੀ ਪਰ ਪੁਲੀਸ ਨੇ ਉਨ੍ਹਾਂ ਨੂੰ ਕਥਿਤ ਪੈਸੇ ਲੈ ਕੇ ਛੱਡ ਦਿੱਤਾ ਅਤੇ ਅਜਿਹਾ ਪਹਿਲੀ ਵਾਰ ਨਹੀਂ ਸਗੋਂ ਕਈ ਵਾਰ ਹੋ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਥਿਤ ਸਿਆਸੀ ਪੁਸ਼ਤਪਨਾਹੀ ਅਤੇ ਪੁਲੀਸ ਦੀ ਕਥਿਤ ਮਿਲੀਭੁਗਤ ਨਾਲ ਨਸ਼ਾ ਵਿਕ ਰਿਹਾ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਤੁਰ ਗਿਆ ਰੁੜ ਚੱਲੇ ਪੰਜਾਬ ਦਾ ਦਰਦ ਸੀਨੇ ਚ ਲੈ ਕੇ ਪੰਜਾਬੀਆਂ ਦਾ ਲੇਖਕ ਜਸਵੰਤ ਸਿੰਘ ਕੰਵਲ

**ਬਾਰਾਗੜੀ/ਬਘੇਲ ਸਿੰਘ ਧਾਲੀਵਾਲ:** ਪੰਜਾਬੀ ਸਾਹਿਤ ਜਗਤ ਦੇ ਉਹ ਹਸਤਾਖਰ ਜਿਸਦੀ ਲੇਖਣੀ ਪਾਠਕਾਂ ਨੂੰ ਮੋਹ ਲੈਂਦੀ ਅਤੇ ਸਮੇਂ ਦੀਆਂ ਹਕੂਮਤਾਂ ਨੂੰ ਕੰਬਣੀ ਛੇੜ ਦਿੰਦੀ। ਜਿਸ ਦੀਆਂ ਪੁਸਤਕਾਂ ਭਾਵੇਂ ਉਹ ਨਾਵਲ ਹੋਣ, ਕਹਾਣੀਆ, ਕਵਿਤਾਵਾਂ ਜਾਂ ਵਾਰਤਕ ਦੀਆਂ ਹੋਣ ਹੱਥੋ ਹੱਥੀ ਵਿਕਦੀਆਂ ਰਹੀਆਂ, ਭਾਵ ਇੱਕ ਸਦੀ ਤੋਂ ਵੱਡੀ ਉਮਰ ਦਾ ਲੇਖਕ ਬਾਬਾ, ਸਾਹਿਤ ਦਾ ਸਦੀ ਪੁਰਾਣਾ ਬੋਹੜ ਜਸਵੰਤ ਸਿੰਘ ਕੰਵਲ ਪੰਜਾਬ ਦਾ ਦਰਦ ਸੀਨੇ ਵਿਚ ਲੈ ਕੇ ਅਨੰਤ ਦੀ ਗੋਦ ਵਿਚ ਸਮਾਅ ਗਿਆ ਹੈ। ਜਸਵੰਤ ਸਿੰਘ ਕੰਵਲ ਦਾ ਜਨਮ 27 ਜੂਨ 1919 ਨੂੰ ਹੋਇਆ। ਜਸਵੰਤ ਸਿੰਘ ਨੇ ਆਪਣੀ ਜ਼ਿੰਦਗੀ ਦੇ 80 ਸਾਲ ਸਾਹਿਤ ਦੇ ਲੇਖੇ ਲਗਾਏ। ਜਸਵੰਤ ਸਿੰਘ ਕੰਵਲ ਨੇ ਜੋ ਵੀ ਲਿਖਿਆ ਉਹ ਪੰਜਾਬੀਆਂ ਦੀ ਰੂਹ ਦੀ ਖੁਰਾਕ ਬਣ ਗਿਆ। ਉਹਦੀਆਂ ਪੁਸਤਕਾਂ ਵਿੱਚ ਰਚੇ ਗਏ ਸੰਵਾਦ ਦੌਰਾਨ ਸਹਿਜ ਸੁਭਾਅ ਕਹੀਆਂ ਗੱਲਾਂ ਮੁਹਾਵਰੇ ਬਣ ਗਏ। 1919 ਚ ਜਨਮੇ ਕੰਵਲ ਨੇ 1944 ਵਿੱਚ ਆਪਣੇ ਲਿਖਣ ਦਾ ਸਫਰ ਸੱਚ ਨੂੰ ਫਾਂਸੀ ਤੋਂ ਸ਼ੁਰੂ ਕਰਕੇ ਧੁਰ ਦਰਗਾਹ (2017) ਤੱਕ ਜਾਰੀ ਰੱਖਿਆ। ਇਹ ਇਤਫਾਕ ਹੈ ਜਾਂ ਉਹਨਾਂ ਦਾ ਨਿਸ਼ਾਨਾਂ ਕਿ 101 ਸਾਲਾ ਕੰਵਲ ਨੇ ਪੁਸਤਕਾਂ ਵੀ 101 ਹੀ ਲਿਖੀਆਂ, ਜਿੰਨਾਂ ਵਿਚ ਕੁੱਝ ਅਨੁਵਾਦਿਤ ਪੁਸਤਕਾਂ ਵੀ ਸ਼ਾਮਿਲ ਹਨ। ਖੱਬੇ ਪੱਖੀ ਲਹਿਰ ਵਿਚੋਂ ਉੱਭਰੇ ਕੰਵਲ ਨੇ ਜਦੋਂ ਦੇਖਿਆ ਕਿ ਖੱਬੇ ਪੱਖੀਆਂ ਦੀ ਲਾਇਨ ਲੋਕ ਪੱਖੀ ਨਹੀਂ ਰਹੀ ਤਾਂ ਉਹਨਾਂ ਵੀ ਆਪਣੇ ਪੈਂਤੜਾ ਬਦਲ ਕੇ ਆਪਣਾ ਰੁੱਖ ਸਿੱਖ ਕੌਮ ਵੱਲ ਕਰ ਲਿਆ। ਕੰਵਲ ਨੇ 101 ਪੁਸਤਕਾਂ ਵਿਚੋਂ ਪਿਛਲੀਆਂ ਕੋਈ 20 ਦੇ ਕਰੀਬ ਲਿਖੀਆਂ ਪੁਸਤਕਾਂ ਸਿੱਖ ਲਹਿਰ ਅਤੇ ਪੰਜਾਬ ਨੂੰ ਸਮਰਪਿਤ ਹੋ ਕੇ ਲਿਖੀਆਂ। ਉਨਾਂ ਸਾਂਝੇ ਪੰਜਾਬ ਮੌਕੇ 1940 ਤੋਂ ਹੁਣ ਤੱਕ ਨਾਵਲ 'ਸੱਚ ਨੂੰ ਫਾਂਸੀ', 'ਪੂਰਨਮਾਸ਼ੀ', 'ਪਾਲੀ', 'ਰਾਤ ਬਾਕੀ ਹੈ', 'ਮਿੱਤਰ ਪਿਆਰੇ ਨੂੰ', 'ਹਾਣੀ', 'ਬਰਫ਼ ਦੀ ਅੱਗ', 'ਲਹੂ ਦੀ ਲੋਹ', 'ਐਨਿਆਂ 'ਚੋਂ ਉਠੋ ਸੂਰਮਾ', 'ਜ਼ਿੰਦਗੀ ਦੂਰ ਨਹੀਂ' ਸਮੇਤ ਹੋਰ ਵੀ ਚਰਚਿਤ ਰਚਨਾਵਾਂ ਰਚੀਆਂ। ਜਸਵੰਤ ਸਿੰਘ ਨੂੰ ਸਰਵਸ੍ਰੇਸ਼ਟ ਸਾਹਿਤਕਾਰ, ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਰਤਨ, ਸ਼੍ਰੋਮਣੀ ਪੰਜਾਬੀ ਲੇਖਕ ਆਦਿ ਪੁਰਸਕਾਰਾਂ ਨਾਲ ਨਵਾਜਿਆ ਗਿਆ ਅਤੇ ਜਸਵੰਤ ਸਿੰਘ ਕੰਵਲ ਢੁੱਡੀਕੇ ਪਿੰਡ ਦੇ ਸਰਪੰਚ ਵੀ ਰਹੇ।

ਜਸਵੰਤ ਸਿੰਘ ਕੰਵਲ ਅਖੀਰ ਤੱਕ ਪੰਜਾਬ ਦਾ ਫਿਕਰਮੰਦ ਰਿਹਾ, ਇਹ ਪੰਜਾਬ ਦਾ ਪਹਿਲਾਂ ਲੇਖਕ ਹੈ ਜਿਹੜਾ ਆਪਣੇ ਲੋਕਾਂ, ਆਪਣੇ ਖਿੱਤੇ ਅਤੇ ਕੌਮੀ ਆਜਾਦੀ ਲਈ ਤੜਫਦਾ ਰਿਹਾ। ਉਹ ਕਿਹੜੀ ਸਟੇਜ ਹੈ ਜਿਸ ਤੇ ਕੰਵਲ ਨੂੰ ਬੁਲਾਇਆ ਗਿਆ ਹੋਵੇ ਤੇ ਉਹਨਾਂ ਨੇ ਰੁੜ ਚੱਲੇ ਪੰਜਾਬ ਦਾ ਦੁੱਖ ਨਾ ਰੋਇਆ ਹੋਵੇ। ਕੰਵਲ ਨੇ ਭਾਰਤੀ ਸਿਸਟਮ ਤੇ ਬ੍ਰਾਹਮਣਵਾਦ ਦੀ ਮਜਬੂਤ ਪਕੜ ਸੰਬੰਧੀ ਬੜੀ ਬੇਬਾਕੀ ਨਾਲ ਲਿਖਿਆ। ਉਹਨਾਂ ਬਕਾਇਦਾ ਤੌਰ ਤੇ ਸਿੱਧ ਕੀਤਾ ਕਿ ਭਾਰਤੀ ਦੀ ਕੋਈ ਵੀ ਰਾਜਨੀਤਕ ਪਾਰਟੀ ਅਜਿਹੀ ਨਹੀਂ ਜਿਸ ਤੇ ਬ੍ਰਾਹਮਣ ਕਾਬਜ ਨਾ ਹੋਣ। ਡੇਰਾਵਾਦ ਦੇ ਖਿਲਾਫ ਵੀ ਲਿਖਿਆ,ਇਸ ਤੋਂ ਇਲਾਵਾ ਉਹਨਾਂ ਪੰਜਾਬ ਅੰਦਰ ਸਿੱਖ ਖਾੜਕੂ ਲਹਿਰ ਦੌਰਾਨ ਸਿੱਖ ਜੁਝਾਰੂਆਂ ਨੂੰ ਸੇਧ ਦਿੰਦੇ ਲੇਖ ਵੀ ਲਿਖੇ,



ਜਿਹੜੇ ਸਾਂਭਣਯੋਗ ਦਸਤਾਵੇਜ਼ ਬਣ ਗਏ। ਪੰਜਾਬ ਦੀ ਇਹ ਤਰਾਸਦੀ ਹੈ ਕਿ ਪੰਜਾਬ ਦੀ ਕੋਈ ਵੀ ਧਾਰਮਿਕ ਸੰਸਥਾ ਭਾਵੇ ਉਹ ਸ਼੍ਰੋਮਣੀ ਕਮੇਟੀ ਹੋਵੇ, ਦਮਦਮੀ ਟਕਸਾਲ ਹੋਵੇ, ਸਿੱਖ ਪ੍ਰਚਾਰਕ ਹੋਣ ਜਾਂ ਵੱਡੇ ਲੇਖਕ ਹੋਣ ਭਾਰਤੀ ਏਜੰਸੀਆਂ ਨੇ ਇਹਨਾਂ ਸਭਨਾਂ ਨੂੰ ਆਪਣੇ ਰਾਹ ਤੋਂ ਕੁਰਾਹੇ ਕਰਨ ਲਈ ਹਰ ਹਰਬਾ ਵਰਤਿਆ ਹੈ। ਇਸੇ ਤਰਾਂ ਹੀ ਜਸਵੰਤ ਸਿੰਘ ਕੰਵਲ ਨਾਲ ਵੀ ਉਹਨਾਂ ਦੇ ਅਖੀਰਲੇ ਦਿਨਾਂ ਵਿੱਚ ਕੁੱਝ ਅਜਿਹਾ ਹੀ ਵਾਪਰਿਆ ਹੈ। ਭਾਵੇ ਕੰਵਲ ਮਰਨ ਤੱਕ ਵੀ ਆਪਣੀ ਪੰਜਾਬ ਪੱਖੀ ਸੋਚ ਤੋਂ ਨਹੀਂ ਥਿੜਕਿਆ ਅਤੇ ਜਦੋਂ ਤੱਕ ਉਹ ਦੇ ਹੋਸ ਹਵਾਸ ਕਾਇਮ ਰਹੇ ਉਹ ਕੂਕ ਕੂਕ ਕੇ ਪੰਜਾਬ ਦਾ ਦਰਦ ਬਿਆਨ ਦਾ ਰਿਹਾ। ਪ੍ਰੰਤੂ ਪੰਜਾਬ ਵਿਰੋਧੀ ਸੋਚ ਰੱਖਣ ਵਾਲਿਆਂ ਵੱਲੋਂ ਪਿਛਲੇ ਸਾਲ ਉਹਨਾਂ ਦੇ ਕਾਮਰੇਡ ਭਾਣਜੇ ਸੁਮੇਲ ਸਿੰਘ ਸਿੱਧੂ ਰਾਹੀਂ ਜਦੋਂ ਉਹਨਾਂ ਦੀ ਜਨਮ ਸਤਾਬਦੀ ਮਨਾਈ ਗਈ ਤਾਂ ਭਾਰਤੀ ਸਿਸਟਮ ਪੱਖੀ ਕਾਮਰੇਡਾਂ ਨੇ ਕੰਵਲ ਨੂੰ ਮੁੜ ਖੱਬੇ ਪੱਖੀ ਕਤਾਰ ਵਿੱਚ ਖੜੇ ਕਰਨ ਦਾ ਸਿਰ ਤੋੜ ਝੂਠ ਮੂਠ ਯਤਨ ਕੀਤਾ। ਉਹਨਾਂ ਦੀ ਇਹ ਕੋਸ਼ਿਸ਼ ਕੰਵਲ ਦੀ ਪੰਜਾਬ ਪ੍ਰਸਤ ਅਕਸ ਨੂੰ ਵਿਗਾੜ ਕੇ ਉਹਨਾਂ ਨੂੰ ਖੱਬੇ ਪੱਖੀ ਲੇਖਕਾਂ ਦੀ ਕਤਾਰ ਵਿੱਚ ਖੜੇ ਕਰਨ ਦੀ ਇੱਕ ਸਾਜਿਸ਼ ਸੀ ਤਾਂ ਕਿ ਭਵਿੱਖ ਵਿੱਚ ਉਹਨਾਂ ਦੀ ਮੌਤ ਤੋਂ ਬਾਅਦ ਪੰਜਾਬ ਦਾ ਦਰਦ ਬਿਆਨ ਦੀਆਂ ਉਹਨਾਂ ਦੀਆਂ ਲਿਖਤਾਂ ਨੂੰ ਤੋੜ ਮਰੋੜ ਕੇ ਰਾਸ਼ਟਰਵਾਦ ਦੇ ਸਾਂਚੇ ਵਿਚ ਢਾਲਣ ਦਾ ਰਾਹ ਪੱਧਰਾ ਕੀਤਾ ਜਾ ਸਕੇ। ਸਿਸਟਮ ਪੱਖੀ ਕਾਮਰੇਡਾਂ ਦੀ ਇਹ ਅਸਫਲ ਕੋਸ਼ਿਸ਼ ਕਹੀ ਜਾ ਸਕਦੀ ਹੈ, ਕਿਉਂਕਿ ਜਸਵੰਤ ਸਿੰਘ ਕੰਵਲ ਤਾਂ ਮਰਨ ਤੱਕ ਪੰਜਾਬ ਨੂੰ ਬਚਾਉਣ ਦੀ ਦੁਹਾਈ ਹੀ ਦਿੰਦਾ ਰਿਹਾ ਹੈ। ਪੰਜਾਬ ਵਿਰੋਧੀਆਂ ਦੇ ਯਤਨਾਂ ਨੂੰ ਨਕਾਰਦਾ ਉਹ ਪੰਜਾਬੀ ਸਾਹਿਤ ਦਾ ਬਾਬਾ ਬੋਹੜ, ਪੰਜਾਬ ਦਰਦੀ ਅਤੇ ਪੰਜਾਬੀ ਗੈਰਤ ਦਾ ਪ੍ਰਤੀਕ ਬਾਬਾ ਜਸਵੰਤ ਸਿੰਘ ਕੰਵਲ ਪੰਜਾਬ ਦੀ ਫਿਕਰਮੰਦੀ ਤੋ ਮੁਕਤ ਹੋਕੇ ਹਮੇਸਾਂ ਲਈ ਅਨੰਤ ਦੀ ਉਸ ਨਿੱਘੀ ਗੋਦ ਵਿੱਚ ਸਮਾਅ ਗਿਆ, ਜਿੱਥੋ ਮੁੜ ਕੇ ਕਦੇ ਵੀ ਕੋਈ ਵਾਪਸ ਨਹੀ ਆਉਂਦਾ, ਸਾਡੇ ਕੋਲ ਇੱਥੋਂ ਜਾਣ ਵਾਲੇ ਦੀ ਜਿੰਦਗੀ ਦੇ ਚੰਗੇ ਮੰਦੇ ਕੰਮਾਂ ਦਾ ਲੇਖਾ ਜੋਖਾ ਕਰਨ ਤੋ ਬਿਨਾ ਹੋਰ ਕੁਝ ਵੀ ਬਾਕੀ ਨਹੀ ਹੁੰਦਾ, ਸੋ ਜਸਵੰਤ ਸਿੰਘ ਕੰਵਲ ਦੀ ਜਿੰਦਗੀ ਦਾ ਲੇਖਾ ਜੋਖਾ ਕਰਨਾ ਹਾਰੀ ਸਾਰੀ ਦੇ ਵਸ ਦਾ ਕੰਮ ਨਹੀ, ਫਿਰ ਵੀ ਸੰਖੇਪ ਵਿੱਚ ਜਿੰਨਾ ਕੁ ਉਹਨਾਂ ਬਾਰੇ ਲਿਖਿਆ ਜਾ ਸਕਦਾ ਹੈ,ਉਹ ਇਹ ਹੀ ਹੈ ਕਿ ਪੰਜਾਬ ਨੂੰ ਬਚਾਉਣ ਲਈ ਕੰਵਲ ਵੱਲੋਂ ਦਿੱਤੇ ਹੋਕੇ ਨੇ ਪੰਜਾਬ ਦੀ ਗੈਰਤ ਨੂੰ ਟੁੰਬਿਆ ਹੈ,ਪੰਜਾਬ ਦਾ ਦਰਦ ਕੰਵਲ ਤੋ ਵੱਧ ਕੇ ਕਿਸੇ ਵੀ ਸਮਕਾਲੀ ਲੇਖਕ ਦੇ ਹਿੱਸੇ ਨਹੀ ਆਇਆ। ਕੰਵਲ ਇੱਕੋ ਇੱਕੋ ਅਜਿਹਾ ਲੇਖਕ ਹੋ ਨਿਬੜਿਆ ਹੈ, ਜਿਸ ਨੂੰ "ਸੱਚ ਨੂੰ ਫਾਂਸੀ" ਤੋ "ਪੰਜਾਬ ਦਾ ਹੱਕ ਸੱਚ" ਤੱਕ ਪੰਜਾਬੀਆਂ ਨੇ ਰੱਜਵਾਂ ਪਿਆਰ ਦਿੱਤਾ ਤੇ ਨਿੱਠ ਕੇ ਪੜਿਆ ਹੈ। ਉਹ ਸਭ ਤੋ ਵੱਧ ਪੜਿਆ ਜਾਣ ਵਾਲਾ ਪੰਜਾਬੀ ਦਾ ਇੱਕੋ ਇੱਕ ਲੇਖਕ ਹੈ ਉਹ ਇੱਕੋ ਇੱਕ ਅਜਿਹਾ ਲੇਖਕ ਹੈ ਜਿਹੜਾ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਗਿਆਨ ਨਾਲੋ ਜ਼ਿੰਦਗੀ ਦੇ ਹੱਡ ਰਗੜਵੇਂ ਤਜਰਵੇ ਵਿਚੋਂ ਮਿਲੇ ਗਿਆਨ ਨੂੰ ਬਿਹਤਰ ਦੱਸ ਕੇ ਗਿਆ ਹੈ। ਕੰਵਲ ਦੀਆਂ ਲਿਖਤਾਂ ਜਿੱਥੇ ਪੰਜਾਬੀਆਂ ਲਈ ਹਮੇਸਾਂ ਰਾਹ ਦਿਸੇਰਾ ਰਹਿਣਗੀਆਂ, ਉਥੇ ਮੌਜੂਦਾ ਦੌਰ ਦੇ ਲੇਖਿਕਾਂ ਲਈ ਪਰੇਰਨਾ ਸਰੋਤ ਵੀ ਬਨਣਗੀਆਂ। ਅਕਾਲ ਪੁਰਖ ਉਸ ਮਹਾਨ ਆਤਮਾ ਨੂੰ ਆਪਣੇ ਚਰਨਾ ਵਿਚ ਨਿਵਾਸ ਦੇਵੇ।

## ਕੰਵਲ ਦੇ ਦੋਹਤਰੇ ਸੁਮੇਲ ਸਿੱਧੂ ਨੇ ਕੰਵਲ ਦੀ ਸਖਸ਼ੀਅਤ ਨਾਲ ਕੀਤਾ ਗੁਨਾਹ

**- ਪ੍ਰਭਸ਼ਰਨਦੀਪ ਸਿੰਘ (ਅਮਰੀਕਾ)**

ਸੁਮੇਲ ਸਿੰਘ ਸਿੱਧੂ ਨੇ ਦੋਹਤਾ ਹੋਣ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਬਜ਼ੁਰਗ ਦਾਨਿਸ਼ਵਰ ਸ੍ਰ. ਜਸਵੰਤ ਸਿੰਘ ਕੰਵਲ ਦੀ ਮ੍ਰਿਤਕ ਦੇਹ 'ਤੇ ਇੱਕ ਦੁਸ਼ਾਲਾ ਪਾ ਦਿੱਤਾ ਜਿਸ 'ਤੇ "ਸ਼ਾਹ ਰਾਂਝਾ" ਲਿਖਿਆ ਹੋਇਆ ਸੀ। ਪਾਠਕ ਸੋਚਦੇ ਹੋਣਗੇ ਕਿ ਇਸਦੀ ਕੀ ਤੁਕ ਬਣਦੀ ਹੈ। "ਸ਼ਾਹ ਰਾਂਝਾ" ਦੀ ਅਸਲ਼ ਵਿੱਚ ਕੋਈ ਤੁਕ ਨਹੀਂ ਬਣਦੀ, ਇਹ ਗ਼ਲਤ ਉਚਾਰਨ ਦੀ ਵਜਾ ਨਾਲ਼ ਹੋਂਦ ਵਿੱਚ ਆਇਆ ਹੈ। ਖਵਾਜਾ ਗ਼ੁਲਾਮ ਫਰੀਦ ਨੇ ਆਪਣੀ ਕਾਫੀ ਵਿੱਚ ਰੱਬ ਨੂੰ ਸ਼ਹੁ (ਪਿਆਰਾ) ਆਖਿਆ ਹੈ ਜੋ ਰਾਂਝੇ ਵਾਂਗ ਅਲਬੇਲਾ ਹੈ: ਸ਼ਹੁ ਰਾਂਝਾ ਅਲਬੇਲਾ। ਜੋਗੀ ਜਾਦੂਗਰ ਵੇ। ਪਾਕਿਸਤਾਨ ਦੇ ਬਹੁਤ ਸਾਰੇ ਗਾਇਕਾਂ ਨੇ ਇਹ ਕਾਫੀ ਗਾਈ ਹੈ। ਕਈ ਗਾਇਕਾਂ ਨੇ ਸ਼ਹੁ ਦਾ ਉਚਾਰਨ ਸਹੀ ਕੀਤਾ ਹੈ ਪਰ ਕਈਆਂ ਨੇ ਇਸ ਨੂੰ 'ਸ਼ਾਹ' ਉਚਾਰਿਆ ਹੈ। ਗਾਇਕਾਂ ਵਿੱਚੋਂ ਸ਼ਾਹਿਦਾ ਪਰਵੀਨ ਨੇ ਸ਼ਹੁ ਕਿਹਾ ਹੈ ਜਦੋਂ ਕਿ ਪਠਾਣੇ ਖਾਂ ਦਾ ਉਚਾਰਨ ਸ਼ਹੁ ਤੇ ਸ਼ਾਹ ਦੇ ਦਰਮਿਆਨ ਜਿਹਾ ਹੈ। ਮੇਰੇ ਕੋਲ਼ ਖਵਾਜਾ ਗ਼ੁਲਾਮ ਫਰੀਦ ਦੀਆਂ ਕਾਫੀਆਂ ਦੇ ਦੋ ਐਡੀਸ਼ਨ ਹਨ। ਪਹਿਲੇ ਐਡੀਸ਼ਨ ਦੇ ਸੰਗ੍ਰਹਿ ਕਰਤਾ ਡਾ. ਕਾਲ਼ਾ ਸਿੰਘ ਬੇਦੀ ਤੇ ਮੁੱਖ ਸੰਪਾਦਕ ਪ੍ਰੋ. ਗੁਲਵੰਤ ਸਿੰਘ ਹਨ ਅਤੇ ਦੂਜਾ ਪ੍ਰੋ. ਬਿਕਰਮ ਸਿੰਘ ਘੁੰਮਣ ਨੇ ਸੰਪਾਦਿਤ ਕੀਤਾ ਹੈ। ਇਹਨਾਂ ਦੋਹਾਂ ਐਡੀਸ਼ਨਾਂ ਵਿੱਚ ਸ਼ਹੁ ਹੀ ਲਿਖਿਆ ਹੈ, ਸ਼ਾਹ ਕਿਤੇ ਨਹੀਂ ਹੈ। ਮੈਂ ਇਸ ਕਾਫੀ ਦਾ ਫਾਰਸੀ ਲਿਪੀ ਵਾਲ਼ਾ ਰੂਪ ਵੀ ਵੇਖਿਆ ਹੈ (ਪਾਠਕਾਂ ਦੀ ਸਹੂਲਤ ਲਈ ਉਸ ਦੀ ਤਸਵੀਰ ਨਾਲ਼ ਛਾਪ ਰਿਹਾ ਹਾਂ), ਉਸ ਵਿੱਚ ਵੀ ਸ਼ੀਨ ਤੇ ਹੇ ਨਾਲ਼ ਸ਼ਹੁ ਹੀ ਲਿਖਿਆ ਹੈ; ਸ਼ੀਨ ਨਾਲ਼ ਅਲਿਫ ਨਹੀਂ ਲੱਗੀ ਜਿਸ ਕਰਕੇ ਇਸ ਨੂੰ ਸ਼ਾਹ ਲਿਖਿਆ ਜਾਂ ਬੋਲਿਆ ਨਹੀਂ ਜਾ ਸਕਦਾ। ਸੁਮੇਲ ਤੇ ਉਸ ਦੇ ਸਾਥੀਆਂ ਨੇ ਕਿਸੇ ਮਾੜੇ ਉਚਾਰਨ ਵਾਲ਼ੇ ਗਾਇਕ ਦੀ ਗ਼ਲਤੀ ਨੂੰ ਸਹੀ ਮੰਨ ਕੇ ਆਪਣਾ ਉੱਲੂ ਸਿੱਧਾ ਕਰ ਲਿਆ। ਜਸਵੰਤ ਸਿੰਘ ਕੰਵਲ ਇੱਕ ਗੰਭੀਰ ਦਾਨਿਸ਼ਵਰ ਤੇ ਪੰਜਾਬ ਦੇ ਦਰਦੀ ਸਨ। ਉਹਨਾਂ ਨਾਲ਼ ਸਹਿਮਤ ਜਾਂ ਅਸਹਿਮਤ ਹੋਇਆ ਜਾ ਸਕਦਾ ਹੈ, ਪਰ ਉਹ ਸਾਡੇ ਸਭਨਾਂ ਦੇ ਸਤਿਕਾਰ ਦੇ ਪਾਤਰ ਹਨ। ਉਹਨਾਂ ਦੀ ਅਰਥੀ ਨਾਲ਼ ਅਜਿਹਾ ਖਿਲਵਾੜ ਕਰਨਾ ਜਾਇਜ਼ ਨਹੀਂ। ਸੁਮੇਲ ਨੇ ਇਹ ਬਹੁਤ ਹੀ ਕੱਚੀ ਹਰਕਤ ਕੀਤੀ ਹੈ। ਹੀਰ ਵਾਰਿਸ ਨੂੰ ਲਿਬਰਲ-ਸੈਕੂਲਰ ਧਿਰਾਂ ਦਾ ਧਰਮ ਗ੍ਰੰਥ ਬਣਾਉਣਾ ਸੁਮੇਲ ਦਾ ਆਪਣਾ ਏਜੰਡਾ ਹੈ ਜੋ ਉਸ ਦੀ ਆਪਣੀ ਬਾਲਕ ਬੁੱਧੀ ਅਤੇ ਕੱਚੇ ਅਧਿਐਨ ਦੀ ਪੈਦਾਇਸ਼ ਹੈ। ਬਿਹਤਰ ਸੀ ਉਹ ਇਸ ਤਮਾਸ਼ੇ ਨੂੰ ਆਪਣੇ ਤੱਕ ਹੀ ਸੀਮਿਤ ਰੱਖਦਾ। ਆਪਣਾ ਏਜੰਡਾ ਜਸਵੰਤ ਸਿੰਘ ਕੰਵਲ ਦੀ ਮ੍ਰਿਤਕ ਦੇਹ ਦੇ ਗਲ਼ ਪਾਉਣ ਦਾ ਸੁਮੇਲ ਨੂੰ ਕੋਈ ਹੱਕ ਨਹੀਂ। ਚਾਹੀਦਾ ਇਹ ਸੀ ਕਿ ਕੰਵਲ ਤੋਂ ਪ੍ਰੇਰਨਾ ਲੈ ਕੇ ਸੁਮੇਲ ਬਚਕਾਨਾ ਹਰਕਤਾਂ ਤੋਂ ਉੱਤੇ ਉੱਠਦਾ; ਹੋਰ ਤਾਂ ਹੋਰ ਹੁਣ ਸੁਮੇਲ ਦੀ ਉਮਰ ਵੀ ਵਾਹਵਾ ਹੋ ਗਈ ਹੈ। ਪਰ ਆਪਣਾ ਬੇਹੂਦਾਪਣ ਛੱਡਣ ਦੀ ਬਜਾਏ ਸੁਮੇਲ ਨੇ ਇਹ ਕੰਵਲ ਸਾਹਿਬ ਦੀ ਅੰਤਮ ਯਾਤਰਾ ਸਮੇਂ ਉਹਨਾਂ ਦੇ ਗਲ਼ ਪਾ ਦਿੱਤਾ। ਸੁਮੇਲ ਨੂੰ ਇਸ ਹਰਕਤ 'ਤੇ ਸ਼ਰਮ ਆਉਣੀ ਚਾਹੀਦੀ ਹੈ ਤੇ ਉਸਨੂੰ ਜਸਵੰਤ ਸਿੰਘ ਕੰਵਲ ਦੇ ਪਰਿਵਾਰ ਅਤੇ ਸਮੂਹ ਕਦਰਦਾਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਪੰਜਾਬ ਵਿਚ ਇਕ ਵਾਰ ਫੇਰ ਪੜ੍ਹਨ ਦੀ ਹਵਾ ਘੁੰਮੇ

**- ਸੁਖਵਿੰਦਰ ਸਿੰਘ**

"ਕੁੱਝ ਘੰਟਿਆਂ ਦੇ ਫਰਕ ਨਾਲ ਪੰਜਾਬ ਦੀ ਧਰਤ ਤੋਂ ਪੰਜਾਬੀ ਦਾ ਇੱਕ ਪੁੱਤ ਤੇ ਪੰਜਾਬੀ ਦੀ ਇਕ ਧੀ ਧੁਰ ਦਰਗਾਹ ਰੁਖਸਤ ਕਰ ਗਏ। ਪਹਿਲਾਂ ਬੀਬੀ ਡਾ. ਦਲੀਪ ਕੌਰ ਟਿਵਾਣਾ ਗਈ ਮਗਰੇ ਮਗਰ ਬਾਪੂ ਜਸਵੰਤ ਸਿੰਘ ਕੰਵਲ ਤੁਰ ਗਏ। ਬੀਤੇ ਕੱਲ ਜਸਵੰਤ ਸਿੰਘ ਕੰਵਲ ਦੇ ਅਕਾਲ ਚਲਾਣੇ 'ਤੇ ਪੰਜਾਬੀ ਸਾਹਿਤ ਨਾਲ ਜੁੜੇ ਹਰ ਬਜ਼ੁਰਗ, ਨੌਜਵਾਨ ਨੇ ਸੋਗ ਕੀਤਾ। ਸ਼ਾਮੀਂ ਪੰਜਾਬ ਯੂਨੀਵਰਸਿਟੀ ਵਿਚ ਲੱਗੇ ਕਿਤਾਬ ਮੇਲੇ 'ਚ ਫਿਰਦਿਆਂ ਉੱਥੇ ਪਈਆਂ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ 'ਤੇ ਜਦੋਂ ਨਜ਼ਰ ਪਈ ਤਾਂ ਨੇੜੇ ਖੜੇ ਇਕ ਵਿਦਿਆਰਥੀ ਨੂੰ ਕਿਹਾ, "ਉਹ ਨਾ ਰਹਿ ਕੇ ਵੀ ਸਦਾ ਪੰਜਾਬ ਦੀ ਇਸ ਧਰਤ 'ਤੇ ਰਹੇਗਾ, ਇਹ ਲਿਖਤਾਂ ਉਸ ਨੂੰ ਜਿਉਂਦਾ ਰੱਖਣਗੀਆਂ।" ਅੱਜ ਜਦੋਂ ਪੰਜਾਬ ਦੀ ਜਵਾਨੀ ਪੜਨ ਦੀ ਆਦਤ ਤੋਂ ਕਿਨਾਰਾ ਕਰ ਰਹੀ ਹੈ ਤਾਂ ਬਾਪੂ ਕੰਵਲ ਅਤੇ ਬੀਬੀ ਟਿਵਾਣਾ ਦੀ ਅੰਤਿਮ ਅਰਦਾਸ 'ਤੇ ਇਹੋ ਦੁਆ ਕਰਨੀ ਚਾਹੀਦੀ ਹੈ ਕਿ ਪੰਜਾਬ ਵਿਚ ਇਕ ਵਾਰ ਫੇਰ ਪੜਨ ਦੀ ਹਵਾ ਘੁੰਮੇ ਤੇ ਪੰਜਾਬ ਦੇ ਰੁੱਖ ਕਲਮਾਂ ਬਣ ਕੇ ਪੰਜਾਬ ਦੀ ਧਰਤ ਰੂਪੀ ਕਿਤਾਬ 'ਤੇ ਵਹਿੰਦੇ ਸਾਹਿਤ ਦੇ ਦਰਿਆ ਵਿਚ ਆਪਣੀ ਪੀੜੀ ਦਾ ਹਿੱਸਾ ਪਾਉਣ।"

# ਡਾ: ਸੁਰਿੰਦਰ ਸਿੰਘ ਗਿੱਲ ਅਮਰੀਕਾ ਦੀਆਂ 50 ਉੱਘੀਆਂ ਸਿੱਖਾਂ ਸ਼ਖਸੀਅਤਾਂ 'ਚ ਸ਼ਾਮਲ

**ਵਾਸ਼ਿੰਗਟਨ ਡੀ. ਸੀ./ਰਾਜ ਗੋਗਨਾ:** ਅਮਰੀਕਾ ਵਿੱਚ ਸਿੱਖਾਂ ਦੀ ਪੂਰੀ ਧਾਂਕ ਹੈ। ਹਰ ਖੇਤਰ ਵਿੱਚ ਹੀ ਸਿੱਖਾਂ ਨੇ ਮਾਅਰਕੇ ਮਾਰੇ ਹਨ। ਸਿੱਖਾਂ ਦੇ ਕੰਮਾਂ ਦੀਆਂ ਸਿਫਤਾਂ ਅਮਰੀਕਾ ਵੀ ਕਰਦਾ ਹੈ ਤੇ ਮੰਨਦਾ ਵੀ ਹੈ ।ਸਿੱਖਾਂ ਨੇ ਆਪਣੇ ਕਾਰੋਬਾਰਾਂ ਨੂੰ ਆਪਣੇ ਦਮ ਤੇ ਖੜਾ ਕੀਤਾ ਹੈ। ਅਮਰੀਕਾ ਦੇ ਬਿਜ਼ਨਸ ਖੇਤਰ ਵਿੱਚ ਸਿੱਖਾਂ ਦਾ ਵੱਡਾ ਯੋਗਦਾਨ ਹੈ। ਸਿੱਖਾਂ ਦੇ ਦ੍ਰਿੜ ਇਰਾਦੇ ਤੇ ਮਿਹਨਤ ਦੀ ਹਰ ਪਾਸਿਉਂ ਸ਼ਲਾਘਾ ਹੁੰਦੀ ਹੈ। ਡਾ. ਪ੍ਰਭਲੀਨ ਸਿੰਘ ਜਿਨਾਂ ਨੇ ਭਾਰਤੀ ਉੱਘੇ ਸਿੱਖਾਂ 'ਤੇ ਪੁਸਤਕ ਲਿਖੀ ਸੀ ਜਿਸ ਨੂੰ ਭਾਰਤ ਦੇ ਉੱਪ ਰਾਸ਼ਟਰਪਤੀ ਨੇ ਜਾਰੀ ਕੀਤਾ ਸੀ। ਉਸੇ ਪੈਟਰਨ ਤੇ ਪ੍ਰਭਲੀਨ ਨੇ ਅਮਰੀਕਾ ਦੀਆਂ ਪੰਜਾਹ ਉੱਘੀਆਂ ਸ਼ਖਸੀਅਤਾਂ ਤੇ ਵੀ ਇੱਕ ਕਿਤਾਬ ਲਿਖੀ ਹੈ। ਜਿੱਥੇ ਪ੍ਰਭਲੀਨ ਸਿੰਘ ਨੇ ਹਰ ਖੇਤਰ ਨੂੰ ਕਵਰ ਕੀਤਾ ਹੈ। ਇਸਦੇ ਚੱਲਦਿਆਂ ਪੱਤਰਕਾਰੀ ਦੇ ਖੇਤਰ ਵਿੱਚ ਅਜਿਹੀ ਸ਼ਖਸੀਅਤ ਦੀ ਚੋਣ ਕੀਤੀ ਹੈ। ਜਿਸਨੇ ਕਦੇ ਆਪਣੇ ਪ੍ਰੋਫੈਸ਼ਨ ਨਾਲ ਸਮਝੌਤਾ ਨਹੀਂ ਕੀਤਾ ਹੈ। ਸਗੋਂ ਸੱਚ ਨੂੰ ਪ੍ਰਗਟ ਕਰਕੇ ਆਪਣਾ ਨਾਮ ਬਣਾਇਆ ਹੈ। ਏਥੇ ਹੀ ਬੱਸ ਨਹੀਂ ਉਨਾਂ ਦੀਆਂ ਮੁਫਤ ਸਿੱਖਿਆ ਦੇਣ ਤੇ ਪੰਜਾਬੀ ਸਿੱਖਿਆ ਦੀ ਮੁਹਾਰਤ ਨੂੰ ਵੀ ਅੰਕਿਤ ਕੀਤਾ ਗਿਆ ਹੈ। ਉਹ ਹਨ ਡਾ. ਸੁਰਿੰਦਰ ਸਿੰਘ ਗਿੱਲ ਜਿਨਾਂ ਨੇ ਕਰਤਾਰਪੁਰ ਕੋਰੀਡੋਰ ਸਬੰਧੀ ਵੀ ਅਹਿਮ ਭੂਮਿਕਾ ਨਿਭਾਈ ਹੈ। ਜਿਸ ਦਾ ਜ਼ਿਕਰ ਆਮ ਵੇਖਿਆ ਗਿਆ ਹੈ।

ਡਾ. ਸੁਰਿੰਦਰ ਸਿੰਘ ਗਿੱਲ ਅਮਰੀਕਾ ਦੀਆਂ ਪਹਿਲੀਆਂ ਪੰਜਾਹ ਉੱਘੀਆਂ ਸ਼ਖਸੀਅਤਾਂ ਵਿੱਚੋਂ ਇੱਕ ਹਨ। ਜਿਨਾਂ ਦਾ ਨਾਮ 'ਪ੍ਰੋਮੀਨੈਂਟ ਸਿੱਖਸ ਇਨ ਯੂਨਾਈਟਡ ਸਟੇਟਸ' ਕਿਤਾਬ ਵਿੱਚ ਦਰਜ ਹੋਇਆ ਹੈ।ਜੋ ਕੈਪੀਟਲ ਹਿਲ ਅਮਰੀਕਾ ਤੋਂ ਜਾਰੀ ਕੀਤੀ ਗਈ ਕਿਤਾਬ ਵਿੱਚ ਉਨਾਂ ਦਾ ਨਾਮ ਦਰਜ ਹੈ। ਉੱਥੇ




ਡਾ. ਗਿੱਲ ਨੂੰ ਬੁਲਾ ਕੇ ਸਨਮਾਨਿਤ ਕੀਤਾ ਗਿਆ। ਡਾ. ਸੁਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਇਹ ਕਿਤਾਬ ਨੌਜਵਾਨ ਪੀੜੀ ਲਈ ਪ੍ਰੇਰਨਾ ਸ੍ਰੋਤ ਹੈ। ਇਸ ਰਾਹੀਂ ਨੌਜਵਾਨ ਆਪਣਾ ਰਾਹ ਅਖਤਿਆਰ ਪੜ ਕੇ ਕਰ ਸਕਣਗੇ।

### ਸੱਜਣ ਮੈਂਡੇ ਰਾਂਗਲੇ...

# ਦੂਰ ਅੰਦੇਸ਼ ਅਤੇ ਮਿਲਣਸਾਰ ਇਨਸਾਨ ਸਨ ਜਗਰੂਪ ਸਿੰਘ ਧਾਲੀਵਾਲ

**ਸਮਾਲਸਰ/ਏ.ਟੀ.ਨਿਊਜ਼:** ਉੱਘੇ ਸਮਾਜ ਸੇਵੀ ਅਤੇ ਐਨ.ਆਰ.ਆਈ. ਜਗਰੂਪ ਸਿੰਘ ਧਾਲੀਵਾਲ ਦਾ ਪਿਛਲੇ ਮਹੀਨੇ ਉਨਾਂ ਦੇ ਜੱਦੀ ਪਿੰਡ ਕੋਠੇ ਹਵਾਨਾ ਵਿਚ ਦਿਹਾਂਤ ਹੋ ਗਿਆ ਸੀ। ਉਹ ਬਹੁਤ ਹੀ ਦੂਰ ਅੰਦੇਸ਼, ਰੰਗੀਲੇ, ਖੁਸ਼ਮਿਜਾਜ਼ ਅਤੇ ਮਿਲਣਸਾਰ ਇਨਸਾਨ ਸਨ।

ਜਗਰੂਪ ਸਿੰਘ ਧਾਲੀਵਾਲ ਦਾ ਜਨਮ ਪਿੰਡ ਕੋਠੇ ਹਵਾਨਾ ਨੇੜੇ ਢਿੱਲਵਾਂ ਕਲਾਂ (ਫਰੀਦਕੋਟ) ਵਿਖੇ ਮਾਤਾ ਆਸ ਕੌਰ ਦੀ ਕੁੱਖੋਂ ਪਿਤਾ ਬਚਨ ਸਿੰਘ ਧਾਲੀਵਾਲ ਦੇ ਗ੍ਰਿਹਿ ਵਿਖੇ 1940 ਵਿਚ ਹੋਇਆ। ਆਪ ਨੇ ਮੁਢਲੀ ਪੜਾਈ ਪਿੰਡ ਢਿਲਵਾਂ ਕਲਾਂ ਅਤੇ ਦਸਵੀਂ ਜਮਾਤ 1956 ਵਿਚ ਸਰਕਾਰੀ ਹਾਈ ਸਕੂਲ ਕੋਟਕਪੂਰਾ (ਫਰੀਦਕੋਟ) ਤੋਂ ਕੀਤੀ। ਸ਼ੁਰੂ ਵਿਚ ਆਪ ਨੇ ਆਪਣੇ ਪਿਤਾ ਅਤੇ ਭਰਾਵਾਂ ਨਾਲ ਮਿਲ ਕੇ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਅਪਣਾਉਂਦਿਆਂ ਭਰਪੂਰ ਮਿਹਨਤ ਕੀਤੀ। ਜਗਰੂਪ ਸਿੰਘ ਨੇ 1960 ਵਿਚ ਮਿਡਲ ਈਸਟ ਦਾ ਟੂਰ ਲਗਾਉਂਦਿਆਂ ਇਰਾਨ, ਇਰਾਕ, ਕੁਵੈਤ, ਆਦਿ ਹੋਰ ਦੇਸ਼ ਘੁੰਮੇ ਅਤੇ ਬਆਦ ’ਚ ਆਪ ਨੇ ਜਰਮਨੀ, ਇੰਗਲੈਂਡ, ਕੈਨੇਡਾ, ਅਮਰੀਕਾ ਦੀ ਯਾਤਰਾ ਵੀ ਕੀਤੀ। ਕਰੀਬ 1964-65 ਵਿਚ ਆਪ ਸਹਿਕਾਰੀ ਬੈਂਕ ਵਿਚ ਭਰਤੀ ਹੋਏ ਅਤੇ ਬੈਂਕ ਮੈਨੇਜਰ ਦੀ ਪੋਸਟ ’ਤੇ ਪਹੁੰਚੇ। ਆਪ ਦਾ ਵਿਆਹ ਪਿੰਡ ਪੰਜਗਰਾਈਂ ਕਲਾਂ (ਫਰੀਦਕੋਟ) ਦੇ ਨਾਮਵਰ ਜੌਹਲ ਪਰਿਵਾਰ ਦੀ ਬਲਵੀਰ ਕੌਰ ਨਾਲ ਹੋਇਆ। ਆਪ ਦੇ ਘਰ ਪੰਜ ਪੁੱਤਰੀਆਂ ਅਤੇ ਦੋ ਪੁੱਤਰਾਂ ਨੇ ਜਨਮ ਲਿਆ। ਆਪਣੀਆਂ ਪੰਜੇ ਲੜਕੀਆਂ ਨੂੰ ਅਤੇ ਦੋਹਾਂ ਪੁੱਤਰਾਂ ਨੂੰ ਅਮਰੀਕਾ ਵਿਚ ਸੈਟਲ ਕੀਤਾ। ਉਨਾਂ ਦੇ ਪੁੱਤਰਾਂ ਸਤਪਾਲ ਸਿੰਘ ਧਾਲੀਵਾਲ ਅਤੇ ਪ੍ਰਿਤਪਾਲ ਸਿੰਘ ਧਾਲੀਵਾਲ ਨੇ ਜ਼ਿੰਮਾ ਚੁੱਕਿਆ ਕਿ ਜਿਨਾਂ ਵਿਦਿਆਰਥੀਆਂ ਦੀਆਂ ਫੀਸਾਂ ਉਨਾਂ ਦੇ ਪਿਤਾ ਜਗਰੂਪ ਸਿੰਘ ਧਾਲੀਵਾਲ ਪਿਛਲੇ ਸਮੇਂ ਤੋਂ ਭਰਦੇ ਆ ਰਹੇ ਹਨ, ਹੁਣ ਉਨਾਂ ਦੀਆਂ ਫੀਸਾਂ ਉਹ ਆਪਣੇ ਕੋਲੋਂ ਭਰਨਗੇ। ਜਗਰੂਪ ਸਿੰਘ ਧਾਲੀਵਾਲ ਕਰੀਬ ਮਹੀਨੇ ਤੋਂ ਆਪਣੇ ਜੱਦੀ ਪਿੰਡ ਕੋਠੇ ਹਵਾਨਾ ਨੇੜੇ ਢਿਲਵਾਂ ਕਲਾਂ (ਫਰੀਦਕੋਟ) ਵਿਖੇ ਆਏ ਹੋਏ ਸਨ ਕਿ ਬੀਤੀ 13 ਜਨਵਰੀ ਲੋਹੜੀ ਵਾਲੇ ਦਿਨ ਸਵੇਰ ਵੇਲੇ ਅਚਾਨਕ ਦਿਲ ਦਾ ਦੌਰਾ ਪਿਆ ਕਿ ਉਹ 80 ਸਾਲ ਦੀ ਉਮਰ ਭੋਗ ਕੇ ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।




### ਸਹਿਜ ਪਾਠ ਦਾ ਭੋਗ 9 ਫ਼ਰਵਰੀ ਨੂੰ

**ਸਰਦਾਰ ਜਗਰੂਪ ਸਿੰਘ ਧਾਲੀਵਾਲ ਨਮਿਤ ਸਹਿਜ ਪਾਠ ਦਾ ਭੋਗ ਅਤੇ ਅੰਤਮ ਅਰਦਾਸ ੯ ਫ਼ਰਵਰੀ ਐਤਵਾਰ ਨੂੰ ਫਰੀਮੌਂਟ ਗੁਰਦੁਆਰਾ ਸਾਹਿਬ, 300 ਗੁਰਦੁਆਰਾ ਰੋਡ, ਫਰੀਮੌਂਟ ਵਿਖੇ ਹੋਣਗੇ । ਹੋਰ ਜਾਣਕਾਰੀ ਲਈ ਫੋਨ : 510-952-6702 ਤੇ ਸੰਪਰਕ ਕੀਤਾ ਜਾ ਸਕਦਾ ਹੈ ।**

# ਅਮਰੀਕਾ ਦੇ 50 ਚੋਣਵੇਂ ਸਿੱਖਾਂ ਸੰਬੰਧੀ ਕਿਤਾਬ ਰਿਲੀਜ਼



**ਸੈਕਰਾਮੈਂਟੋ/ਏ.ਟੀ.ਨਿਊਜ਼ :** ਅਮਰੀਕਾ ਦੇ 50 ਸਿੱਖਾਂ ਦੇ ਵੱਖ-ਵੱਖ ਖੇਤਰਾਂ ’ਚ ਪਾਏ ਵੱਡਮੁੱਲੇ ਯੋਗਦਾਨ ਲਈ ਇਕ ਕਿਤਾਬ ਪੰਜਾਬੀ ਯੂਨੀਵਰਸਿਟੀ ਦੇ ਡਾ. ਪ੍ਰਭਲੀਨ ਸਿੰਘ ਦੁਆਰਾ ਲਿਖੀ ਗਈ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਕਿਤਾਬ ਵਿਚ ਅਮਰੀਕਾ ਭਰ ਤੋਂ 50 ਸਿਰਕੱਢ ਸਿੱਖਾਂ ਨੂੰ ਚੁਣ ਕੇ ਇਸ ਕਿਤਾਬ ’ਚ ਸੁਸ਼ੋਭਿਤ ਕੀਤਾ ਗਿਆ ਹੈ। ਇਸ ਵਿਚ ਕੈਲੀਫੋਰਨੀਆ ਸਟੇਟ ਤੋਂ ਵੀ ਕੁੱਝ ਚੋਣਵੀਆਂ ਸ਼ਖਸੀਅਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨਾਂ ਵਿਚ ਦੀਦਾਰ ਸਿੰਘ ਬੈਂਸ, ਕਰਨੈਲ ਸਿੰਘ (ਮਾਈਕ) ਸੰਧੂ, ਗੁਰਜਤਿੰਦਰ ਸਿੰਘ ਰੰਧਾਵਾ, ਡਾ. ਨਰਿੰਦਰ ਸਿੰਘ ਕਪਾਨੀ, ਡਾ. ਅਮਰਜੀਤ ਸਿੰਘ ਮਰਵਾਹਾ, ਚਰਨਜੀਤ ਸਿੰਘ ਘਈ, ਭੁਪਿੰਦਰ ਸਿੰਘ ਢਿੱਲੋਂ, ਗੁਰਦੀਪ ਕੌਰ ਚਾਵਲਾ, ਹਰਲੀਨ ਸਿੰਘ, ਨਵਨੀਤ ਸਿੰਘ ਚੁੱਘ, ਰਸ਼ਪਾਲ ਸਿੰਘ ਢੀਂਡਸਾ, ਡਾ. ਮਨਬੀਰ ਸਿੰਘ, ਮੈਨੀ ਗਰੇਵਾਲ, ਹਰਪ੍ਰੀਤ ਸਿੰਘ ਸੰਧੂ, ਡਾ. ਜਸਬੀਰ ਸਿੰਘ ਕੰਗ, ਦਵਿੰਦਰ ਸਿੰਘ ਬੈਂਸ, ਰਾਣਾ ਸੋਢੀ, ਹਰਪ੍ਰੀਤ ਸਿੰਘ ਦਰਦੀ, ਸਤਿੰਦਰ ਸਿੰਘ ਰੇਖੀ ਵੀ ਸ਼ਾਮਲ ਹਨ।

ਇਸ ਕਿਤਾਬ ਨੂੰ ਵਾਸ਼ਿੰਗਟਨ ਡੀ.ਸੀ. ਅਤੇ ਕੈਲੀਫੋਰਨੀਆ ’ਚ ਵੱਡੇ ਸਮਾਗਮਾਂ ਦੌਰਾਨ ਰਿਲੀਜ਼ ਕੀਤਾ ਗਿਆ। ਯੂ.ਐੱਸ. ਕੈਪੀਟਲ ’ਚ ਕਰਵਾਏ ਗਏ ਕਿਤਾਬ ਦੇ ਰਿਲੀਜ਼ ਸਮਾਗਮ ਮੌਕੇ 15 ਕਾਂਗਰਸਮੈਨ ਹਾਜ਼ਰ ਸਨ, ਜਿਨਾਂ ਵਿਚ ਜੌਹਨ ਗੈਰਾਮੰਡੀ, ਜੂਡੀ

# ਨਵੇਂ ਨਾਗਰਿਕਤਾ ਕਾਨੂੰਨਾਂ ਦੀ ਆੜ ਹੇਠ ਭਗਵਾਂ ਦਹਿਸ਼ਤਵਾਦ

**- ਡਾਕਟਰ ਸੁਰਿੰਦਰ ਮੰਡ**

ਮੋਦੀ ਸਰਕਾਰ ਵਲੋਂ ਨਾਗਰਿਕਤਾ ਦੇਣ ਸਬੰਧੀ ਕਾਨੂੰਨ ਵਿਚ ਬਦਲਾਅ, ਜਿਸ ਨੂੰ ਸੀ.ਏ.ਏ (ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ) ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਭਾਵੇਂ ਇਸ ਨੂੰ ਦੋਵਾਂ ਸਦਨਾਂ ਵਿਚ ਪਾਸ ਕਰਾਉਣ ਲੱਗਿਆਂ ਸਰਕਾਰ ਨੇ ਇਹ ਦਲੀਲਾਂ ਵਾਰ-ਵਾਰ ਦਿੱਤੀਆਂ ਕਿ ਇਹ ਨਵਾਂ ਬਦਲਾਅ ਤਾਂ ਤਿੰਨਾਂ ਮੁਲਕਾਂ (ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼) ਦੇ ਦੁਖੀ ਘੱਟ-ਗਿਣਤੀਆਂ (ਮੁਸਲਮਾਨਾਂ ਨੂੰ ਛੱਡ ਕੇ) ਨੂੰ ਭਾਰਤ ਦੀ ਨਾਗਰਿਕਤਾ ਦੇਣ ਲਈ ਹੈ। ਇਹ ਕਿਸੇ ਭਾਰਤੀ ਦੀ ਨਾਗਰਿਕਤਾ ਖੋਹਣ ਲਈ ਨਹੀਂ ਹੈ। ਪਰ ਡੂੰਘੀ ਸਿਆਸੀ ਸਮਝ ਰੱਖਣ ਵਾਲਿਆਂ ਨੂੰ ਪਹਿਲੇ ਦਿਨੋ ਹੀ ਅੰਦਾਜ਼ਾ ਸੀ ਕਿ ਇਹ ਵਖਿਆਨ ਸਿਰਫ਼ ਵਿਰੋਧੀ ਪਾਰਟੀਆਂ ਨੂੰ ਭੱਚੇ ਵਿਚ ਲਿਆ ਕੇ, ਛਲਾਵੇ ਨਾਲ ਮੋਮੋਠਗਣੇ ਬਣ ਕੇ ਰਾਜ ਸਭਾ ਵਿਚੋਂ ਪਾਸ ਕਰਾਉਣ ਲਈ ਹਮਾਇਤ ਜੁਟਾਉਣ ਦੀ ਸਿਰਫ਼ ਚਾਲ ਹੈ। ਦਾਅਪੇਚ ਨੀਤੀ ਹੈ। ਇਸ ਦਾ ਅਸਰ ਵੀ ਹੋਇਆ। ਤਾਂ ਹੀ ਓਡੀਸ਼ਾ ਦੇ ਬੀਜੂ ਜਨਤਾ ਦਲ, ਆਂਧਰਾ ਦੀ ਹਾਕਮ ਵਾਈ.ਐਸ.ਆਰ. ਕਾਂਗਰਸ, ਬਿਹਾਰੀ ਹਾਕਮ ਨਿਤੀਸ਼ ਦੇ ਜਨਤਾ ਦਲ (ਯੂ), ਆਸਾਮ ਗਨ ਪ੍ਰੀਸ਼ਦ, ਸ਼ਿਵ ਸੈਨਾ, ਤਿਲੰਗਾਨਾ ਦੀ ਟੀ.ਆਰ.ਐਸ. ਆਦਿ ਸਭ ਨੇ ਸਿੱਧੇ/ਟੇਢੇ ਢੰਗ ਨਾਲ ਇਸ ਦੀ ਹਮਾਇਤ ਕੀਤੀ। ਪਰ ਹੁਣ ਇਹ ਕਾਨੂੰਨ ਬਣਨ ਉਪਰੰਤ ਜਦ ਗੱਲ ਬਾਹਰ ਆਈ ਕਿ ਇਹ ਤਾਂ ਅਸਲ ਵਿਚ ਮਗਰੋਂ ਐਨ.ਆਰ.ਸੀ (ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਸ) ਰਾਹੀਂ ਕਰੋੜਾਂ ਮੁਸਲਮਾਨਾਂ ਨੂੰ ਜੋ 1970 ਤੋਂ ਪਹਿਲਾਂ ਦੇ ਪੁਰਾਣੇ ਸਬੂਤ ਨਹੀਂ ਪੇਸ਼ ਕਰ ਸਕਣਗੇ) ਬਾਕੀਆਂ ਨਾਲੋਂ ਅਲੱਗ ਕਰ ਕੇ , ਉਨਾਂ ਦੀ ਨਾਗਰਿਕਤਾ ਉੱਤੇ ਪ੍ਰਸ਼ਨ ਚਿੰਨ ਲਾ ਕੇ, ਉਨਾਂ ਦਾ ਭੈੜਾ ਹਸ਼ਰ ਕਰਨ ਵਰਗੇ ਮਨਸੂਬੇ ਵੱਲ ਸੇਧਤ ਹੈ ਤਾਂ ਫਿਰ ਉਪਰੋਕਤ ਸਾਰੀਆਂ ਮਦਦਗੀਰ ਰਹੀਆਂ ਪਾਰਟੀਆਂ ਹੁਣ ਆਖ ਰਹੀਆਂ ਹਨ ਕਿ ਇਹ ਐਨ.ਆਰ.ਸੀ. ਨੂੰ ਆਪਣੇ ਸੂਬਿਆਂ ਵਿਚ ਲਾਗੂ ਨਹੀਂ ਹੋਣ ਦੇਣਗੇ। ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ 22 ਦਸੰਬਰ ਦੀ ਦਿੱਲੀ ਰੈਲੀ ਵਿਚ ਠੋਕ ਕੇ ਆਖਿਆ ਕਿ ‘ਕਈ ਰਾਜਾਂ ਦੇ ਮੁੱਖ ਮੰਤਰੀ ਆਖ ਰਹੇ ਨੇ ਕਿ ਅਸੀਂ ਐਨ.ਆਰ.ਸੀ. ਲਾਗੂ ਨਹੀਂ ਕਰਾਂਗੇ। ਆਪ ਐਸੇ ਕੈਸੇ ਕਹਿ ਸਕਤੇ ਹੈਂ ? ਪਹਿਲੇ ਅਪਨੇ ਕਾਨੂੰਨੀ ਸਲਾਹਕਾਰ ਐਡਵੋਕੇਟ ਜਨਰਲ ਸੇ ਤੋਂ ਪੂਛ ਲੋ ਕਿ ਆਪ ਐਸਾ ਕਰ ਭੀ ਸਕਤੇ ਹੈਂ ਕਿ ਨਹੀਂ ? ਇਸੇ ਸ਼ਾਮ ਨੂੰ ਏ.ਬੀ.ਪੀ. ਨਿਊਜ਼ ਚੈਨਲ ਦੀ ਐਂਕਰ ਰੂਬੀਕਾ ਲਿਆਕਤ ਜਦ ਪ੍ਰਸ਼ਾਂਤ ਕਿਸ਼ੋਰ ਨਾਲ ਇਸ ਮੁੱਦੇ ‘ਤੇ ਸਵਾਲ ਜਵਾਬ ਕਰ ਰਹੀ ਸੀ ਤਾਂ ਉਸ ਨੇ ਨਾਂਹ ਕਰਨ ਵਾਲੇ ਰਾਜਾਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦੇਣ ਦੀ ਵਾਰ-ਵਾਰ ਗੱਲ ਆਖੀ। ਸਪੱਸ਼ਟ ਦਿੱਸਦਾ ਸੀ ਕਿ ਉਸ ਨੂੰ ਇਕ ਪਾਸਿਉਂ ਕੋਈ ਇਹ ਗੱਲ ਵਾਰ-ਵਾਰ ਕਹਿਣ ਲਈ ਆਖ ਰਿਹਾ ਸੀ। ਪਰ ਦੂਜੇ ਪਾਸੇ ਦਿੱਲੀ ਰੈਲੀ ਵਿਚ ਹੀ ਨਰਿੰਦਰ ਮੋਦੀ ਨੇ ਇਕਦਮ ਕਿਸੇ ਨਾਟਕ ਦੇ ਪਾਤਰ ਵਾਂਗ ਲਾਲ ਜਿਹਾ ਮੂੰਹ ਕਰ ਕੇ, ਗੁੱਸੇ ਵਾਲੀ ਸ਼ਕਲ ਬਣਾ ਕੇ ਡਾਇਲਾਗ ਬੋਲਿਆ ਕਿ ਅਭੀ ਤੋ ਦੇਸ਼ ਮੇਂ ਹਮਨੇ ਐਨ.ਆਰ.ਸੀ ਕਾ ਨਾਮ ਹੀ ਨਹੀਂ ਲੀਯਾ, ਕੁਛ ਕੀਆ ਹੀ ਨਹੀਂ ਤੋਂ ਸ਼ੋਰ ਕਾਹੇ ਕਾ ? ਜਦ ਕਿ ਸੱਚ ਇਹ ਹੈ ਕਿ ਦੋ ਸੂਬਿਆਂ ਨੂੰ ਛੱਡ ਕੇ ਬਾਕੀ ਸਾਰੇ ਮੁਲਕ ਵਿਚ ਐਨ.ਆਰ.ਸੀ. ਦੀ ਤਿਆਰੀ ਜ਼ੋਰਾਂ ਨਾਲ ਚੱਲ ਰਹੀ ਹੈ। ਸਿਰਫ਼ ਬੰਗਾਲ ਅਤੇ ਕੇਰਲਾ ਦੀਆਂ ਸਰਕਾਰਾਂ ਨੇ ਇਸ ਦੀ ਪ੍ਰਕਿਰਿਆ ਉੱਤੇ ਰੋਕ ਲਾਈ ਹੈ। ਬਹੁਤੇ ਲੋਕ ਪੁੱਛ ਰਹੇ ਹਨ ਕਿ ਇਸ ਵਕਤ ਤਾਂ ਦੇਸ਼ ਵਿਚ ਹੋਰ ਅਨੇਕਾਂ ਫੌਰੀ ਗੰਭੀਰ ਸਮੱਸਿਆਵਾਂ ਹਨ। ਸਨਅਤਾਂ ਬੰਦ ਹੋ ਰਹੀਆਂ ਹਨ। ਬੈਂਕਾਂ ਦਾ ਐਨ.ਪੀ.ਏ. (ਮਰ ਚੁੱਕਾ ਕਰਜ਼ਾ) ਅੱਠ ਲੱਖ ਕਰੋੜ ਤੱਕ ਸੁਣੀਂਦਾ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਚਰਮ ਸੀਮਾ ‘ਤੇ ਹੈ। ਵੱਡੇ ਸਰਕਾਰੀ ਅਦਾਰੇ ਰੇਲਵੇ, ਏਅਰ



ਇੰਡੀਆ, ਏਅਰਪੋਰਟ, ਭਾਰਤ ਪੈਟਰੋਲੀਅਮ, ਬੀ.ਐਸ.ਐਨ.ਐਲ. ਆਦਿ ਕਈ ਹੋਰ ਵੇਚਣੇ ਲਾਏ ਹਨ। ਜਿਵੇਂ ਕੋਈ ਨੰਗ ਹੋ ਜੇ ਤੇ ਘਰ ਦੇ ਭਾਂਡੇ ਵੇਚਣ ਲੱਗ ਪੈਂਦਾ। ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕੀਤੀ ਜਾ ਰਹੀ ਹੈ। ਜੀ.ਡੀ.ਪੀ. ਜਿਸ ਨੂੰ ਕਿਸੇ ਮੁਲਕ ਦੀ ਤਰੱਕੀ ਦੀ ਰਫ਼ਤਾਰ ਦਾ ਇਕ ਪੈਮਾਨਾ ਮੰਨਿਆ ਜਾਂਦਾ, ਉਸ ਦੇ 7-8 ਫ਼ੀਸਦੀ ਰਹਿਣ ਦੀ ਸੰਭਾਵਨਾ ਦੇ ਸਰਕਾਰੀ ਦਾਅਵੇ ਕੀਤੇ ਗਏ ਸਨ, ਪਰ ਇਸ ਵਕਤ ਸਰਕਾਰ ਦੇ ਆਪਣੇ ਮੁਤਾਬਕ ਜੀ.ਡੀ.ਪੀ. 4.5 ਫ਼ੀਸਦੀ ਰਹਿ ਗਈ ਹੈ। ਵਿਦਵਾਨ ਪੱਤਕਕਾਰ ਅਭੈ ਕੁਮਾਰ ਦੂਬੇ ਵਲੋਂ ਲਿਖੇ ਲੇਖ ਨੂੰ ਸੱਚ ਮੰਨੀਏ ਤਾਂ ਮੋਦੀ ਸਰਕਾਰ ਅੰਕੜਿਆਂ ਦੀ ਗੁਣਾ ਘਟਾਓ ਦੇ ਹੇਰ-ਫੇਰ ਨਾਲ ਹਮੇਸ਼ਾ 2 ਫ਼ੀਸਦੀ ਵੱਧ ਵਿਖਾਉਂਦੀ ਆ ਰਹੀ ਹੈ। ਇੰਜ ਤਾਂ ਇਹ 3 ਫ਼ੀਸਦੀ ਦੇ ਆਸ-ਪਾਸ ਹੋਈ। ਸਵਾਲ ਹੈ ਕਿ ਜਦ ਮੁਲਕ ਏਨੇ ਗੰਭੀਰ ਸੰਕਟ ਵਿਚ ਹੈ ਤਾਂ ਫਿਰ ਮੋਦੀ ਸਰਕਾਰ ਏਨੀ ਹੜਬੜਾਹਟ ਵਿਚ ਇਸ ਭਸੂੜੀ ਪਾਉਣ ਵਾਲੇ ਕਾਨੂੰਨ ਨੂੰ ਬਣਾਉਣ ਦੇ ਰਾਹੇ ਕਿਉਂ ਪਈ ? ਇਸ ਕਰਕੇ ਪਈ ਕਿਉਂਕਿ ਆਸਾਮ ਵਿਚ 2018 ‘ਚ ਐਨ.ਆਰ.ਸੀ. ਦੇ ਰਾਹੀਂ ਜਿਹੜਾ 19 ਲੱਖ ਬੰਦਾ 1970 ਤੋਂ ਪਹਿਲਾਂ ਦੇ ਦਸਤਾਵੇਜ਼ ਨਾ ਵਿਖਾ ਸਕਣ ਕਾਰਨ ਨਾਗਰਿਕਤਾ ਗਵਾਉਣ ਲੱਗਾ ਸੀ, ਉਸ ਵਿਚ ਗ਼ੈਰ-ਮੁਸਲਮਾਨਾਂ ਦੀ ਗਿਣਤੀ ਲਗਪਗ 14 ਲੱਖ ਹੈ। ਉਨਾਂ ਗ਼ੈਰ-ਮੁਸਲਮਾਨਾਂ ਨੂੰ ਤਾਂ ਨਿਸ਼ਾਨਾ ਨਹੀਂ ਸੀ ਬਣਾਉਣਾ। ਇਸ ਨਾਲ ਉਲਟਾ ਸਿਆਸੀ ਨੁਕਸਾਨ ਹੋਣਾ ਹੈ। ਇਸ ਲਈ ਕੁੱਲ ਦੇਸ਼ ਵਿਚ ਐਨ.ਆਰ.ਸੀ. ਬਣਾਇਆ ਗਿਆ ਹੈ, ਜੋ ਗ਼ੈਰ-ਮੁਸਲਮਾਨ ਇਸ ਜੱਦ ਵਿਚ ਆਉਣਗੇ, ਉਨਾਂ ਨੂੰ ਦੇਸ਼ ਨਿਕਾਲੇ ਤੋਂ ਬਚਾ ਲੈਣ ਦਾ ਕਾਨੂੰਨੀ ਆਧਾਰ ਮੁਹੱਈਆ ਕਰਦਾ ਹੈ ਇਹ ਸੀ.ਏ.ਏ. ਕਾਨੂੰਨ। ਕਿਉਂਕਿ ਗ਼ੈਰ-ਮੁਸਲਮਾਨਾਂ ਨੂੰ ਤਾਂ ਦੁਬਾਰਾ ਅਰਾਮ ਨਾਲ ਨਾਗਰਿਕਤਾ ਮਿਲ ਜਾਏਗੀ। ਪਰ ਮੁਸਲਮਾਨਾਂ ਨੂੰ ਨਹੀਂ ਮਿਲੇਗੀ। ਇਸ ਉਪਰੰਤ ਜੋ ਵੀ ਰੌਲਾ ਰੱਪਾ ਪਵੇਗਾ, ਚੈਨਲਾਂ ਉੱਤੇ ਰੋਜ਼ਾਨਾ ਬਹਿਸ ਲਾਮਬੰਦ ਹੋਵੇਗੀ। ਉਸ ਵਿਚ ਸੁਨੇਹਾ ਦਿੱਤਾ ਜਾਏਗਾ ਕਿ ਪਾਕਿਸਤਾਨੀ, ਬੰਗਲਾਦੇਸ਼ੀ, ਘੁਸਪੈਠੀਏ ਬਾਹਰ ਕੱਢ ਦਿਆਂਗੇ, ਕੱਢ ਰਹੇ ਹਾਂ। ਇੰਜ ਭਾਜਪਾ ਦੀ ਆਸ ਮੁਜਬ ਬਹੁਗਿਣਤੀ ਹਿੰਦੂ ਤਬਕਾ ਬਹੁਤ ਖ਼ੁਸ਼ ਹੋਵੇਗਾ। ਇਥੋਂ ਤੱਕ ਕਿ ਜਿਹੜੀ ਤਿੰਨ ਵੇਲੇ ਭੁੱਖ ਲੱਗਦੀ, ਉਸ ਨੂੰ ਵੀ ਭੁੱਲ ਜਾਣਗੇ। ਸੋ ਇਵੇਂ ਇਹ ਸੀ.ਏ.ਏ. (ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ) ਅਤੇ ਐਨ.ਆਰ.ਸੀ. (ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਸ) ਜੁੜਵਾ ਹੀ ਸਮਝਣੇ ਚਾਹੀਦੇ। ਇਹ ਸੀ.ਏ.ਏ. ਕਾਨੂੰਨ, ਸਿਟੀਜ਼ਨਸ ਰਜਿਸਟਰ ਅਨੁਸਾਰ ਲੱਭੇ ਦਸਤਾਵੇਜ਼ ਵਿਹੂਣੇ ਲੋਕਾਂ ਵਿਚੋਂ ਕੇਵਲ ਮੁਸਲਮਾਨਾਂ ਨੂੰ ਅਲੱਗ ਕਰ ਕੇ ਨਿਸ਼ਾਨਾ ਬਣਾਉਣ ਦਾ ਆਧਾਰ ਮੁਹੱਈਆ ਕਰਦਾ ਹੈ ਟੇਢੇ ਢੰਗ ਨਾਲ। ਇਸ ਨੂੰ ਬਿਆਨ ਕਰਦਿਆਂ ਅਮਿਤ ਸ਼ਾਹ ਨੇ ਆਖਿਆ ਕਿ ‘ਅਸਲ ਕਾਮ ਤੋ ਅਬ ਸ਼ੁਰੂ ਹੋਗਾ ਜਬ ਹਮ ਦੇਸ਼ ਮੇਂ ਐਨ.ਆਰ.ਸੀ. ਬਨਾਕਰ ਵਿਦੇਸ਼ੀ ਘੁਸਪੈਠੀਉਂ ਕੋ ਚੁਨ-ਚੁਨ ਕੇ ਬਾਹਰ ਨਿਕਾਲੇਂਗੇ। ਲੱਗਦਾ ਹੈ ਕਿ ਅਜੇ ਤੱਕ ਮੋਦੀ ਸਰਕਰ ਨੂੰ ਆਪਣੇ ਅਕਸ ਨੂੰ ਹੋ ਰਹੇ ਨੁਕਸਾਨ ਦਾ ਅੰਦਾਜ਼ਾ ਨਹੀਂ, ਅੰਤਰਾਸ਼ਟਰੀ ਪ੍ਰਿੰਟ ਮੀਡੀਏ, ਮੁਸਲਿਮ ਅਰਬ ਦੇਸ਼ਾਂ, ਈਰਾਨ ਤੁਰਕੀ, ਮਲੇਸ਼ੀਆ ਨੇ ਇਸ ਨਵੇਂ ਨਾਗਰਿਕਤਾ ਕਾਨੂੰਨ ‘ਤੇ ਗੰਭੀਰ ਸਵਾਲ ਉਠਾਏ ਹਨ। ਓਡੀਸ਼ਾ, ਆਸਾਮ, ਉੱਤਰ ਪੂਰਬੀ ਰਾਜਾਂ, ਮਹਾਰਾਸ਼ਟਰ, ਆਂਧਰਾ, ਤਿਲੰਗਾਨਾ ਵਿਚ ਮੋਦੀ ਸਰਕਾਰ ਨੂੰ ਸਮਰਥਨ ਦੇਣ ਵਾਲੀਆਂ ਪਾਰਟੀਆਂ ਨੇ ਐਨ.ਆਰ.ਸੀ. ਲਾਗੂ ਨਾ ਕਰਨ ਦਾ ਐਲਾਨ ਕੀਤਾ ਹੈ। ਲੋਕ ਦਬਾਅ ਅੱਗੇ ਝੁਕਦਿਆਂ ਜਿੱਥੇ ਐਨ.ਆਰ.ਸੀ. ਨੂੰ ਸਿੱਧਾ ਲਾਗੂ ਕਰਨ ਤੋਂ ਮੋਦੀ ਸਰਕਾਰ ਪਿੱਛੇ ਹਟਣ ਦਾ ਐਲਾਨ ਕਰ ਰਹੀ ਹੈ। ਉਥੇ ਕੌਮੀ ਆਬਾਦੀ ਰਜਿਸਟਰ (ਐਨ.ਪੀ.ਆਰ.) ਬਣਾਉਣ ਵੱਲ ਸੰਤੋੜ ਭੱਜ ਉਠੀ ਹੈ। ਝੂਠ ਬੋਲ ਰਹੇ ਹਨ ਕਿ ਇਹ ਜਨਗਣਨਾ ਹੈ। ਕਿਉਂਕਿ ਪਹਿਲਾਂ 10 ਵਾਰ ਕਿਹਾ ਜਾ ਚੁੱਕਾ ਹੈ ਇਹ ਨਾਗਰਿਕਤਾ ਰਜਿਸਟਰ ਬਣਾਉਣ ਲਈ ਹੀ ਹੈ। ਸਰਕਾਰ ਦੀ ਵੈੱਬਸਾਈਟ ‘ਤੇ ਵੀ ਇਹ ਲਿਖਤੀ ਰੂਪ ਵਿਚ ਮੌਜੂਦ ਹੈ। ਸਪੱਸ਼ਟ ਦਿੱਸਦਾ ਹੈ ਕਿ ਮੋਦੀ ਸਰਕਾਰ ਆਪਣਾ ਅਗਲਾ ਸਮਾਂ ਇਸੇ ਹਿੰਦੂ ਮੁਸਲਿਮ ਏਜੰਡੇ ਨੂੰ ਮਘਾਈ ਰੱਖ ਕੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੀ।

ਬਾਕੀ ਸਫ਼ਾ 31 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

5 ਫਰਵਰੀ 2020 ਤੋਂ 11 ਫਰਵਰੀ 2020

# ਸਾਹਿਤ ਦੇ ਥੰਮ

ਪਿਛਲੇ ਹਫ਼ਤੇ ਪੰਜਾਬੀ ਸਾਹਿਤ ਦੇ ਦੋ ਸਿਤਾਰੇ ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਹਮੇਸ਼ਾ ਲਈ ਇਸ ਬ੍ਰਹਿਮੰਡ ’ਚੋਂ ਅਸਤ ਹੋ ਗਏ ਹਨ। ਪੰਜਾਬੀ ਦੇ ਸਾਹਿਤ ਰਸੀਏ ਪਾਠਕ, ਲੇਖਕ ਅਤੇ ਵਿਦਵਾਨ 31 ਜਨਵਰੀ ਨੂੰ ਪਦਮਸ੍ਰੀ ਦਲੀਪ ਕੌਰ ਟਿਵਾਣਾ ਦੇ ਸਦੀਵੀ ਵਿਛੋੜੇ ਦੇ ਸਦਮੇ ਵਿਚੋਂ ਅਜੇ ਬਾਹਰ ਨਹੀਂ ਸਨ ਨਿਕਲੇ ਜਦ ਅਗਲੇ ਦਿਨ ਪੰਜਾਬੀ ਗਲਪ ਦੇ ਸਦਾਬਹਾਰ ਲੇਖਕ ਜਸਵੰਤ ਸਿੰਘ ਕੰਵਲ ਦੇ ਅਕਾਲ ਚਲਾਣੇ ਦੀ ਖ਼ਬਰ ਆ ਗਈ। ਡਾ. ਟਿਵਾਣਾ ਅਤੇ ਸ੍ਰੀ ਕੰਵਲ ਦਾ ਪੰਜਾਬੀ ਸਾਹਿਤ ਸਿਰਜਣਾ ਅਤੇ ਸਮਾਜਿਕ ਸਰੋਕਾਰਾਂ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਡਾ. ਟਿਵਾਣਾ ਜਿੱਥੇ ਮੌਲਿਕ ਗਲਪਕਾਰ ਸਨ, ਉਥੇ ਪੰਜਾਬੀ ਸਾਹਿਤ ਦੀ ਆਲੋਚਨਾ ਅਤੇ ਵਿਦਿਅਕ ਪਾਸਾਰੇ ਵਿਚ ਵੀ ਉਨਾਂ ਦੀ ਬਹੁਤ ਵੱਡੀ ਭੂਮਿਕਾ ਰਹੀ। ਦੂਜੇ ਪਾਸੇ ਜਸਵੰਤ ਸਿੰਘ ਕੰਵਲ ਨੇ ਭਾਵੇਂ ਅਕਾਦਮਿਕ ਪਿੜ ਵਿਚ ਸਿੱਧੇ ਰੂਪ ਵਿਚ ਕੋਈ ਦਖ਼ਲ ਨਹੀਂ ਦਿੱਤਾ, ਪਰ ਉਨਾਂ ਦੀ ਸਾਹਿਤ ਰਚਨਾ, ਖਾਸ ਕਰਕੇ ਨਾਵਲ ਹਮੇਸ਼ਾ ਪੰਜਾਬੀ ਵਿਦਿਆ ਸ਼ਾਸਤਰ ਨੂੰ ਪ੍ਰਭਾਵਿਤ ਕਰਦੇ ਰਹੇ।

27 ਜੂਨ 1919 ਨੂੰ ਮੋਗਾ ਜ਼ਿਲੇ (ਉਸ ਸਮੇਂ ਫਿਰੋਜ਼ਪੁਰ) ਦੇ ਪਿੰਡ ਢੁੱਡੀਕੇ ’ਚ ਜਨਮੇ ਜਸਵੰਤ ਸਿੰਘ ਕੰਵਲ ਨੇ 1944 ਵਿਚ ਸਾਹਿਤ ਰਚਨਾ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਉਹ ਮਲਾਇਆ (ਮਲੇਸ਼ੀਆ) ਚਲੇ ਗਏ ਅਤੇ ਇਥੇ ਹੀ ਉਨਾਂ ਨੂੰ ਸਾਹਿਤ ਪੜਨ ਦੀ ਚੇਟਕ ਲੱਗੀ। ਗੁਰਦੁਆਰਾ ਲਹਿਰ ਅਤੇ ਆਜ਼ਾਦੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਉਨਾਂ ਨੇ ਗਲਪ ਰਚਨਾ ਸ਼ੁਰੂ ਕੀਤੀ। ਉਨਾਂ ਦਾ ਪਲੇਠਾ ਨਾਵਲ ‘ਸੱਚ ਨੂੰ ਫਾਂਸੀ’ 1944 ਵਿਚ ਪ੍ਰਕਾਸਤ ਹੋਇਆ। ਜਸਵੰਤ ਸਿੰਘ ਕੰਵਲ ਨੇ ਆਪਣੀ ਤਾਅ ਉਮਰ ਸਾਹਿਤਕ ਘਾਲਣਾ ਵਿਚ 100 ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ, ਜਿਨਾਂ ’ਚ ਜ਼ਿਆਦਾਤਰ ਗਲਪ ਚਰਨਾਵਾਂ ਸ਼ਾਮਲ ਹਨ। ਉਹ ਕਦੇ ਵੀ ਪੰਜਾਬ ਦੇ ਸਮਾਜਿਕ, ਰਾਜਨੀਤਕ ਜੀਵਨ ਅਤੇ ਤਤਕਾਲੀ ਸਿਆਸਤ ਤੋਂ ਅਭਿੱਜ ਨਹੀਂ ਰਹੇ। ਉਨਾਂ ਪੰਜਾਬ ਹੀ ਨਹੀਂ ਬਲਕਿ ਦੁਨੀਆ ਭਰ ਵਿਚ ਵਾਪਰੀਆਂ ਰਾਜਨੀਤਕ ਅਤੇ ਇਤਿਹਾਸਕ ਘਟਨਾਵਾਂ ਨੂੰ ਆਪਣੀ ਸਾਹਿਤ ਰਚਨਾ ਦਾ ਹਿੱਸਾ ਬਣਾਇਆ। ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਨਾਵਲ ‘ਲਹੂ ਦੀ ਲੋਅ’ ਸਭ ਤੋਂ ਵੱਧ ਚਰਚਾ ’ਚ ਰਿਹਾ। ਹਾਲਾਂਕਿ ਇਸ ਤੋਂ ਪਹਿਲਾਂ ਉਨਾਂ ਦਾ ਸਭ ਤੋਂ ਵੱਧ ਪੜਿਆ ਜਾਣ ਵਾਲਾ ਨਾਵਲ ‘ਪੂਰਨਮਾਸ਼ੀ’ ਅਤੇ ਪੈਪਸੂ ਮੁਜ਼ਾਰਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਨਾਵਲ ‘ਰਾਤ ਬਾਕੀ ਹੈ’ ਛਪ ਚੁੱਕੇ ਸਨ ਪਰ ‘ਲਹੂ ਦੀ ਲੋਅ’ ਨੇ ਸਾਹਿਤਕ ਅਤੇ ਰਾਜਨੀਤਕ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ। ਉਨਾਂ ਨੂੰ 1998 ਵਿਚ ‘ਤੋਸ਼ਾਲੀ ਦੀ ਹੰਸੋ’ ਨਾਵਲ ਉਪਰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

ਭਾਵੇਂ ਇਸ ਨਾਵਲ ਦੀ ਬਹੁਤ ਚਰਚਾ ਨਹੀਂ ਹੋਈ ਪਰ ਇਹ ਇਕ ਸਿਆਸੀ ਕਥਾਨਕ ਵਾਲਾ ਇਤਿਹਾਸਕ ਨਾਵਲ ਹੈ ਜੋ ਕਲਿੰਗਾ ਦੀ ਲੜਾਈ ਨਾਲ ਸਬੰਧਤ ਹੈ ਅਤੇ ਅਸ਼ੋਕ ਦੀ ਕੇਂਦਰੀਕਰਨ ਦੀ ਨੀਤੀ ਨੂੰ ਰੱਦ ਕਰਦਾ ਹੈ। ਇਹ ਨਾਵਲ ਉਸ ਸਮੇਂ ਆਇਆ ਜਦ ਪੰਜਾਬ ’ਚ ਹਾਲਾਤ ਬਹੁਤ ਖ਼ਰਾਬ ਸਨ। ਇਸ ਤੋਂ ਬਾਅਦ ਪੰਜਾਬ ਬਾਰੇ ਲਿਖਿਆ ਉਨਾਂ ਦਾ ਇਕ ਹੋਰ ਨਾਵਲ ‘ਐਨਿਆਂ ’ਚੋਂ ਉੱਠੋ ਕੋਈ ਸੂਰਮਾ’ ਵੀ ਬਹੁਤੀ ਚਰਚਾ ਵਿਚ ਨਹੀਂ ਰਿਹਾ, ਹਾਲਾਂਕਿ ਇਹ ਨਾਵਲ ਵੀ ਕਾਫ਼ੀ ਪੜਿਆ ਗਿਆ ਪਰ ਸਾਹਿਤਕ ਹਲਕਿਆਂ ਨੇ ਇਸ ਦਾ ਬਹੁਤ ਨੋਟਿਸ ਨਹੀਂ ਲਿਆ। ਕੰਵਲ ਸਿਆਸੀ ਤੌਰ ’ਤੇ ਪੰਜਾਬੀ ਕੌਮ ਅਤੇ ਫੈਡਰਲ ਰਾਜ ਪ੍ਰਬੰਧ ਦੇ ਹਾਮੀ ਸਨ ਜੋ ਆਖਰੀ ਸਾਹਾਂ ਤੱਕ ਇਸੇ ਸਿਆਸੀ ਪੈਂਤੜੇ ’ਤੇ ਦ੍ਰਿੜ ਰਹੇ। ਸਾਹਿਤਕ ਅਤੇ ਰਾਜਨੀਤਿਕ ਹਲਕਿਆਂ ਵਿਚ ਉਨਾਂ ਦੀ ਨੁਕਤਾਚੀਨੀ ਵੀ ਹੁੰਦੀ ਰਹੀ ਪਰ ਕੰਵਲ ਨੇ ਕਦੇ ਅਜਿਹੀ ਨੁਕਤਾਚੀਨੀ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ। ਉਹ ਹਮੇਸ਼ਾ ਪੰਜਾਬ ਦੇ ਹੱਕਾਂ ਤੇ ਪਹਿਰਾ ਦਿੰਦੇ ਰਹੇ ਅਤੇ ਕਿਸਾਨੀ ਦਾ ਦਰਦ ਬਿਆਨਦੇ ਰਹੇ। 100 ਸਾਲ ਤੋਂ ਵੱਧ ਉਮਰ ਭੋਗ ਕੇ ਇਕ ਕੌਮੀ ਪ੍ਰਵਾਨੇ ਵਾਂਗ ਇਸ ਫਾਨੀ ਦੁਨੀਆਂ ਤੋਂ ਰੁਖਸਤ ਹੋਣ ਵਾਲੇ ਜਸਵੰਤ ਕੰਵਲ ਦੀਆਂ ਰਚਨਾਵਾਂ ਨੂੰ ਪੰਜਾਬ, ਪੰਜਾਬੀਅਤ ਅਤੇ ਸਿੱਖੀ ਦੇ ਨਜ਼ਰੀਏ ਤੋਂ ਵਾਚਣ ਦੀ ਜ਼ਰੂਰਤ ਹੈ। ਭਾਸ਼ਾ ਵਿਭਾਗ ਪੰਜਾਬ ਨੇ ਉਨਾਂ ਨੂੰ ਸਾਹਿਤ ਸ਼੍ਰੋਮਣੀ ਦੇ ਸਰਵੋਤਮ ਪੁਰਸਕਾਰ ਨਾਲ ਨਿਵਾਜਿਆ, ਜੋ ਉਨਾਂ ਦੀ ਰਚਨਾ ਨੂੰ ਸਮਰਪਿਤ ਸੀ।

ਦੂਜੇ ਨਾਮਵਰ ਸਾਹਿਤਕਾਰ ਡਾ. ਦਲੀਪ ਕੌਰ ਟਿਵਾਣਾ ਨੇ 4 ਮਈ 1935 ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਉੱਚੀ ਰੱਬੋਂ ਵਿਚ ਇਕ ਰਜਦੇ ਪੁੱਜਦੇ ਖਾਨਦਾਨ ਵਿਚ ਜਨਮ ਲਿਆ। ਜਿਸ ਸਮੇਂ ਉਨਾਂ ਨੇ ਪ੍ਰਾਇਮਰੀ ਅਤੇ ਉੱਚ ਵਿਦਿਆ ਹਾਸਲ ਕੀਤੀ, ਉਸ ਸਮੇਂ ਪਿੰਡਾਂ ਖਾਸ ਕਰਕੇ ਸਰਦਾਰਾਂ ਦੇ ਖਾਨਦਾਨ ਵਿਚ ਕੁੜੀਆਂ ਨੂੰ ਪੜਾਉਣਾ ਇਕ ਬੁਰਾਈ ਸਮਝਿਆ ਜਾਂਦਾ ਸੀ ਪਰ ਡਾ. ਟਿਵਾਣਾ ਦਾ ਯੂਨੀਵਰਸਿਟੀ ਪੱਧਰ ਦੀ ਵਿਦਿਆ ਹਾਸਲ ਕਰਨਾ ਅਤੇ ਫਿਰ ਬੜੀ ਠੁੱਕ ਨਾਲ ਯੂਨੀਵਰਸਿਟੀ ਵਿਚ ਨੌਕਰੀ ਕਰਨਾ ਔਰਤ ਦੇ ਸ਼ਕਤੀਕਰਨ ਅਤੇ ਆਜ਼ਾਦੀ ਦਾ ਪ੍ਰਤੀਕ ਹੋ ਨਿਬੜਿਆ। ਔਰਤ ਦੀ ਵੇਦਨਾ ਬਾਰੇ ਆਪਣੇ ਨਾਵਲ ‘ਏਹੋ ਹਮਾਰਾ ਜੀਵਣਾ’ ਨਾਲ ਸਾਹਿਤਕ ਚਰਚਾ ਵਿਚ ਆਏ ਡਾ. ਟਿਵਾਣਾ ਨੇ ਗਲਪ ਰਚਨਾ ਦੇ ਨਾਲ ਨਾਲ ਅਕਾਦਮਿਕ ਤੌਰ ’ਤੇ ਵੀ ਆਪਣਾ ਜੀਵਨ ਸੰਘਰਸ਼ ਜਾਰੀ ਰੱਖਿਆ। ਉਨਾਂ ਦੇ ਨਾਵਲ ‘ਏਹੋ ਹਮਾਰਾ ਜੀਵਣਾ’ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਅਤੇ ਮਗਰੋਂ ਉਨਾਂ ਨੂੰ ਭਾਰਤ ਸਰਕਾਰ ਨੇ ਪਦਮਸ੍ਰੀ ਦੇ ਖਿਤਾਬ ਨਾਲ ਵੀ ਨਿਵਾਜਿਆ। ਡਾ. ਟਿਵਾਣਾ ਦੀ ਲੇਖਣੀ ਹਮੇਸ਼ਾ ਲੋਕਪੱਖੀ ਅਤੇ ਦਬੇ ਕੁਚਲੇ ਲੋਕਾਂ ਦੀ ਬਾਂਹ ਫੜਨ ਵਾਲੀ ਰਹੀ। ਆਪਣੀ ਪਹਿਲੀ ਸਵੈ-ਜੀਵਨੀ ‘ਨੰਗੇ ਪੈਰਾਂ ਦਾ ਸਫ਼ਰ’ ਵਿਚ ਉਨਾਂ ਨੇ ਇਕ ਸਰਦੇ ਪੁਜਦੇ ਘਰ ਦੀ ਔਰਤ ਦੇ ਸੰਘਰਸ਼ ਨੂੰ ਬਿਆਨ ਕੀਤਾ ਅਤੇ ਪੰਜਾਬੀ ਸਮਾਜ ਉਪਰ ਰਜਵਾੜਾਸ਼ਾਹੀ ਦੇ ਅਸਰ ਦਾ ਉਲੇਖ ਵੀ ਕੀਤਾ।

ਇਨਾਂ ਦੋਹਾਂ ਮਹਾਨ ਗਲਪਕਾਰਾਂ ਦਾ ਇਸ ਨਾਸ਼ਵਾਨ ਦੁਨੀਆ ਤੋਂ ਤੁਰ ਜਾਣਾ ਭਾਵੇਂ ਅਸਹਿ ਜਾਪਦਾ ਹੈ ਪਰ ਪੰਜਾਬੀ ਸਾਹਿਤ ਨੂੰ ਇਨਾਂ ਵਲੋਂ ਰਚੀਆਂ ਸ਼ਾਹਕਾਰ ਰਚਨਾਵਾਂ ਉਪਰ ਹਮੇਸ਼ਾ ਮਾਣ ਰਹੇਗਾ।

# ਕੇਂਦਰੀ ਬਜਟ ਦਾ ਪੰਜਾਬ ਦੇ ਸੰਦਰਭ ਵਿਚ ਲੇਖਾ-ਜੋਖਾ



ਡਾ. ਗਿਆਨ ਸਿੰਘ

ਹਰ ਸਾਲ ਕੇਂਦਰੀ ਬਜਟ ਪੇਸ਼ ਹੋਣ ਤੋਂ ਪਹਿਲਾਂ ਮੁਲਕ ਦੇ ਲੋਕਾਂ ਦੇ ਵੱਖ ਵੱਖ ਵਰਗ ਅਤੇ ਸੂਬਾ ਸਰਕਾਰਾਂ ਇਸ ਬੇਸਬਰੀ ਨਾਲ ਉਡੀਕ ਕਰਦੇ ਹੋਏ ਸੋਚਦੇ ਰਹਿੰਦੇ ਹਨ ਕਿ ਵਰਤਮਾਨ ਸਾਲ ਦੇ ਬਜਟ ਵਿਚ ਉਨਾਂ ਦੇ ਕਲਿਆਣ ਵਾਲੀ ਲੁਕੀ ਹੋਈ ਗਿੱਦੜਸਿੰਗੀ ਬਾਹਰ ਆਵੇਗੀ ਜਿਸ ਨਾਲ ਉਨਾਂ ਦੀ ਕਾਇਆ ਕਲਪ ਹੋ ਜਾਵੇਗੀ। ਅਸਲੀਅਤ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਬਜਟ ਉਨਾਂ ਦੀਆਂ ਨੀਤੀਆਂ ਦੀ ਬਹੁਤ ਹੀ ਛੋਟੀ ਜਿਹੀ ਝਲਕ ਹੁੰਦੇ ਹਨ ਅਤੇ ਉਹ ਵੀ ਅਕਸਰ ਭੁਲੇਖਾਪਾਊ ਕਿਉਂਕਿ ਬਜਟ ਤੋਂ ਪਹਿਲਾਂ ਅਤੇ ਪਿੱਛੋਂ ਸਰਕਾਰਾਂ ਲੋਕਾਂ ਦੇ ਚੋਣਵੇਂ ਵਰਗਾਂ, ਖ਼ਾਸ ਕਰਕੇ ਸਰਮਾਏਦਾਰ/ ਕਾਰਪੋਰੇਟ ਜਗਤ, ਦੇ ਹੱਕ ਵਿਚ ਆਪਣੀਆਂ ਆਰਥਿਕ ਨੀਤੀਆਂ ਬਣਾਉਂਦੀਆਂ ਅਤੇ ਬਦਲਦੀਆਂ ਰਹਿੰਦੀਆਂ ਹੋਈਆਂ ਇਨਾਂ ਨੂੰ ਮੁਲਕ/ਸੂਬਿਆਂ ਦੇ ਆਰਥਿਕ ਵਿਕਾਸ ਜਾਂ ਹੋਰ ਪੱਖਾਂ ਦੀ ਬਿਹਤਰੀ ਲਈ ਜ਼ਰੂਰੀ ਗਰਦਾਨਦੀਆਂ ਦਿਖਾਈ ਦਿੰਦੀਆਂ ਹਨ।

1 ਫਰਵਰੀ, 2020 ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ ਨੇ ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਸੂਬਾ ਸਰਕਾਰ ਨੂੰ ਨਿਰਾਸ਼ ਹੀ ਕੀਤਾ ਹੈ। ਪੰਜਾਬ ਉਹ ਸੂਬਾ ਹੈ ਜਿਸ ਨੇ ਮੁਲਕ ਦੇ ਵੱਖ ਵੱਖ ਔਖੇ ਸਮਿਆਂ ਦੌਰਾਨ ਉਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਾਕੀ ਦੇ ਸੂਬਿਆਂ ਨਾਲੋਂ ਕਿਤੇ ਵੱਧ ਯੋਗਦਾਨ ਪਾਇਆ। ਮੁਲਕ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਦੌਰਾਨ ਦਿੱਤੀਆਂ ਗਈਆਂ ਕੁਰਬਾਨੀਆਂ ਦੌਰਾਨ 80 ਫ਼ੀਸਦ ਦੇ ਕਰੀਬ ਕੁਰਬਾਨੀਆਂ ਇਕੱਲੇ ਪੰਜਾਬ ਨੇ ਦਿੱਤੀਆਂ। 1947 ਵਿਚ ਮੁਲਕ ਦੀ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਨਾਲ ਹੋਈਆਂ ਤਿੰਨ ਲੜਾਈਆਂ ਦੌਰਾਨ ਪੰਜਾਬ ਦੇ ਲੋਕਾਂ ਨੇ ਵਿਸ਼ੇਸ਼ ਯੋਗਦਾਨ ਪਾਉਣ ਤੋਂ ਬਿਨਾਂ ਬਾਰਡਰ ਸੂਬਾ ਹੋਣ ਕਾਰਨ ਲੜਾਈਆਂ ਦੀ ਮਾਰ ਵੀ ਝੱਲੀ।

ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਦੀ ਜਗਾ ਉਦਯੋਗਿਕ ਵਿਕਾਸ ਨੂੰ ਦੇਣ ਅਤੇ 1964-66 ਦੌਰਾਨ ਮੁਲਕ ਵਿਚ ਪਏ ਸੋਕੇ ਕਾਰਨ ਜਿਸ ਸਮੇਂ ਭਾਰਤ ਅਨਾਜ ਪਦਾਰਥਾਂ ਦੀ ਭਾਰੀ ਥੁੜ ਕਾਰਨ ਭੁੱਖਮਰੀ ਵਰਗੇ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਸੀ ਤਾਂ ਕੇਂਦਰ ਸਰਕਾਰ ਨੇ ‘ਖੇਤੀਬਾੜੀ ਦੀ ਨਵੀਂ ਜੁਗਤ’ ਨੂੰ ਅਪਣਾਉਣ ਦਾ ਫ਼ੈਸਲਾ ਲਿਆ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਅਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਕੇਂਦਰ ਸਰਕਾਰ ਨੇ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਖੇਤੀਬਾੜੀ ਦੀ ਇਸ ਜੁਗਤ ਨੂੰ ਸਭ ਤੋਂ ਪਹਿਲਾਂ ਤਰਜੀਹੀ ਤੌਰ ਉੱਤੇ ਪੰਜਾਬ ਸੂਬੇ ਵਿਚ ਸ਼ੁਰੂ ਕਰਨ ਦਾ ਨਿਰਣਾ ਕੀਤਾ ਜਿਸ ਪਿੱਛੇ ਇੱਥੋਂ ਦੇ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰੀ ਅਤੇ ਅਮੀਰ ਕੁਦਰਤੀ ਸਾਧਨ ਜਿਵੇਂ ਜ਼ਮੀਨ ਹੇਠਲਾ ਪਾਣੀ, ਉਪਜਾਊ ਜ਼ਮੀਨ ਅਤੇ ਖੇਤੀਬਾੜੀ ਦੀ ਉਤਪਾਦਕਿਤਾ ਅਤੇ ਉਪਜ ਵਧਾਉਣ ਲਈ ਲੋੜੀਂਦਾ ਜਲਵਾਯੂ ਸਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇਥੋਂ ਦੇ ਕੁਦਰਤੀ ਸਾਧਨਾਂ ਦੀ ਵਰਤੋਂ ਸਦਕਾ ਇੱਥੋਂ ਦੀ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਹੋਇਆ ਜਿਸ ਨਾਲ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਣ ਦੇ ਨਾਲ ਮੁਲਕ ਦੇ ਸਰਮਾਏ ਅਤੇ ਹੋਰ ਸਮੱਸਿਆਵਾ ਦੇ ਪੱਖ ਤੋਂ ਵੀ ਖਹਿੜਾ ਛੁਟਿਆ ਕਿਉਂਕਿ ਇਸ ਕਾਮਯਾਬੀ ਤੋਂ ਪਹਿਲਾ ਭਾਰਤ ਵਿਚ ਭੁੱਖਮਰੀ ਵਰਗੇ ਹਾਲਤਾਂ ਕਾਰਨ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਉਣ ਕਾਰਨ ਮੁਲਕ ਨੂੰ ਉਸ ਦੀ ਵੱਡੀ ਕੀਮਤ ਤਾਰਨੀ ਪਈ।

ਪੰਜਾਬ ਵਿਚ ‘ਖੇਤੀਬਾੜੀ ਦੀ ਨਵੀਂ ਜੁਗਤ’ ਸ਼ੁਰੂ ਕਰਨ ਅਤੇ ਉਸ ਦੇ ਕਾਮਯਾਬ ਹੋਣ ਤੋਂ ਬਾਅਦ ਰਕਬੇ ਪੱਖੋਂ ਇਹ ਬਹੁਤ ਹੀ ਛੋਟਾ (1.54 ਫ਼ੀਸਦ) ਸੂਬਾ ਲੰਬੇ ਸਮੇਂ ਲਈ ਕੇਂਦਰੀ ਅਨਾਜ ਭੰਡਾਰ ਵਿਚ ਖੇਤੀਬਾੜੀ ਦੀਆਂ ਦੋ ਮੁੱਖ ਜਿਨਸਾਂ ਕਣਕ ਅਤੇ ਧਾਨ ਦੇ ਸੰਬੰਧ ਵਿਚ 50 ਫ਼ੀਸਦ ਦੇ ਕਰੀਬ ਹਿੱਸਾ ਪਾਉਂਦਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਮੁਲਕ ਦੇ ਕੁਝ ਹੋਰ ਸੂਬਿਆਂ ਵਿਚ ਖੇਤੀਬਾੜੀ ਦੇ ਵਿਕਾਸ ਲਈ ਤਰਜੀਹੀ ਨੀਤੀਆਂ ਲਾਗੂ ਕਰਨ ਦੇ ਨਤੀਜੇ ਵਜੋਂ ਭਾਵੇਂ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਪਰ ਵਰਤਮਾਨ ਸਮੇਂ ਦੌਰਾਨ ਵੀ ਇਹ ਯੋਗਦਾਨ 32 ਫ਼ੀਸਦ ਦੇ ਕਰੀਬ ਹੈ। ਇਸ ਸੰਬੰਧ ਵਿਚ ਇਕ ਬਹੁਤ ਹੀ ਮਹੱਤਵਪੂਰਨ ਤੱਥ ਜਾਨਣਾ ਬਹੁਤ ਜ਼ਰੂਰੀ ਹੈ ਕਿ ਕੁਦਰਤੀ ਆਫ਼ਤਾਂ ਮੌਕੇ ਮੁਲਕ ਦੀ ਅਨਾਜ ਸੁਰੱਖਿਆ ਪੰਜਾਬ ਦੇ ਸਿਰ ਹੀ ਹੁੰਦੀ ਹੈ। ਸੋਕੇ ਮੌਕੇ ਪੰਜਾਬ ਦਾ ਕੇਂਦਰੀ ਅਨਾਜ ਭੰਡਾਰ ਵਿਚ ਯੋਗਦਾਨ ਸਥਿਰ ਹੀ ਨਹੀਂ ਰਹਿੰਦਾ, ਸਗੋਂ ਧਾਨ ਦੀ ਜਿਨਸ ਦੇ ਸੰਬੰਧ ਵਿਚ ਵਧ ਜਾਂਦਾ ਹੈ ਜਿਸ ਦੀ ਕੀਮਤ ਇੱਥੋਂ ਦੇ ਕਿਸਾਨਾਂ ਅਤੇ ਸਰਕਾਰ ਨੂੰ ਚੁਕਾਉਣੀ ਪੈਂਦੀ ਹੈ। ਭਾਵੇਂ ਵਰਤਮਾਨ ਸਮੇਂ ਦੌਰਾਨ ਪੰਜਾਬ ਸਰਕਾਰ ਇੱਥੋਂ ਦੇ ਕਿਸਾਨਾਂ ਨੂੰ ਸਿੰਚਾਈ ਦੀ ਸਹੂਲਤ ਮੁਫ਼ਤ ਦੇ ਰਹੀ ਹੈ, ਪਰ ਸੋਕੇ ਕਾਰਨ ਸੂਬਾ ਸਰਕਾਰ ਨੂੰ ਬਿਜਲੀ ਦਾ ਵਧਿਆ ਹੋਇਆ ਖ਼ਰਚ ਅਤੇ ਸਿੰਚਾਈ ਦੀਆਂ ਲੋੜਾਂ ਅਨੁਸਾਰ ਬਿਜਲੀ ਦੀ ਪੂਰਤੀ ਦੇ ਨਾ ਹੋਣ ਕਾਰਨ ਕਿਸਾਨਾਂ ਨੂੰ ਆਪਣੇ ਜਾਂ ਕਿਰਾਏ ਦੇ ਟਰੈਕਟਰਾਂ ਦੁਆਰਾ ਸਿੰਚਾਈ ਕਰਨ ਲਈ ਡੀਜ਼ਲ, ਮਸ਼ੀਨਰੀ ਦੀ ਘਿਸਾਈ ਅਤੇ ਹੋਰ ਖ਼ਰਚੇ ਝੱਲਣੇ ਪੈਂਦੇ ਹਨ।

ਲੰਬੇ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ ਸੰਬੰਧਿਤ ਅਪਣਾਈਆਂ ਗਈਆਂ ਨੀਤੀਆਂ ਵਜੋਂ ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਥੱਲੇ ਜਾਣ, ਵਾਤਾਵਰਨ ਦੇ ਗੰਧਲਾ ਹੋਣ, ਫ਼ਸਲੀ ਵੰਨ-ਸੁਵੰਨਤਾ ਦੀ ਅਣਹੋਂਦ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਕਾਰੀਗਰਾਂ ਦੀ ਦਿਨੋਂ ਦਿਨ ਹੋ ਰਹੀ ਮਾੜੀ ਆਰਥਿਕ ਹਾਲਾਤ ਸੰਬੰਧੀ ਪ੍ਰਮੁੱਖ ਸਮੱਸਿਆਵਾਂ ਅਤੇ ਨੀਤੀ-ਘਾੜਿਆਂ ਵੱਲੋਂ ਅਕਸਰ ਇਨਾਂ ਸਮੱਸਿਆਵਾਂ ਲਈ ਪੰਜਾਬ ਦੇ ਖੇਤੀਬਾੜੀ ਨਾਲ ਸੰਬੰਧਿਤ ਵਰਗਾਂ, ਖ਼ਾਸ ਕਰਕੇ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਪੰਜਾਬ ਵਿਚ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ ‘ਖੇਤੀਬਾੜੀ ਦੀ ਨਵੀਂ ਜੁਗਤ’ ਤੋਂ ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਇੱਥੋਂ ਦੀ ਸਿੰਚਾਈ ਦੀਆਂ ਲੋੜਾਂ ਲਈ ਕਿਸੇ ਵੀ ਪੱਖੋਂ ਘੱਟ ਨਹੀਂ ਸੀ। ਖੇਤੀਬਾੜੀ ਦੀ ਇਸ ਜੁਗਤ ਦੀ ਪੰਜਾਬ ਵਿਚ ਸ਼ੁਰੂਆਤ ਕਣਕ ਤੋਂ ਕੀਤੀ ਗਈ। ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਕੀਤੇ ਗਏ ਅਥਾਹ ਵਾਧੇ ਸਦਕਾ ਕੇਂਦਰੀ ਅਨਾਜ ਭੰਡਾਰ ਵਿਚ ਇਸ ਦੇ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ ਦਿੱਤੀ ਗਈ ਜਿਹੜੀ ਇੱਥੋਂ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਕਿਸੇ ਵੀ ਤਰਾਂ ਢੁਕਵੀਂ ਨਹੀਂ ਹੈ। ਝੋਨੇ ਦੀ ਫ਼ਸਲ ਦੀ ਲਵਾਈ ਕਾਰਨ ਪੰਜਾਬ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਚਿੰਤਾਜਨਕ ਪੱਧਰ ਤੱਕ ਥੱਲੇ ਜਾਣ, ਵਾਤਾਵਰਨ ਦੇ ਗੰਧਲੇਪਣ, ਫ਼ਸਲੀ ਵੰਨ-ਸੁਵੰਨਤਾ ਦੀ ਅਣਹੋਂਦ ਅਤੇ ਕਿਸਾਨਾਂ ਸਿਰ ਵਧਦੇ ਕਰਜ਼ੇ ਸੰਬੰਧੀ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹੈ।

ਅੱਜਕੱਲ ਪੰਜਾਬ ਵਿਚ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਚਿੰਤਾਜਨਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ ਜਿਸ ਦੀ ਕੀਮਤ ਮੁੱਖ ਤੌਰ ਉੱਤੇ ਇੱਥੋਂ ਦੇ ਕਿਸਾਨਾਂ ਅਤੇ ਸਰਕਾਰ ਨੂੰ ਦੇਣੀ ਪੈ ਰਹੀ ਹੈ। ਪੰਜਾਬ ਵਿਚ ਝੋਨੇ ਦੀ ਫ਼ਸਲ ਛੱਪੜ-ਸਿੰਚਾਈ ਵਿਧੀ ਰਾਹੀਂ ਕੀਤੀ ਜਾਂਦੀ ਹੈ। 1960-61 ਦੌਰਾਨ ਪੰਜਾਬ ਵਿਚ ਖੇਤੀਬਾੜੀ ਸਿੰਚਾਈ ਮੁੱਖ ਤੌਰ ਉੱਤੇ ਨਹਿਰਾਂ ਅਤੇ ਖੂਹਾਂ ਦੁਆਰਾ ਕੀਤੀ ਜਾਣ ਕਾਰਨ ਟਿਊਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜਿਹੜੀ ਹੁਣ ਧਾਨ ਦੀ ਫ਼ਸਲ ਦੀਆਂ ਸਿੰਚਾਈ ਦੀਆਂ ਲੋੜਾਂ ਕਾਰਨ ਵਰਤਮਾਨ ਸਮੇਂ ਦੌਰਾਨ 15 ਲੱਖ ਦੇ ਕਰੀਬ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਇਤਨਾ ਨੀਵਾਂ ਚਲਾ ਗਿਆ ਹੈ ਕਿ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਮੋਨੋਬਲਾਕ ਮੋਟਰਾਂ ਦੇ ਕੰਮ ਨਾ ਕਰਨ ਕਰਕੇ ਕਿਸਾਨਾਂ ਨੂੰ ਸਬਰਸੀਬਲ ਮੋਟਰਾਂ ਮਜ਼ਬੂਰੀਵਸ ਲਵਾਉਣੀਆਂ ਪਈਆਂ ਹਨ ਜਿਹੜੀਆਂ ਉਨਾਂ ਦੇ ਕਰਜ਼ੇ ਵਿਚ ਵਾਧੇ ਦਾ ਇੱਕ ਕਾਰਨ ਬਣੀਆਂ ਹਨ। ਇਸ ਤੋਂ ਬਿਨਾਂ ਦਰਿਆਈ ਪਾਣੀਆਂ ਦੀ ਵੰਡ ਦੇ ਸੰਬੰਧ ਵਿਚ ਵੀ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਧਾਨ ਦੀ ਫ਼ਸਲ ਦੀ ਲਵਾਈ ਲਈ ਛੱਪੜ-ਸਿੰਚਾਈ ਕਾਰਨ ਮਿਥੇਨ ਗੈਸ ਅਤੇ ਧਾਨ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਕਾਰਬਨਡਾਈਅਕਸਾਈਡ ਗੈਸ ਅਤੇ ਧੂੰਏਂ ਦੇ ਕਣਾਂ ਕਾਰਨ ਅਤੇ ‘ਖੇਤੀਬਾੜੀ ਦੀ ਨਵੀਂ ਜੁਗਤ’ ਦੇ ਪੁਲੰਦੇ ਵਿਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਣਿਕਾਂ ਦੀ ਵਰਤੋਂ ਪੰਜਾਬ ਵਿਚ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੀ ਹੈ। ਪੰਜਾਬ ਵਿਚ ‘ਖੇਤੀਬਾੜੀ ਦੀ ਨਵੀਂ ਜੁਗਤ’ ਅਪਣਾਉਣ ਅਤੇ ਧਾਨ ਦੀ ਫ਼ਸਲ ਦੀ ਲਵਾਈ ਤੋਂ ਪਹਿਲਾਂ ਖੇਤੀ ਵੰਨ-ਸੁਵੰਨਤਾ ਸੀ ਜੋ ਇੱਥੋਂ ਦੇ ਹਵਾ-ਪਾਣੀ, ਲੋਕਾਂ ਅਤੇ ਪਸ਼ੂਆਂ-ਪੰਛੀਆਂ ਲਈ ਬਹੁਤ ਢੁਕਵੀਂ ਸੀ। ਖੇਤੀਬਾੜੀ ਜਿਨਸਾਂ ਦੀਆਂ ਘੱਟੋਂ-ਘੱਟ ਸਮਰਥਨ ਕੀਮਤਾਂ ਦੀ ਨੀਤੀ ਨੇ ਇਸ ਨੂੰ ਖੋਹ ਲਿਆ ਜਿਸ ਕਾਰਨ ਇੱਥੇ ਮੁੱਖ ਤੌਰ ਉੱਤੇ ਕਣਕ-ਧਾਨ ਫ਼ਸਲੀ ਚੱਕਰ ਹੈ ਜੋ ਵੱਖ ਵੱਖ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਕਹਿਣ ਨੂੰ ਤਾਂ ਪੰਜਾਬ ਦੀ ਆਪਣੀ ਕੋਈ ਖੇਤੀਬਾੜੀ ਨੀਤੀ ਨਹੀਂ ਹੈ ਪਰ ਅਸਲੀਅਤ ਵਿਚ ਅਜਿਹਾ ਹੋ ਨਹੀਂ ਸਕਦਾ ਕਿਉਂਕਿ ਵਰਤਮਾਨ ਸਮੇਂ ਤੱਕ ਖੇਤੀਬਾੜੀ ਜਿਨਸਾਂ ਦੇ ਤੈਅ ਕਰਨ, ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਮੁੱਖ ਸਾਧਨਾਂ ਦੀ ਕੀਮਤਾਂ ਨੂੰ ਤੈਅ ਕਾਰਨ ਜਾਂ ਇਸ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ, ਖੇਤੀਬਾੜੀ ਜਿਨਸਾਂ ਦੀ ਆਯਾਤ ਜਾਂ ਨਿਰਯਾਤ ਕਰਨ ਖੇਤੀਬਾੜੀ ਖੇਤਰ ਲਈ ਸੰਸਥਾਗਤ ਵਿੱਤ ਵਿਵਸਥਾ ਆਦਿ ਦੇ ਸੰਬੰਧ ਵਿਚ ਫ਼ੈਸਲੇ ਕੇਂਦਰ ਸਰਕਾਰ ਦੇ ਹੱਥਾਂ ਵਿਚ ਹਨ। ਮੁੱਖ ਤੌਰ ਉੱਤੇ ਇਨਾਂ ਨੀਤੀਆਂ ਕਾਰਨ ਪੰਜਾਬ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਸਿਹ ਕਰਜ਼ਾ ਅਤੇ ਘੋਰ ਗ਼ਰੀਬੀ ਹੰਢਾਉਣ ਲਈ ਮਜ਼ਬੂਰ ਹਨ ਅਤੇ ਇਨਾਂ ਵਰਗਾਂ ਦੇ ਲੋਕ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ।

ਬਾਕੀ ਸਫ਼ਾ 31 ’ਤੇ

# ਹੁਣ ਪ੍ਰਵਾਸੀ ਭਾਰਤੀ ਮੀਡੀਆ ਮੋਦੀ ਸਰਕਾਰ ਦੇ ਨਿਸ਼ਾਨੇ ’ਤੇ

**✪ ਕਈ ਪੱਤਰਕਾਰਾਂ ਨੂੰ ਕੀਤਾ ਗਿਆ ਹੈ ਪਰੇਸ਼ਾਨ ✪ ਸੁਤੰਤਰ ਪੱਤਰਕਾਰੀ ਕਰਨ ਵਾਲਿਆਂ ਨੂੰ ਅੱਤਵਾਦੀ ਗਤੀਵਿਧੀਆਂ ਨਾਲ ਜੋੜਿਆ ਜਾਂਦਾ ਏ**

**- ਕਾਰਵਾਂ ਮੀਡੀਆ**

2014 ਵਿਚ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਨਰਿੰਦਰ ਮੋਦੀ ਅਮਰੀਕਾ ਦੀ ਯਾਤਰਾ ’ਤੇ ਗਏ। ਲਗਭਗ ਦਸ ਸਾਲ ਦੇ ਵੀਜ਼ਾ ਪਾਬੰਦੀ ਦੇ ਬਾਅਦ ਇਹ ਉਹਨਾਂ ਦੀ ਪਹਿਲੀ ਯਾਤਰਾ ਸੀ। ਨਿਊਯਾਰਕ ਦੇ ਮੈਡੀਸਨ ਸਕਵਾਇਰ ਗਾਰਡਨ ਵਿਚ ਉਨਾਂ ਦਾ ਸੁਆਗਤ ਕੀਤਾ ਗਿਆ ਸੀ। ਮੀਡੀਆ ਨੇ ਇਸ ਦ੍ਰਿਸ਼ ਨੂੰ ਬਹੁਤ ਜ਼ਿਆਦਾ ਥਾਂ ਦਿੱਤੀ ਸੀ। ਉਸ ਵਕਤ ਕੈਨੇਡਾ ਵਿਚ ਵੈਨਕੂਵਰ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਆਪਣੇ ਰੇਡੀਓ ਪ੍ਰੋਗਰਾਮ ਦੀ ਤਿਆਰੀ ਕਰ ਰਹੇ ਸਨ। ਇਸ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਦੀ ਯਾਤਰਾ ਦਾ ਵਿਰੋਧ ਕਰਨ ਦੀ ਯੋਜਨਾ ਬਣਾਉਣ ਵਾਲੇ ਕਿਸੇ ਸਖਸ਼ ਦੇ ਬਾਰੇ ਵਿਚ ਦੱਸਿਆ ਜਾਣਾ ਸੀ। ਗੁਰਪ੍ਰੀਤ ਨੇ ਆਪਣੇ ਸਹਿਯੋਗੀਆਂ ਤੋਂ ਇਹ ਸੂਚਨਾਵਾਂ ਮਿਲਣ ਲੱਗ ਪਈਆਂ ਕਿ ਪ੍ਰਧਾਨ ਮੰਤਰੀ ਦੇ ਖਿਲਾਫ ਕਿਸੇ ਵੀ ਵਿਅਕਤੀ ਨਾਲ ਇੰਟਰਵਿਊ ਨਾ ਕੀਤੀ ਜਾਵੇ। ਗੁਰਪ੍ਰੀਤ ਨੂੰ ਇਹ ਸਮਝ ਲੱਗ ਗਈ ਕਿ ਇਹ ਰੇਡੀਓ ਚੈਨਲ ਦੇ ਮਾਲਕ ਉੱਪਰ ਭਾਰਤੀ ਦੂਤਾਵਾਸ ਦਾ ਦਬਾਅ ਹੈ। ਪਰ ਗੁਰਪ੍ਰੀਤ ਨੇ ਆਪਣੇ ਪਹਿਲੇ ਬਣਾਏ ਪ੍ਰੋਗਰਾਮ ਦੀ ਯੋਜਨਾ ਦੇ ਅਨੁਸਾਰ ਉਸ ਵਿਅਕਤੀ ਨੂੰ ਬੋਲਣ ਦਾ ਮੌਕਾ ਦਿੱਤਾ। ਇਸ ਕਾਰਨ ਉਸ ਨੂੰ ਆਪਣੀ ਨੌਕਰੀ ਗੁਆਉਣੀ ਪਈ।

ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਭਾਰਤੀ ਉੱਚ ਅਧਿਕਾਰੀਆਂ ਦੁਆਰਾ ਹੁਣ ਤੱਕ ਮੇਰੀ ਸੁਤੰਤਰ ਪੱਤਰਕਾਰੀ ਵਿਚ ਅੜਚਨਾਂ ਪਾਉਣ ਦੀਆਂ ਕੋਸ਼ਿਸਾਂ ਕੀਤੀਆਂ ਜਾਂਦੀਆਂ ਹਨ। 2018 ਵਿਚ ਕੇਰਲਾ ਦੇ ਹੜ ਪੀੜਤਾਂ ਦੇ ਲਈ ਇਕ ਸੰਸਥਾ ਵਲੋਂ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਸੀ। ਇਸ ਪ੍ਰੋਗਰਾਮ ਵਿਚ ਬੁਲਾਰੇ ਵਜੋਂ ਭਾਰਤੀ ਭਾਰਤੀ ਹਾਈ ਕਮਿਸ਼ਨ ਦੇ ਉੱਚ ਅਧਿਕਾਰੀ ਦੇ ਨਾਲ ਗੁਰਪ੍ਰੀਤ ਸਿੰਘ ਨੂੰ ਵੀ ਸੱਦਿਆ ਗਿਆ ਸੀ। ਜਦ ਪ੍ਰੋਗਰਾਮ ਵਿਚ ਬੋਲਣ ਦੀ ਵਾਰੀ ਆਈ ਤਾਂ ਭਾਰਤੀ ਹਾਈ ਕਮਿਸ਼ਨ ਦੇ ਉੱਚ ਅਧਿਕਾਰੀ ਨੇ ਪ੍ਰਬੰਧਕਾਂ ਨੂੰ ਹਦਾਇਤ ਦਿੱਤੀ ਕਿ ਜੇਕਰ ਗੁਰਪ੍ਰੀਤ ਸਿੰਘ ਨੂੰ ਸਟੇਜ ਤੋਂ ਬੋਲਣ ਦਿੱਤਾ ਗਿਆ ਤਾਂ ਉਹ ਇਸ ਸਮਾਗਮ ਦਾ ਬਾਈਕਾਟ ਕਰ ਦੇਵੇਗਾ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀ ਦੇ ਕਹਿਣ ’ਤੇ ਪ੍ਰਬੰਧਕਾਂ ਨੇ ਮੈਨੂੰ ਬੋਲਣ ਨਹੀਂ ਦਿੱਤਾ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਭਾਰਤੀ ਹਾਈ ਕਮਿਸ਼ਨ ਵਾਲੇ ਹੁਣ ਆਪਣੇ ਕਿਸੇ ਪ੍ਰੋਗਰਾਮ ਵਿਚ ਨਾ ਤਾਂ ਉਸ ਨੂੰ ਤੇ ਨਾ ਹੀ ਇਸ ਰੇਡੀਓ ਨੈਟਵਰਕ ਦੇ ਸੀਈਓ ਨੂੰ ਸੱਦਾ ਦਿੰਦੇ ਹਨ।

ਕੈਨੇਡਾ ਦੀ ਪੱਤਰਕਾਰ ਤਜਿੰਦਰ ਕੌਰ ਨਾਲ ਵੀ ਇਹੋ ਕੁਝ ਵਾਪਰਿਆ। ਉਸ ਨੇ ਮੋਦੀ ਦੀ ਯਾਤਰਾ ਦੇ ਦੌਰਾਨ 2002 ਦਾ ਗੁਜਰਾਤ ਹੱਤਿਆ ਕਾਂਡ ਨਾਮਕ ਰੇਡੀਓ ਰਿਪੋਰਟ ਤਿਆਰ ਕੀਤੀ ਸੀ, ਜਿਸ ’ਤੇ ਉਨਾਂ ਦੇ ਰੇਡੀਓ ਤੇ ਭਾਰਤੀ ਹਾਈ ਕਮਿਸ਼ਨ ਨੇ ਇਤਰਾਜ਼ ਪ੍ਰਗਟਾਇਆ ਸੀ। ਤਜਿੰਦਰ ਕੌਰ ਦੱਸਦੀ ਹੈ ਕਿ ਮੈਨੂੰ ਮਨੁੱਖੀ ਅਧਿਕਾਰਾਂ ਦਾ ਮਸਲਾ ਉਠਾਉਣ ਅਤੇ ਮੋਦੀ ਦੀ ਅਮਰੀਕਾ ਯਾਤਰਾ ਦੇ ਖਿਲਾਫ਼ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ।



ਤਜਿੰਦਰ ਕੌਰ ਦੱਸਦੀ ਹੈ ਕਿ ਮੈਨੂੰ ਸ਼ੋਸ਼ਲ ਮੀਡੀਆ ਦੇ ਇਸਤੇਮਾਲ ਦੇ ਬਾਰੇ ਵੀ ਸਖਤ ਹੁਕਮ ਦਿੱਤੇ ਗਏ। ਮੈਨੂੰ ਕਿਹਾ ਗਿਆ ਕਿ ਮੈਂ ਮੋਦੀ ਦੀ ਆਲੋਚਨਾ ਨਾ ਕਰਾਂ। ਮੈਂ ਸਾਫ ਸਾਫ ਕਹਿ ਦਿੱਤਾ ਕਿ ਮੈਂ ਇਹ ਗੁਲਾਮੀ ਨਹੀਂ ਝੱਲ ਸਕਦੀ। ਆਖਿਰਕਾਰ ਮੈਨੂੰ ਰੇਡੀਓ ਛੱਡਣਾ ਪਿਆ।

ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਪ੍ਰੈਸ ਕਲੱਬ ਦੇ ਸਾਬਕਾ ਮੁਖੀ ਗੁਰਵਿੰਦਰ ਸਿੰਘ ਧਾਲੀਵਾਲ ਨੂੰ ਪਿਛਲੀ ਯੂਪੀਏ ਸਰਕਾਰ ਤੇ ਮੌਜੂਦਾ ਐਨਡੀਏ ਸਰਕਾਰ ਦੋਨਾਂ ਦਾ ਹੀ ਵਿਰੋਧ ਝੱਲਣਾ ਪਿਆ ਸੀ। ਸੰਨ 2010 ਵਿਚ ਜਦ ਉਸ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਸਾਹਿਤਕ ਪੱਤਰਕਾਰੀ ਦੇ ਲਈ ਸ਼੍ਰੋਮਣੀ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ ਤਾਂ ਉਸ ਸਮੇਂ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ। ਧਾਲੀਵਾਲ ਨੇ ਦੱਸਿਆ ਕਿ ਆਪਣਾ ਵੀਜ਼ਾ ਦੁਬਾਰਾ ਹਾਸਲ ਕਰਨ ਵਿਚ ਉਸ ਨੂੰ ਦੋ ਸਾਲ ਦਾ ਸਮਾਂ ਲੱਗਾ। ਇਹ ਤਦ ਹੀ ਸੰਭਵ ਹੋ ਸਕਿਆ, ਜਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧਿਕਾਰੀਆਂ ਨੇ ਦਖਲ ਦਿੰਦੇ ਹੋਏ ਕਿਹਾ ਕਿ ਆਪਣੇ ਪੀਐਚਡੀ ਕੰਮ ਦੇ ਲਈ ਗੁਰਵਿੰਦਰ ਸਿੰਘ ਧਾਲੀਵਾਲ ਨੂੰ ਯੂਨੀਵਰਸਿਟੀ ਆਉਣਾ ਜ਼ਰੂਰੀ ਹੈ। ਗੁਰਵਿੰਦਰ ਸਿੰਘ ਧਾਲੀਵਾਲ ਦੱਸਦੇ ਹਨ। ਮੈਨੂੰ ਅਧਿਕਾਰੀਆਂ ਨੇ ਅਜਿਹੇ ਸੁਆਲ ਕੀਤੇ ਜਿਵੇਂ ਮੈਂ ਭਾਰਤ ਵਿਰੋਧੀ ਹਾਂ ਤੇ ਖਾਲਿਸਤਾਨੀ ਮੁਹਿੰਮ ਦਾ ਹਿੱਸਾ ਰਿਹਾ ਹਾਂ। ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਮੈਂ ਅੱਜ ਤੱਕ ਤੱਥ ਆਧਾਰਿਤ ਪੱਤਰਕਾਰੀ ਕੀਤੀ ਹੈ ਤੇ ਮੈਂ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ’ਤੇ ਗੱਲ ਕਰਦਾ ਰਹਾਂਗਾ। ਭਾਵੇਂ ਇਹ ਮਾਮਲਾ 1984 ਸਿੱਖ ਕਤਲੇਆਮ ਦਾ ਹੋਵੇ, ਜੂਨ 84 ਦਾ ਹੋਵੇ, ਦਲਿਤਾਂ ਦੇ ਕਤਲੇਆਮ ਦਾ ਹੋਵੇ, 2002 ਦਾ ਗੁਜਰਾਤ ਕਤਲੇਆਮ ਦਾ ਹੋਵੇ। ਉਹ ਦੱਸਦੇ ਹਨ ਕਿ ਜੋ ਪੱਤਰਕਾਰ ਭਾਰਤੀ ਹਾਈ ਕਮਿਸ਼ਨ ਅੱਗੇ ਨਹੀਂ ਝੁਕਦੇ, ਉਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

2014 ਦੌਰਾਨ ਜਦ ਭਾਜਪਾ ਸੱਤਾ ਵਿਚ ਆਈ ਤਦ ਗੁਰਵਿੰਦਰ ਸਿੰਘ ਧਾਲੀਵਾਲ ਦਾ ਵੀਜ਼ਾ ਰੋਕਿਆ ਗਿਆ। ਧਾਲੀਵਾਲ ਦਾ ਮੰਨਣਾ ਹੈ ਕਿ ਸਰਕਾਰ ਭਾਵੇਂ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਜੇਕਰ ਤੁਸੀਂ ਮੁੱਦੇ ਉਠਾਉਂਦੇ ਹੋ ਤਾਂ ਤੁਹਾਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਮੋਦੀ ਸਰਕਾਰ ਦੇ ਸਮੇਂ ਅਜਿਹਾ ਜ਼ਿਆਦਾ ਹੋ ਰਿਹਾ ਹੈ।

ਇਕ ਪ੍ਰਵਾਸੀ ਵੀਕਲੀ ਅਖਬਾਰ ਦੇ ਸੰਪਾਦਕ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ ’ਤੇ ਦੱਸਿਆ ਕਿ ਉਸ ਨੂੰ ਵੀ ਕਈ ਵਾਰ ਵੀਜ਼ੇ ਦੇ ਮਾਮਲੇ ਵਿਚ ਉਲਝਾਇਆ ਗਿਆ ਹੈ। 2007 ਦੌਰਾਨ ਉਸ ਨੂੰ ਦਿੱਲੀ ਏਅਰਪੋਰਟ ਤੋਂ ਹੀ ਵਾਪਸ ਭੇਜ ਦਿੱਤਾ ਗਿਆ। 2015 ਵਿਚ ਉਸ ਨੇ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਲਈ ਪੰਜਾਬ ਆਉਣਾ ਸੀ, ਪਰ ਵੀਜ਼ਾ ਨਹੀਂ ਦਿੱਤਾ ਗਿਆ। ਇਨਾਂ ਪੱਤਰਕਾਰਾਂ ਦਾ ਕਹਿਣਾ ਹੈ ਕਿ ਉਹ ਕਿਸੇ ਬਲੈਕ ਲਿਸਟ ਵਿਚ ਸ਼ਾਮਲ ਨਹੀਂ ਹਨ। ਪਰ ਫਿਰ ਵੀ ਉਨਾਂ ਨੂੰ ਨਿਸ਼ਾਨਾ ਬਣਾ ਕੇ ਅਪਮਾਨਿਤ ਕੀਤਾ ਜਾਂਦਾ ਹੈ।

ਵੀਜ਼ਾ ਰੱਦ ਕਰ ਦੇਣਾ ਜਾਂ ਬਲੈਕ ਲਿਸਟ ਵਿਚ ਸ਼ਾਮਲ ਕਰ ਦੇਣ ਦਾ ਡਰ ਪ੍ਰਵਾਸੀ ਭਾਰਤੀ ਪੱਤਰਕਾਰਾਂ ਦੀ ਜ਼ੁਬਾਨ ਬੰਦ ਕਰਨ ਦਾ ਇਕ ਕਾਰਗਰ ਹਥਿਆਰ ਹੈ। ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਜੋ ਵੀ ਸਰਕਾਰ ਦੀ ਰਾਏ ਤੋਂ ਅਲੱਗ ਵਿਚਾਰ ਰੱਖਦਾ ਹੈ, ਭਾਵੇਂ ਉਹ ਖੱਬੇ ਪੱਖੀ ਹੋਵੇ ਜਾਂ ਖਾਲਿਸਤਾਨੀ ਜਾਂ ਫਿਰ ਲਿਬਰਲ ਹੋਵੇ ਉਸ ਨੂੰ ਸਰਕਾਰ ਬਲੈਕ ਲਿਸਟ ਵਿਚ ਪਾ ਦਿੰਦੀ ਹੈ। ਇਹ ਬਲੈਕ ਲਿਸਟ ਵਿਅਕਤੀ ਦੇ ਸੁਤੰਤਰ ਵਿਚਾਰਾਂ ਦਾ ਗਲਾ ਘੁਟਣ ਦੇ ਕੰਮ ਆਉਂਦੀ ਹੈ। ਐਨ ਆਰ ਆਈ ਪੱਤਰਕਾਰ ਆਪਣੀ ਜਨਮ ਭੂਮੀ ਨਾਲ ਭਾਵਾਤਮਕ ਤੌਰ ਉਤੇ ਜੁੜੇ ਹੁੰਦੇ ਹਨ। ਉਨਾਂ ਦੀਆਂ ਜ਼ਿਆਦਾਤਰ ਰਿਸ਼ਤੇਦਾਰੀਆਂ ਤੇ ਜਾਇਦਾਦ ਭਾਰਤ ਵਿਚ ਹੀ ਹੈ। ਇਸ ਲਈ ਉਹ ਆਪਣੀ ਮਿੱਟੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

ਭਾਰਤੀ ਕਮਿਸ਼ਨ ਦੇ ਇਕ ਅਧਿਕਾਰੀ ਨੇ ਜਾਣਕਾਰੀ ਦਿੱਤੀ ਕਿ ਕੇਵਲ ਪੰਜ ਲੋਕਾਂ ਦੁਆਰਾ ਅਲੱਗ ਤੋਂ ਲਿਖੀ ਗਈ ਲਿਖਤੀ ਸ਼ਿਕਾਇਤ ਵੀਜ਼ਾ ਰੱਦ ਕਰਨ ਦੇ ਲਈ ਆਧਾਰ ਬਣਾਇਆ ਜਾਂਦਾ ਹੈ।

ਭਾਰਤ ਵਿਚ ਰਹਿ ਕੇ ਐਨਆਰਆਈ ਮੀਡੀਆ ਦੇ ਲਈ ਕੰਮ ਕਰਨ ਵਾਲੇ ਪੱਤਰਕਾਰਾਂ ਦੇ ਸਾਹਮਣੇ ਘੱਟ ਚੁਣੌਤੀਆਂ ਨਹੀਂ ਹਨ। ਸ਼ਿਵ ਇੰਦਰ ਸਿੰਘ ਜੋ ਲੁਧਿਆਣੇ ਦੇ ਸਾਹਿਤਕਾਰ ਤੇ ਪੱਤਰਕਾਰ ਹਨ, ਇਕ ਰੇਡੀਓ ਚੈਨਲ ਰੈਡ ਐਫਐਮ ਕੈਨੇਡਾ ਦੇ ਲਈ ਕੰਮ ਕਰਦੇ ਸਨ। ਪਹਿਲਾਂ ਉਸ ਨੂੰ ਉਸ ਦੇ ਸਾਥੀ ਹੋਸਟ ਦੁਆਰਾ ਕਹਾਇਆ ਗਿਆ ਕਿ ਉਹ ਪ੍ਰਧਾਨ ਮੰਤਰੀ ਦੀ ਆਲੋਚਨਾ ਨਾ ਕਰੇ। ਉਸ ਨੂੰ ਇਹ ਵੀ ਕਿਹਾ ਗਿਆ ਕਿ ਉਹ ਮੋਦੀ ਨੂੰ ਨਰਿੰਦਰ ਮੋਦੀ ਜੀ ਕਹਿ ਕੇ ਸੰਬੋਧਨ ਕਰੇ। ਸ਼ਿਵ ਇੰਦਰ ਦਾ ਇਹ ਕਹਿਣਾ ਸੀ ਕਿ ਜਦ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਜਸਟਿਨ ਟਰੂਡੋ ਨੂੰ ਟਰੂਡੋ ਕਹਿੰਦੇ ਹਨ ਤਾਂ ਮੋਦੀ ਨੂੰ ਮੋਦੀ ਜੀ ਕਹਿਣ ਦੀ ਕੀ ਜ਼ਰੂਰਤ ਹੈ ? ਸ਼ਿਵਇੰਦਰ ਦਾ ਕਹਿਣਾ ਹੈ ਕਿ ਉਸ ਦੇ ਦੁਆਰਾ ਘੱਟ ਗਿਣਤੀਆਂ ਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਉਠਾਉਣ ’ਤੇ ਰੇਡੀਓ ਮਾਲਕਾਂ ਨੂੰ ਇਤਰਾਜ਼ ਸੀ। ਜਦ ਉਸ ਨੇ ਕਾਰਗਿਲ ਦਿਵਸ ’ਤੇ ਰਿਪੋਰਟਿੰਗ ਕੀਤੀ ਤਾਂ ਰੇਡੀਓ ਮਾਲਕਾਂ ਨੇ ਉਸ ਨੂੰ ਕਿਹਾ ਕਿ ਚੰਗਾ ਇਹੀ ਹੋਵੇਗਾ ਕਿ ਤਿੰਨ ਮਹੀਨਿਆਂ ਬਾਅਦ ਤੁਸੀਂ ਸਾਡੇ ਨਵੇਂ ਪ੍ਰੋਗਰਾਮ ਦੇ ਹਿੱਸਾ ਨਾ ਬਣੋ। ਬਾਅਦ ਵਿਚ ਰੇਡੀਓ ਸਟਾਫ ਨੇ ਉਸ ਦੇ ਫੋਨ ਚੁਕਣੇ ਬੰਦ ਕਰ ਦਿੱਤੇ। ਸ਼ਿਵਇੰਦਰ ਦੇ ਕੈਨੇਡਾ ਰਹਿੰਦੇ ਮਿੱਤਰਾਂ ਨੇ ਜਦ ਰੇਡੀਓ ਦੇ ਸੀਈਓ ਦੇ ਨਾਲ ਇਸ ਬਾਰੇ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਮੋਦੀ ਤੇ ਭਾਰਤੀ ਸੈਨਾ ਦੀ ਆਲੋਚਨਾ ਕਰਨ ਦੇ ਕਾਰਨ ਉਨਾਂ ਨੂੰ ਇਹ ਕਾਰਵਾਈ ਕਰਨੀ ਪਈ। ਸ਼ਿਵ ਇੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਮੁੱਦਾ ਮੈਂ ਕੈਨੇਡੀਅਨ ਬ੍ਰਾਂਡ ਕਾਸਟਿੰਗ ਅਥਾਰਿਟੀ ਦੇ ਸਾਹਮਣੇ ਵੀ ਉਠਾ ਚੁੱਕਿਆ ਹਾਂ।

ਕੈਨੇਡਾ ਦੇ ਪੰਜਾਬੀ ਟੀਵੀ ਹੋਸਟ ਪੈਰੀ ਦੁਲੇ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਉਸ ਦੀ ਨਿਰਪੱਖ ਰਿਪੋਰਟਿੰਗ ਦੇ ਕਾਰਨ ਉਸ ਦਾ ਸੰਬੰਧ ਅੱਤਵਾਦੀ ਗਤੀਵਿਧੀਆਂ ਵਾਲੇ ਗਰੁੱਪ ਦੇ ਨਾਲ ਜੋੜ ਦਿੱਤਾ ਤੇ ਕੈਨੇਡਾ ਸਰਕਾਰ ਨੂੰ ਕਹਿ ਕੇ ਉਸ ਦਾ ਨਾਮ ਨੋ ਫਲਾਈ ਲਿਸਟ ਵਿਚ ਸ਼ਾਮਲ ਕਰਵਾ ਦਿੱਤਾ, ਜਿਸ ਕਾਰਨ ਉਹ ਉਹ ਹੁਣ ਕੈਨੇਡਾ ਵਿਚ ਜਹਾਜ਼ ਦੁਆਰਾ ਸਫਰ ਨਹੀਂ ਕਰ ਸਕਦਾ।

ਉੱਤਰੀ ਅਮਰੀਕਾ ਤੇ ਇਕ ਹੋਰ ਪੱਤਰਕਾਰ ਦੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ ਕਿ ਇਥੋਂ ਦੇ ਪ੍ਰਵਾਸੀ ਮੀਡੀਆ ਭਾਰਤੀ ਹਾਈ ਕਮਿਸ਼ਨ ਤੇ ਭਾਰਤੀ ਰਾਜਨੀਤਕ ਪਾਰਟੀਆਂ ਦੀਆਂ ਇਕਾਈਆਂ ਵਿਚ ਇਕ ਗਠਜੋੜ ਬਣਿਆ ਹੋਇਆ ਹੈ। ਭਾਰਤ ਵਿਚ ਆਉਣ ਵਾਲੇ ਰਾਜਨੀਤਕ ਨੇਤਾ ਤੇ ਉਨਾਂ ਦੀਆਂ ਰਾਜਨੀਤਕ ਇਕਾਈਆਂ ਭਾਰਤੀ ਦੂਤਾਵਾਸ ਦੇ ਨਾਲ ਵਧੀਆ ਸੰਬੰਧ ਬਣਾਈ ਰੱਖਣਾ ਚਾਹੁੰਦੀਆਂ ਹਨ।

ਬਾਕੀ ਸਫ਼ਾ 31 ’ਤੇ

# ਵੱਡਾ ਘੱਲੂਘਾਰਾ ਚੜਦੀ ਕਲਾ ਦਾ ਪ੍ਰਤੀਕ

**- ਪ੍ਰਮਿੰਦਰ ਸਿੰਘ ਪ੍ਰਵਾਨਾ**

(ਫੋਨ: 510-781-0487)

ਸਿੱਖ ਧਰਮ ਦੀ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲੈ ਆਂਦਾ। ਸਮਾਜ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜਦੀ ਕਲਾ ਅਤੇ ਸਵੈ ਮਾਣ ਨਾਲ ਜੀਵਨ ਜਿਉਣ ਦੀ ਜਾਚ ਸਿਖਾਈ। ਨਿਮਾਣੇ ਤੇ ਨਿਤਾਣੇ ਲੋਕ ਜਦੋਂ ਗੁਰਮਤਿ ਵਿਚਾਰਧਾਰਾ ਦਾ ਗਾਡੀ ਰਾਹ ਅਪਣਾ ਲੈਂਦੇ ਤਾਂ ਉਹ ਮੌਤ ਦੇ ਡਰ ਤੋਂ ਮੁਕਤ ਹੋ ਜਾਂਦੇ। ਉਨਾਂ ਅੰਦਰ ‘ਨਿਸ਼ਚੇ ਕਰ ਅਪਨੀ ਜੀਤ ਕਰੋ’ ਦਾ ਜੋਸ਼ ਠਾਠਾਂ ਮਾਰਨ ਲਗਦਾ। ਉਨਾਂ ਸਮਿਆਂ ’ਚ ਜਦੋਂ ਕਿ ਮੁਗਲਾਂ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਤਾਂ ਸਿੱਖਾਂ ਨੇ ਵੀ ਕੁਰਬਾਨੀਆਂ ਦੇ ਗੰਜ ਲਾ ਦਿੱਤੇ। ਮੁਗਲਾਂ ਨੇ ਸਿੱਖਾਂ ਨੂੰ ਮੁਕਾਉਣ ਲਈ ਸਭ ਹੀਲੇ ਵਰਤੇ। ਮੁਗਲਾਂ ਵੱਲੋਂ ਸਿੱਖਾਂ ’ਤੇ ਕੀਤੇ ਗਏ ਸਭ ਤੋਂ ਵੱਡੇ ਹੱਲਿਆਂ ਨੂੰ ਘੱਲੂਘਾਰਿਆਂ ਵੱਜੋਂ ਯਾਦ ਕੀਤਾ ਜਾਂਦਾ ਹੈ। ਪਹਿਲਾ ਘੱਲੂਘਾਰਾ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ, 1746 ਈਸਵੀ ਵਿਚ ਕਾਹਨੂੰਵਾਨ ਦੇ ਛੰਬ ਵਿਚ ਹੋਇਆ। ਦੂਜਾ ਘੱਲੂਘਾਰਾ 1762 ਈਸਵੀ ਵਿਚ ਕੁੱਪ ਰਹੀੜੇ ਹੋਇਆ ਜਿਸ ਵਿਚ ਇਕ ਹੀ ਦਿਨ ਵਿਚ 30000 ਤੋਂ ਵੱਧ ਸਿੰਘਾਂ ਨੇ ਆਪਣੀ ਜਾਨ ਕੁਰਬਾਨ ਕੀਤੀ। ਇਹ ਘੱਲੂਘਾਰਾ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬ ਬਾਹਮਣੀਆ ਕੋਲ ਜਾ ਕੇ ਖਤਮ ਹੋਇਆ।

ਮੁਗਲ ਬਾਦਸ਼ਾਹ ਅਹਿਮਦ ਸ਼ਾਹ ਅਦਬਾਲੀ ਇਕ ਲੱਖ ਫੌਜ ਲੈ ਕੇ 1762 ਈਸਵੀ ਵਿਚ ਪੰਜਾਬ ਵਿਚ ਦਾਖਲ ਹੋਇਆ। ਸਿੱਖਾਂ ਨੇ ਮਲੇਰਕੋਟਲੇ ਕੋਲ ਕੁੱਪ ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ। ਸਿੱਖਾਂ ਦੇ ਵਹੀਰ ਵਿਚ ਬਜ਼ੁਰਗ, ਔਰਤਾਂ ਤੇ ਬੱਚੇ ਸ਼ਾਮਲ ਸਨ। ਅਦਬਾਲੀ ਨੇ ਸਿੱਖਾਂ ’ਤੇ ਅਚਾਨਕ ਹਮਲਾ ਬੋਲ ਦਿੱਤਾ। ਸਿੱਖਾਂ ਨੇ ਬੱਚਿਆਂ ਤੇ ਔਰਤਾਂ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ। ਸਿੰਘ ਲੜਦੇ ਹੋਏ ਵਹੀਰ ਦੇ ਪਿੱਛੇ ਪਿੱਛੇ ਜਾ ਰਹੇ ਸਨ। ਉਸ ਵੇਲੇ ਤੱਕ ਇਕ ਪਾਸਿਓਂ ਜੈਨ ਖਾਨ, ਦੂਜੇ ਪਾਸੇ ਭੀਖਣ ਖਾਂ ਨਵਾਬ ਮਾਲੇਰਕੋਟਲਾ ਅਤੇ ਲੱਛਮੀ ਸਹਾਏ ਦੀਵਾਨ ਰਾਏ ਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ ਚੁੱਕੇ ਸਨ। ਸਿੰਘਾਂ ਨੇ ਚਾਰੇ ਪਾਸਿਓਂ ਘਿਰੇ ਵੇਖ ਕੇ ਸਿਰ ਧੜ ਦੀ ਬਾਜ਼ੀ ਲਾ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਲੜ ਰਹੇ ਸਿੰਘਾਂ ਨੂੰ ਲੜਾਈ ਵਿਚ ਉਲਝੇ ਤਾੜ ਕੇ, ਅਬਦਾਲੀ ਦੀ ਫੌਜ ਨੇ ਅੱਗੇ ਜਾ ਰਹੇ ਵਹੀਰ ’ਤੇ ਹਮਲਾ ਕਰ ਦਿੱਤਾ ਤੇ ਵੱਡੀ ਗਿਣਤੀ ਵਿਚ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਉਧਰ ਸਿੱਖ ਵੀ ਵਹੀਰ ਦੀ ਰਾਖੀ ਲਈ ਆ ਪਹੁੰਚੇ। ਉਹ ਵਹੀਰ ਦੇ ਆਲੇ ਦੁਆਲੇ ਫੌਜੀ ਕਿਲਾ ਬਣਾ ਕੇ ਲੜ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੀ ਜੰਗ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਜੋ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ’ਤੇ ਵੀ ਅਨੇਕਾਂ ਹੀ ਜ਼ਖ਼ਮ ਸਨ।

ਸਿੰਘਾਂ ਨੇ ਇਹ ਜਾਣ ਲਿਆ ਸੀ ਕਿ ਹੁਣ ਦੁਸ਼ਮਣ ਤੋਂ ਬਚਣਾ ਮੁਸ਼ਕਿਲ ਹੈ। ਇਸ ਲਈ ਲੜ ਮਰਨਾ ਹੀ ਬਿਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਤਾਣ ਲਾ ਕੇ ਤਕੜਾ ਹਮਲਾ ਕੀਤਾ । ਇਹ ਬੇਮਿਸਾਲ ਦਲੇਰੀ ਦੀ ਜੰਗ ਸੀ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੀ ਫੌਜ ਸਿੱਖਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ



ਜਾਨ ਬਚਾਉਣ ਲੱਗੀ। ਸਿੰਘ ਲੜਦੇ ਲੜਦੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀ ਫੌਜ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲੇ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ। ਤੁਰਕਾਂ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਅਸਾਨ ਨਹੀਂ ਹੈ। ਸਭ ਤੋਂ ਵੱਡੀ ਕਮਾਲ ਦੀ ਗੱਲ ਇਹ ਹੈ ਕਿ ਇੰਨੇ ਵੱਡੇ ਨੁਕਸਾਨ ਦੇ ਬਾਵਜੂਦ ਸਿੰਘਾਂ ਨੇ ਅਗਲੇ ਸਾਲ 1763 ਈਸਵੀ ਵਿਚ ਸਰਹਿੰਦ ਜਿੱਤ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰਾਂ ਇਹ ਘੱਲੂਘਾਰੇ ਸਿੱਖ ਪੰਥ ਦੀ ਚੜਦੀ ਕਲਾ ਦੇ ਪ੍ਰਤੀਕ ਹਨ, ਜਿਨਾਂ ਨੇ ਅੱਗੇ ਜਾ ਕੇ ਆਜ਼ਾਦ ਸਿੱਖ ਰਾਜ ਦੀਆਂ ਨੀਂਹਾਂ ਪੱਕੀਆਂ ਕੀਤੀਆਂ।

## ਸਾਢੇ ਪੰਜ ਸੌ ਸਾਲਾ 'ਤੇ ਵਿਸ਼ੇਸ਼

# ਭਾਰਤ-ਪਾਕਿ ਦੋਸਤੀ ਦਾ ਆਧਾਰ ਗੁਰੂ ਨਾਨਕ ਦਾ ਖੁੱਲਾ ਲਾਂਘਾ ਕਰਤਾਰਪੁਰ ਸਾਹਿਬ

**- ਡਾਕਟਰ ਤਾਹਿਰ ਮਹਿਮੂਦ**

ਡੇਰਾ ਸਾਹਿਬ ਲਾਹੌਰ ਤੋਂ ਕਰਤਾਰਪੁਰ ਦਾ ਫ਼ਾਸਲਾ 143 ਕਿਲੋਮੀਟਰ ਹੈ। ਬਾਬਾ ਗੁਰੂ ਨਾਨਕ ਦੇਵ ਜੀ ਦੇ ਘਰ ਦਰਬਾਰ ਸਾਹਿਬ ਤੋਂ ਹਿੰਦੁਸਤਾਨੀ ਪੰਜਾਬ ਦੀ ਸਰਹੱਦ 4 ਕਿਲੋਮੀਟਰ ਦੂਰੀ 'ਤੇ ਹੈ। ਇਸ ਵਿਚਕਾਰ ਦਰਿਆ-ਏ-ਰਾਵੀ ਦਾ ਪਾਟ (ਰਾਹਗੁਜ਼ਰ) ਦੀ ਚੌੜਾਈ ਡੇਢ ਕਿਲੋਮੀਟਰ ਹੈ। ਦਰਅਸਲ ਬਾਬਾ ਜੀ ਦਾ ਘਰ ਹਿੰਦੁਸਤਾਨੀ ਪੰਜਾਬ ਨਾਲ ਹੀ ਜੁੜਿਆ ਹੋਇਆ ਹੈ। ਇਸ ਦਾ ਇਕ ਬੂਹਾ ਚੜਦੇ ਪੰਜਾਬ ਵੱਲ ਹੀ ਖੁੱਲਦਾ ਹੈ। ਪੰਜਾਬ ਦੀ ਸਰਹੱਦ ਨਾਲ ਜੁੜਿਆ ਹੋਇਆ ਚਾਰ ਮੁਰੱਬਾ ਕਿਲੋਮੀਟਰ ਦਾ ਇਲਾਕਾ। ਇਸ ਬਹੁਤ ਵੱਡੇ ਵਿਹੜੇ ਦੀ ਸ਼ਕਲ-ਓ-ਸੂਰਤ ਰੱਖਦਾ ਹੈ। ਇਸ ਦਾ ਮੁੱਖ ਗੇਟ ਸਿੱਖ ਕੌਮ ਲਈ ਇਕ ਬਹਿਸ਼ਤੀ ਗੇਟ ਦੀ ਹੈਸੀਅਤ ਰੱਖਦਾ ਹੈ। ਜੋ ਸਿੱਖ ਭਾਈਚਾਰੇ ਲਈ ਰੋਜ਼ਾਨਾ ਖੁੱਲਦਾ ਰਹੇਗਾ। ਬਾਬਾ ਗੁਰੂ ਨਾਨਕ ਦੇਵ ਜੀ ਦਾ ਇਨਸਾਨਾਂ ਤੇ ਇਨਸਾਨੀਅਤ ਬਾਰੇ ਫ਼ਲਸਫ਼ਾ ਵਿਚਾਰ ਤੇ ਪ੍ਰਚਾਰ ਸੋਲਵੀਂ ਸਦੀ ਅੰਦਰ ਵਾਪਰਨ ਵਾਲਾ ਸਭ ਤੋਂ ਵੱਡਾ ਇਨਕਲਾਬ ਸੀ, ਜਿਸ ਵਿਚੋਂ ਇਕ ਨਵੀਂ 'ਸਿੱਖ ਕੌਮ' ਨੇ ਜਨਮ ਲਿਆ। ਬਾਬਾ ਜੀ ਦੀ ਸਿੱਖਿਆ ਕੁਫ਼ਰ ਦੇ ਹਨੇਰਿਆਂ ਵਿਚ ਡੁੱਬੀ ਹੋਈ ਇਨਸਾਨੀਅਤ ਲਈ ਇਕ ਰੌਸ਼ਨ ਮੁਨਾਰਾ ਹੈ, ਜਿਸ ਦੀ ਬੁਨਿਆਦ ਰੂਹਾਨੀਅਤ-ਤੌਹੀਦ ਪ੍ਰਸਤੀ, ਕਿਰਤ ਕਰਨਾ, ਰੱਬ ਦਾ ਨਾਮ ਜਪਣਾ, ਵੰਡ ਛਕਣਾ, ਕਰ ਸਭ ਦਾ ਭਲਾ, ਆਪਣੇ ਮਨ ਨੂੰ ਰੱਬੀ ਸੁਰ ਨਾਲ ਭਰ ਲੈਣਾ ਹੈ।

ਬਾਬਾ ਜੀ ਦੀ ਸਿੱਖਿਆ ਵਿਚ ਸੂਫ਼ੀ ਸੰਤਾਂ ਦੇ ਵਿਚਾਰ ਤੇ ਰੰਗ ਵੀ ਸ਼ਾਮਿਲ ਹਨ। ਸਿੱਖ ਮਤ ਵੀ ਇਸਲਾਮ ਦੀ ਤਰਾਂ ਕਿਰਦਾਰ ਨੂੰ ਸੰਵਾਰਨ ਤੇ ਸਭ ਨੂੰ ਬਰਾਬਰ ਸਮਝਣ 'ਤੇ ਜ਼ੋਰ ਦਿੰਦਾ ਹੈ। ਬਾਬਾ ਗੁਰੂ ਨਾਨਕ ਦੇਵ ਜੀ ਨੇ ਕੱਟੜਪੰਥੀ ਹਿੰਦੂਆਂ ਅਤੇ ਇੰਤਹਾ ਪਸੰਦ ਮੁਸਲਮਾਨਾਂ ਦੇ ਗ਼ਲਤ ਅਕੀਦਿਆਂ, ਵਿਚਾਰਾਂ ਤੇ ਗ਼ਲਤ ਧਾਰਮਿਕ ਸੋਚਾਂ ਦੀ ਡਟ ਕੇ ਵਿਰੋਧਤਾ ਕੀਤੀ। ਦੁਨੀਆ ਦੀਆਂ ਸਾਰੀਆਂ ਕੌਮਾਂ ਤੇ ਕੌਮਾਂ ਦੇ ਮੰਨੇ ਜਾਣ ਵਾਲੇ ਧਰਮਾਂ ਵਿਚਕਾਰ ਲਚਕਦਾਰ ਰਵੱਈਆ ਆਪਸੀ ਮੁਹੱਬਤ ਤੇ ਸਭ ਇਨਸਾਨ ਬਰਾਬਰ ਹਨ, ਦੇ ਸਭ ਤੋਂ ਵੱਡੇ ਪ੍ਰਚਾਰਕ ਬਾਬਾ ਗੁਰੂ ਨਾਨਕ ਦੇਵ ਜੀ ਸਨ। ਉਹ ਇਕ ਅਕਾਲ ਪੁਰਖ਼ ਵਿਚ ਯਕੀਨ ਰੱਖਦੇ ਸਨ ਅਤੇ 'ਜਾਦੂ-ਟੂਣਾ', 'ਤਵੀਜ਼-ਗੰਢਾ', 'ਝਾੜ-ਫੂਕ' ਤੇ ਵਹਿਮਾਂ ਭਰਮਾਂ ਦੇ ਸਖ਼ਤ ਵਿਰੁੱਧ ਸਨ। ਇਹ ਸਿੱਖ ਧਰਮ ਦੇ ਸੁਨਹਿਰੀ ਅਸੂਲ ਤੇ ਤਾਲੀਮਾਤ ਹੈ।

ਦੁਨੀਆ ਭਰ ਵਿਚ ਸਿੱਖ ਕੌਮ ਦੀ ਇਕ ਅਲੱਗ ਸ਼ਨਾਖ਼ਤ ਤੇ ਸਰਦਾਰੀ ਹੈ। ਗੁਰੂ ਗ੍ਰੰਥ ਸਾਹਿਬ ਇਕ ਆਮ ਇਨਸਾਨ ਲਈ ਹੀ ਨਹੀਂ ਬਲਕਿ ਪੂਰੀ ਇਨਸਾਨੀਅਤ ਲਈ ਇਕ ਮਹਾਨ ਮਜ਼ਹਬੀ ਰਹਿਬਰ (ਨੇਕ ਰਸਤਾ ਦਿਖਾਉਣ ਵਾਲਾ) ਤੇ ਗੁਰੂ ਦੀ ਹੈਸੀਅਤ ਰੱਖਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਇਹ ਹੈਸੀਅਤ ਤੇ ਰੁਤਬਾ-ਕੱਲ ਵੀ ਸੀ, ਅੱਜ ਵੀ ਹੈ ਤੇ ਹਮੇਸ਼ਾ ਰਹੇਗਾ। ਅਸੀਂ ਮੁਸਲਮਾਨ ਹੱਥ ਜੋੜ ਕੇ ਤੇ ਸੀਸ ਨਿਵਾ ਕੇ ਗੁਰੂ ਗ੍ਰੰਥ ਸਾਹਿਬ ਨੂੰ ਸਲਾਮ ਪੇਸ਼ ਕਰਦੇ ਹਾਂ। ਪਾਕਿਸਤਾਨ ਨੇ ਸਿੱਖ ਕੌਮ ਨੂੰ ਬਿਨਾਂ ਵੀਜ਼ਾ ਕਰਤਾਰਪੁਰ ਤੱਕ ਪਹੁੰਚ ਲਈ ਜੋ ਸਹੂਲਤ ਦਿੱਤੀ ਹੈ, ਇਹ ਸਹੂਲਤ ਹਿੰਦ-ਪਾਕਿ ਦੇ ਕਰੋੜਾਂ ਮੁਸਲਮਾਨਾਂ ਨੂੰ ਹਾਸਲ ਨਹੀਂ ਹੈ, ਨਾ ਹੀ ਇੰਜ ਦੀ ਕੋਈ ਸਹੂਲਤ ਦੇਣ ਦਾ ਪ੍ਰੋਗਰਾਮ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਹੈ। ਦੋਵਾਂ ਮੁਲਕਾਂ ਦੇ ਮੁਸਲਮਾਨਾਂ ਦਾ ਸਰਹੱਦ ਤੋਂ ਆਰ-ਪਾਰ ਆਉਣਾ-ਜਾਣਾ ਇਕ ਬਹੁਤ ਮੁਸ਼ਕਿਲ ਤੇ ਨਾ ਹੱਲ ਹੋਣ ਵਾਲਾ ਮਸਲਾ ਬਣਿਆ ਹੋਇਆ ਹੈ। ਅਜਿਹੇ ਗੰਭੀਰ ਮਾਮਲੇ ਕਾਰਨ ਦੋਵਾਂ ਮੁਲਕਾਂ ਦੇ ਮੁਸਲਮਾਨ ਪ੍ਰੇਸ਼ਾਨ ਹਨ। ਬਿਨਾਂ ਵੀਜ਼ਾ ਜੋ ਸਹੂਲਤ ਬਾਬਾ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਸਾਹਿਬ ਤੱਕ ਪਹੁੰਚਣ ਲਈ ਸਿੱਖ ਕੌਮ ਨੂੰ ਦਿੱਤੀ ਗਈ ਹੈ, ਇੰਝ ਹੀ ਹਿੰਦ-ਪਾਕਿ ਵਿਚ ਵਸਣ ਵਾਲੇ ਦੂਜੇ ਧਰਮਾਂ-ਮਜ਼ਹਬਾਂ ਦੇ ਮੰਨਣ ਵਾਲਿਆਂ ਨੂੰ ਵੀ ਅਜਿਹੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਦੋਵਾਂ ਮੁਲਕਾਂ ਦੇ ਲੋਕਾਂ ਦੀਆਂ ਆਪਸੀ ਸਾਂਝਾਂ ਵਧਾਉਣ ਤੇ ਅਮਨ ਕਾਇਮ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਅਜਿਹੀਆਂ ਸਹੂਲਤਾਂ ਆਪਸੀ ਦੋਸਤੀ ਤੇ ਮਸਲਿਆਂ ਦੇ ਹੱਲ ਲਈ ਬੁਨਿਆਦੀ ਕਿਰਦਾਰ ਅਦਾ ਕਰ ਸਕਦੀਆਂ ਹਨ। ਤਕਸੀਮ-ਏ-ਹਿੰਦ ਤੋਂ ਬਾਅਦ ਇਕ ਲੰਮੇ ਸਮੇਂ ਤੱਕ ਹਿੰਦੂ-ਸਿੱਖ ਮੁਸਲਮਾਨ ਭਾਈਚਾਰਾ ਸਰਹੱਦ ਦੇ ਆਰ-ਪਾਰ ਬਿਨਾਂ ਵੀਜ਼ਾ ਆਉਂਦਾ ਜਾਂਦਾ ਰਿਹਾ ਹੈ। ਪਰ ਜਿਵੇਂ-ਜਿਵੇਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ ਸ਼ੱਕ-ਨਫ਼ਰਤ ਤੇ ਜੰਗੀ ਜਨੂੰਨੀਅਤ ਵਿਚ ਵਾਧਾ ਹੁੰਦਾ ਗਿਆ ਤਿਉਂ-ਤਿਉਂ ਦੋਵਾਂ ਮੁਲਕਾਂ ਦੀਆਂ ਹਕੂਮਤਾਂ ਨੇ ਦੋਹਾਂ ਮੁਲਕਾਂ ਵਿਚ ਆਉਣ-ਜਾਣ ਲਈ ਨਾ ਕੇਵਲ ਵੀਜ਼ਾ ਜ਼ਰੂਰੀ ਕਰਾਰ ਦੇ ਦਿੱਤਾ ਬਲਕਿ ਆਪਸ ਵਿਚ ਮਿਲਵਰਤਣ 'ਤੇ ਵੀ ਅਨੇਕਾਂ ਪਾਬੰਦੀਆਂ ਲਾ ਦਿੱਤੀਆਂ।

ਦੋਵਾਂ ਮੁਲਕਾਂ ਦੀਆਂ ਸਰਕਾਰਾਂ ਦੀ ਇਸ ਪਾਲਿਸੀ ਕਾਰਨ ਜੁਦਾਈਆਂ ਤੇ ਵਿਛੋੜਿਆਂ ਦੇ ਹੱਥੀਂ ਚੜੇ ਪਰਿਵਾਰਾਂ ਅੱਗੇ ਕਠਿਨਾਈਆਂ ਦੇ ਪਹਾੜ ਖੜੇ ਹੋ ਗਏ, ਅੱਜ ਤੱਕ ਮਿਲਣ ਨੂੰ ਤੜਫ਼ਦੇ ਹਨ। ਆਰ ਵਾਲੇ ਵੀ ਤੇ ਪਾਰ ਵਾਲੇ ਵੀ।

ਪਾਕਿਸਤਾਨ ਦੇ ਸ਼ਹਿਰ ਮੁਲਤਾਨ ਤੇ ਇਸ ਪੂਰੇ ਜ਼ਿਲੇ ਅੰਦਰ ਰੋਹਤਕ, ਹਿਸਾਰ ਤੇ ਹਰਿਆਣਾ ਤੋਂ ਬਹੁਤ ਵੱਡੀ ਗਿਣਤੀ ਵਿਚ ਮੁਸਲਮਾਨ ਉੱਜੜ ਕੇ ਇਥੇ ਆ ਕੇ ਆਬਾਦ ਹੋ ਗਏ ਹਨ।

ਹਿੰਦੁਸਤਾਨ ਦੇ ਇਲਾਕਾ ਰੋਹਤਕ, ਹਿਸਾਰ ਤੇ ਹਰਿਆਣਾ ਤੋਂ ਉੱਜੜ ਕੇ ਮੁਲਤਾਨ ਸ਼ਹਿਰ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਆਣ ਵਸਣ ਵਾਲੇ ਮੁਸਲਮਾਨ, ਇਹ ਮੁਹਾਜ਼ਰ ਤਬਕਾ ਨਾ ਤਾਂ ਆਪਣੇ ਕਿਸੇ ਪਿਆਰੇ



ਖ਼ੂਨੀ ਰਿਸ਼ਤੇਦਾਰ ਦੇ ਬਿਮਾਰ ਹੋਣ 'ਤੇ ਉਸ ਦਾ ਹਾਲ-ਚਾਲ ਪੁੱਛਣ ਰੋਹਤਕ ਤੇ ਹਿਸਾਰ ਜਾ ਸਕਦਾ ਹੈ ਤੇ ਨਾ ਹੀ ਆਪਣੇ ਕਿਸੇ ਮਰੇ ਹੋਏ ਰਿਸ਼ਤੇਦਾਰ ਦੇ ਜਨਾਜ਼ੇ ਨੂੰ ਮੋਢਾ ਦੇ ਸਕਦਾ ਹੈ। ਨਾ ਹੀ ਮਰੇ ਹੋਏ ਆਪਣੇ ਪਿਆਰੇ ਦਾ ਮੂੰਹ ਦੇਖ ਸਕਦਾ ਹੈ। ਜਨਾਜ਼ੇ ਨੂੰ ਮੋਢਾ ਦੇਣਾ ਜਾਂ ਆਪਣੇ ਮਰੇ ਹੋਏ ਪਿਆਰੇ ਦਾ ਆਖ਼ਰੀ ਦਰਸ਼ਨ ਕਰਨਾ ਤਾਂ ਦੂਰ ਦੀ ਗੱਲ ਹੈ, ਆਪਣੇ ਅੰਗ-ਸਾਕ ਦੇ ਦਫ਼ਨਾਉਣ ਤੋਂ ਬਾਅਦ ਵੀ ਆਪਣੇ ਵੰਡੇ ਤੇ ਵਿਛੜੇ ਪਰਿਵਾਰ ਦਾ ਦੁੱਖ ਵੰਡਾਉਣ ਤੇ ਉਨਾਂ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਵੀ ਰੋਹਤਕ, ਹਿਸਾਰ ਜਾਂ ਹਰਿਆਣੇ ਜਾਣ ਬਾਰੇ ਨਹੀਂ ਸੋਚ ਸਕਦਾ।

1947 ਵਿਚ ਉੱਜੜੇ-ਪੁਜੜੇ ਇਹ ਮੁਹਾਜ਼ਰ ਪਰਿਵਾਰ ਵੀਜ਼ਾ ਲੈਣ ਦੇ ਸਿਲਸਿਲੇ ਵਿਚ ਇਕ ਲੰਮਾ ਪੈਂਡਾ ਤੈਅ ਕਰਕੇ ਹਿੰਦੁਸਤਾਨੀ ਦੂਤਾਵਾਸ ਦੇ ਚੱਕਰ ਲਾ-ਲਾ ਅਖ਼ੀਰ ਥੱਕ, ਹਾਰ ਕੇ ਘਰ ਬੈਠ ਜਾਂਦੇ ਹਨ। ਤਕਸੀਮੇ ਹਿੰਦ ਸਮੇਂ ਉਹ ਹਿੰਦੂ-ਸਿੱਖ ਤੇ ਮੁਸਲਮਾਨ ਪਰਿਵਾਰ ਜਿਨਾਂ ਨੂੰ ਜ਼ਬਰਦਸਤੀ ਉਨਾਂ ਦੇ ਪਿੰਡਾਂ, ਸ਼ਹਿਰਾਂ ਤੇ ਘਰਾਂ ਤੋਂ ਉਜਾੜ ਕੇ ਲਹਿੰਦਿਓਂ ਚੜਦੇ ਵੱਲ ਤੇ ਚੜਦਿਓਂ ਲਹਿੰਦੇ ਵੱਲ ਧੱਕ ਦਿੱਤਾ ਗਿਆ। ਹੁਣ ਇਨਾਂ ਮੁਹਾਜ਼ਰ ਪਰਿਵਾਰਾਂ ਦੀ ਸਭ ਤੋਂ ਵੱਢੀ ਖ਼ਾਹਿਸ਼ ਤੇ ਰਾਤਾਂ ਨੂੰ ਦੇਖਿਆ ਜਾਣ ਵਾਲਾ ਸੁਪਨਾ ਹੈ, ਉਨਾਂ ਤੋਂ ਵਿਛੋੜੇ ਹੋਏ ਘਰ-ਪਿੰਡ ਤੇ ਸ਼ਹਿਰਾਂ ਦਾ ਜ਼ਿੰਦਗੀ ਵਿਚ ਇਕ ਵਾਰੀ ਤਾਂ ਦਰਸ਼ਨ-ਦੀਦਾਰ ਹੋ ਜਾਏ। ਅਜਿਹੇ ਪਰਿਵਾਰਾਂ ਦੀਆਂ ਉਜੜੀਆਂ ਮੁਹੱਬਤਾਂ ਦੀ ਇਹ ਆਖ਼ਰੀ ਮੰਜ਼ਿਲ ਹੈ। ਦੋ ਤੋਂ ਲੈ ਕੇ ਤਿੰਨ ਪੀੜੀਆਂ ਇਸ ਮੰਜ਼ਿਲ ਤੱਕ ਪਹੁੰਚਣ ਦੀ ਹਸਰਤ ਦਿਲ ਵਿਚ ਲੈ ਕੇ ਵੀਰਾਨ ਅੱਖਾਂ ਨਾਲ ਇਹ ਜਹਾਨ ਛੱਡ ਕੇ ਅਗਲੇ ਜਹਾਨ ਜਾ ਚੁੱਕੀਆਂ ਹਨ ਪਰ ਦੇਸੋਂ-ਪ੍ਰਦੇਸ ਹੋਏ ਨਸੀਬਾਂ ਹਾਰੇ ਇਨਾਂ ਪਰਿਵਾਰਾਂ ਨੂੰ ਆਪਣਾ ਦੇਸ਼ ਦੇਖਣਾ ਨਸੀਬ ਨਾ ਹੋਇਆ।

ਕਿੰਨੀ ਅਜੀਬ ਗੱਲ ਹੈ ਕਿ ਕੁਝ ਘੰਟਿਆਂ ਵਿਚ ਹੀ ਹਿੰਦ-ਪਾਕਿ ਤੋਂ 7 ਸਮੁੰਦਰ ਪਾਰ ਦੇਸ਼ਾਂ ਵਿਚ ਜਾਇਆ ਜਾ ਸਕਦਾ ਹੈ ਪਰ ਹਿੰਦ-ਪਾਕਿ ਧਰਤੀ 'ਤੇ ਲੱਗੀਆਂ ਕੰਡਿਆਲੀਆਂ ਤਾਰਾਂ ਦੇ ਆਰ-ਪਾਰ ਆਉਣਾ-ਜਾਣਾ ਕਿਸੇ ਦੂਸਰੀ ਦੁਨੀਆ ਵਿਚ ਜਾਣ ਵਾਲੀ ਗੱਲ ਹੈ ਤੇ ਇਹ ਗੱਲ ਇਨਸਾਨੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਦੋਵਾਂ ਮੁਲਕਾਂ ਦੀਆਂ ਸਰਹੱਦਾਂ ਦੇ ਆਰ-ਪਾਰ ਜਾਣਾ ਮੁਮਕਿਨ ਨਹੀਂ, ਸੱਤ ਸਮੁੰਦਰ ਪਾਰ ਦੇਸ਼ਾਂ ਵਿਚ ਆਉਣਾ-ਜਾਣਾ ਸੰਭਵ ਹੈ।

ਹਿੰਦੁਸਤਾਨੀ ਵੀਜ਼ਾ ਦਫ਼ਤਰ ਮੁਲਤਾਨ ਸ਼ਹਿਰ ਵਿਚ ਵੀ ਹੋਣਾ ਚਾਹੀਦਾ ਹੈ। ਮੁਲਤਾਨ ਪਾਕਿਸਤਾਨ ਦੀ ਧਰਤੀ ਦੀ ਧੁੰਨੀ ਹੈ। ਹਿੰਦੁਸਤਾਨ ਦੀ ਧਰਤੀ ਦੀ ਵੰਡ ਤੋਂ ਪਹਿਲਾਂ ਮੁਲਤਾਨ-ਦਿੱਲੀ ਰਾਹਦਾਰੀ ਸਦੀਆਂ ਤੋਂ ਚਲਦੀ ਆ ਰਹੀ ਸੀ। ਪ੍ਰਸਿੱਧ ਸੂਫ਼ੀ ਬਜ਼ੁਰਗ ਬਹਾਉਦੀਨ ਜ਼ਕਰੀਆ ਮੁਲਤਾਨੀ ਤੇ ਨਿਜ਼ਾਮ-ਓ-ਦੀਨ ਓਲੀਆ ਵਰਗੇ ਪੀਰਾਂ-ਦਰਵੇਸ਼ਾਂ ਦੇ ਹਜ਼ੂਰ ਹਾਜ਼ਰੀ ਭਰਨ ਲਈ ਆਉਣ-ਜਾਣ ਵਾਲਾ ਇਹ ਹੀ ਰਸਤਾ ਰਿਹਾ ਹੈ। ਮੁਲਤਾਨ-ਦਿੱਲੀ ਬਸ ਸਰਵਿਸ ਜੇ ਸਾਡੀਆਂ ਸਰਕਾਰਾਂ ਦੀ ਸੋਚ ਤੇ ਇਸ 'ਤੇ ਅਮਲ ਹੋ ਜਾਏ ਤਾਂ ਹਜ਼ਾਰਾਂ ਨਹੀਂ ਬਲਕਿ ਲੱਖਾਂ ਮੁਸਲਮਾਨਾਂ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਸਕਦੀਆਂ ਹਨ। ਇੰਝ ਹਿੰਦ-ਪਾਕਿ ਮੁਲਕਾਂ ਨੂੰ ਦੋਸਤੀ ਦਾ ਇਕ ਨਵਾਂ ਮੋੜ ਮਿਲ ਸਕਦਾ ਹੈ।

ਤਕਸੀਮ-ਏ-ਹਿੰਦ ਤੋਂ ਪਹਿਲਾਂ ਪਾਕਿ ਦੇ ਹੁਣ ਦੇ ਸ਼ਹਿਰ 'ਸਮਾਂਜਟਾ' ਤੋਂ ਦਿੱਲੀ ਵਾਇਆ ਸਮਾਂਜਟਾ ਤੋਂ ਬਠਿੰਡਾ ਤੱਕ ਬਹੁਤ ਵੱਡਾ ਰੇਲਵੇ ਰੂਟ ਸੀ। ਇਸ ਰੇਲਵੇ ਲਾਈਨ 'ਤੇ ਚੱਲਣ ਵਾਲੀਆਂ ਮੁਸਾਫ਼ਰ ਤੇ ਮਾਲ ਗੱਡੀਆਂ ਦੀ ਗਿਣਤੀ ਹਿੰਦੁਸਤਾਨ ਵਿਚ ਚੱਲਣ ਵਾਲੇ ਦੂਜੇ ਰੂਟਾਂ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਸੀ। ਹੁਣ ਦਾ ਪਾਕਿਸਤਾਨੀ ਸ਼ਹਿਰ (ਬਹਾਵਲ ਨਗਰ) ਇਸ ਰੂਟ ਦਾ ਸਭ ਤੋਂ ਵੱਡਾ ਰੇਲਵੇ ਸਟੇਸ਼ਨ ਤੇ ਤਿਜਾਰਤ ਦਾ ਸਭ ਤੋਂ ਵੱਡਾ ਕੇਂਦਰ ਸੀ। ਬਹਾਵਲ ਨਗਰ ਦਾ ਰੇਲਵੇ ਸਟੇਸ਼ਨ ਬਹੁਤ ਵੱਡਾ ਤੇ ਖ਼ੂਬਸੂਰਤ ਸੀ। ਸੈਰ ਦੇ ਸ਼ੌਕੀਨ ਯਾਤਰੀ ਬਹਾਵਲ ਨਗਰ ਦੇ ਇਸ ਸਟੇਸ਼ਨ ਨੂੰ ਦੇਖਣ ਆਇਆ ਕਰਦੇ ਸਨ। ਪਰ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਅਮਰੋਕਾ-ਬਠਿੰਡਾ ਰੇਲਵੇ ਰੂਟ ਬੰਦ ਹੋਣ ਕਾਰਨ ਸਭ ਕੁਝ ਬਰਬਾਦ ਹੋ ਗਿਆ। ਬਿਲਕੁਲ ਉਵੇਂ ਜਿਵੇਂ ਪੰਜਾਬ ਤੇ ਪੰਜਾਬੀ ਉਜੜੇ ਤੇ ਬਰਬਾਦ ਹੋ ਗਏ। ਅੱਜ ਜੇ ਅਸੀਂ ਲਹਿੰਦੇ ਪੰਜਾਬ ਦੇ ਸ਼ਹਿਰ ਬਹਾਵਲ ਨਗਰ ਦਾ ਇਹ ਰੇਲਵੇ ਸਟੇਸ਼ਨ ਦੇਖੀਏ ਤਾਂ ਦਿਲ ਫੜ ਕੇ ਬਹਿ ਜਾਂਦੇ ਹਾਂ। ਪੱਥਰ ਤੋਂ ਪੱਥਰ ਦਿਲ ਇਨਸਾਨ ਦੀਆਂ ਅੱਖਾਂ ਵੀ ਰਾਵੀ ਤੇ ਝਨਾਂ ਦੇ ਪਾਣੀਆਂ ਦਾ ਰੂਪ ਧਾਰ ਲੈਂਦੀਆਂ ਹਨ।

ਵਾਹਗਾ ਸਰਹੱਦ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਕੇਵਲ ਸਿੱਖ ਕੌਮ ਨੂੰ ਮਿਲਿਆ ਹੈ, ਮੁਸਲਮਾਨ ਕੌਮ ਨੂੰ ਇਸ ਸਰਹੱਦ ਰਾਹੀਂ ਆਉਣ-ਜਾਣ ਦੀਆਂ ਹਾਲੇ ਤੱਕ ਮੁਨਾਸਬ ਵੀਜ਼ਾ ਸਹੂਲਤਾਂ ਨਹੀਂ ਮਿਲ ਸਕੀਆਂ। ਮੁਲਤਾਨ ਸ਼ਹਿਰ ਵਿਚ ਹਿੰਦੂ ਭਾਈਚਾਰੇ ਦੇ ਪਰਲਾਹਦ ਮੰਦਿਰ, ਸੂਰਜ ਕੰਦ ਮੰਦਿਰ ਤੇ ਹੋਰ ਬਹੁਤ ਸਾਰੇ ਹਿੰਦੂ ਧਰਮ ਦੇ ਪਵਿੱਤਰ ਅਸਥਾਨ ਹਨ। ਮੁਲਤਾਨ ਸ਼ਹਿਰ ਦੇ ਇਨਾਂ ਪਵਿੱਤਰ ਅਸਥਾਨਾਂ ਤੱਕ। ਹਿੰਦੁਸਤਾਨੀ ਹਿੰਦੂ-ਭਾਈਚਾਰੇ ਨੂੰ ਪਹੁੰਚ ਮਿਲਣੀ ਚਾਹੀਦੀ ਹੈ।

ਅਸੀਂ ਲਹਿੰਦੇ ਪੰਜਾਬ ਦੇ ਪੰਜਾਬੀ ਮੁਲਤਾਨ ਵਿਚ ਕਾਇਮ ਇਨਾਂ ਹਿੰਦੂ-ਧਰਮ ਦੇ ਪਵਿੱਤਰ ਅਸਥਾਨਾਂ ਤੱਕ ਹਿੰਦੁਸਤਾਨੀ ਹਿੰਦੂ ਭਾਈਚਾਰੇ ਦੀ ਪਹੁੰਚ ਦੀ ਭਰਪੂਰ ਹਮਾਇਤ ਕਰਦੇ ਹਾਂ। ਇਸ ਤੋਂ ਇਲਾਵਾ ਕਟਾਸ ਮੰਦਰ ਚੱਕਵਾਲ ਸ਼ਹਿਰ (ਚੱਕਵਾਲ ਪੰਜਾਬ ਦਾ ਸ਼ਹਿਰ ਹੈ) ਪੰਜਾਬ ਤੋਂ ਇਲਾਵਾ ਸੂਬਾ ਬਲੋਚਿਸਤਾਨ ਤੇ ਸੂਬਾ ਖ਼ੈਬਰ-ਪਖ਼ਤੂਨ-ਖ਼ਾਹ (ਸੂਬਾ ਸਰਹੱਦ) ਵਿਚ ਵੀ ਹਿੰਦੂ ਧਰਮ ਦੇ ਬਹੁਤ ਸਾਰੇ ਪਵਿੱਤਰ ਅਸਥਾਨ ਹਨ। ਇਨਾਂ ਪਵਿੱਤਰ ਅਸਥਾਨਾਂ ਤੱਕ ਹਿੰਦੁਸਤਾਨੀ-ਹਿੰਦੂ ਭਾਈਚਾਰੇ ਦੀ ਪਹੁੰਚ ਦਾ ਹੋਣਾ ਬਹੁਤ ਜ਼ਰੂਰੀ ਹੈ। ਹਿੰਦ-ਪਾਕਿ ਅੰਦਰ ਵਸਣ ਵਾਲੀਆਂ ਹਿੰਦੂ-ਸਿੱਖ ਤੇ ਮੁਸਲਮ ਕੌਮਾਂ ਦੇ ਮਜ਼ਹਬੀ ਜਜ਼ਬਾਤ ਦਾ ਸਤਿਕਾਰ ਪਵਿੱਤਰ ਅਸਥਾਨਾਂ ਤੱਕ ਰਸਾਈ ਹਿੰਦ-ਪਾਕਿ ਦੇ ਧਾਰਮਿਕ ਭਾਈਚਾਰੇ ਦੇ ਆਪਸੀ ਮੇਲ-ਜੋਲ ਦੀ ਨਫ਼ਰਤ ਦੀ ਅੱਗ ਨੂੰ ਬੁਝਾਉਣ ਤੇ ਆਪਸੀ ਮੁਹੱਬਤਾਂ ਦੀ ਜੋਤ ਜਗਾਉਣ ਲਈ ਇਕ ਬੁਨਿਆਦ ਬਣ ਸਕਦੀ ਹੈ।

ਆਓ ਆਪਾਂ ਰਲ ਕੇ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਅਹਿਸਾਸ ਦਿਵਾਈਏ ਕਿ ਸਾਰੇ ਮਸਲਿਆਂ ਦਾ ਹੱਲ ਸਾਡੇ ਮਿਲ-ਬਹਿਣ ਵਿਚ ਹੀ ਹੈ। ਦੋਵਾਂ ਮੁਲਕਾਂ ਵਿਚ ਰੱਫੜ ਬਣੇ ਮਸਲਿਆਂ ਦਾ ਹੱਲ ਮਿਲ ਬੈਠ ਕੇ ਹੀ ਕੱਢਿਆ ਜਾ ਸਕਦਾ ਹੈ। ਹਿੰਦੁਸਤਾਨ-ਪਾਕਿਸਤਾਨ ਦੇ ਹਿੰਦੂ-ਸਿੱਖ ਮੁਸਲਮਾਨ ਲੁਕਾਈ ਨੂੰ ਮੇਲ-ਜੋਲ ਦੀਆਂ ਮੁਨਾਸਬ ਹੱਦਾਂ ਤੱਕ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਮੇਲ-ਜੋਲ ਦੇ ਇਸ ਅਮਲ ਨੂੰ ਅਮਲੀ ਸ਼ਕਲ ਦੇਣ ਲਈ ਜੋ ਵੀ ਰਾਹਾਂ, ਰਸਤੇ ਖੋਲੇ ਜਾ ਸਕਦੇ ਹਨ, ਖੋਲ ਦੇਣੇ ਚਾਹੀਦੇ ਹਨ। ਆਰ-ਪਾਰ ਦੇ ਲੋਕਾਂ ਦਾ ਮਿਲਾਪ ਇਸ ਖ਼ਿੱਤੇ ਵਿਚ ਅਮਨ ਲਈ ਇਕ ਇਨਕਲਾਬ ਬਣ ਜਾਏਗਾ। ਆਓ ਆਪਾਂ ਰਲ ਕੇ ਸਰਹੱਦ 'ਤੇ ਲੱਗੀਆਂ ਕੰਡਿਆਲੀਆਂ ਤਾਰਾਂ ਦੇ ਆਰ-ਪਾਰ ਅਮਨ ਦੀ ਪੌੜੀ ਲਾਈਏ। ਜੇ ਆਪਾਂ ਰਲ ਗਏ ਤਾਂ ਮੈਂ ਤੁਹਾਨੂੰ ਯਕੀਨ ਦੁਆਵਾਂਗਾ ਕਿ ਇਨਾਂ ਪੌੜੀਆਂ ਦਾ ਕੋਈ ਪੌਡਾ ਨਹੀਂ ਟੁੱਟੇਗਾ, ਨਾ ਪਹਿਲਾ ਤੇ ਨਾ ਆਖ਼ਰੀ ਪੌਡਾ। ਜੇ ਬਹੁਗਿਣਤੀ ਪਾਕਿਸਤਾਨੀ-ਹਿੰਦੁਸਤਾਨੀ ਭਾਈਚਾਰੇ ਨੇ ਬਾਹਾਂ ਵਿਚ ਬਾਹਾਂ ਪਾ ਲਈਆਂ ਤਾਂ ਕੋਈ ਮਾਈ ਦਾ ਲਾਲ ਸਾਡੇ ਗੋਲੀ ਮਾਰਨ ਦੀ ਹਿੰਮਤ ਨਹੀਂ ਕਰ ਸਕੇਗਾ।

-ਖ਼ਾਲਸਾ ਹਾਊਸ, ਚੱਕ ਨੰ: 97/ਆਰ. ਬੀ. ਜੌਹਲ, ਤਹਿਸੀਲ : ਜੜਾਂਵਾਲਾ, ਜ਼ਿਲਾ ਫੈਸਲਾਬਾਦ, ਪੰਜਾਬ (ਪਾਕਿਸਤਾਨ)
ਫੋਨ : 0092-300-7607983

ੴ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

# HOLLYWOOD SIKH TEMPLE GURUDWARA SAHIB, VERMONT



## CELEBRATIONS OF 50TH ANNIVERSARY

**PROGRAM :**

ON 16th FEBRUARY, 2020 (SUNDAY)

10:00 AM TO 11:40 AM **(ASA KI VAAR BHAI AJIT SINGH)**

11:40 AM TO 12:30 PM **BHAI SURDEEP SINGH JI**

12:30 PM TO 1:15 PM **BHAI RAVINDER SINGH JI RASIYA**

!:15 PM TO 1:45 PM **BHAI AJIT SINGH , BHAI MANEET SINGH**



BHAI SURDEEP SINGH JI | BHAI RAVINDER SINGH JI RASIYA | BHAI AJEET SINGH RAAGI JATHA

**PLEASE COME AND JOIN US ON THIS HISTORIC DAY**

**323 - 665 - 7707**

**FOR MORE INFO PLEASE CALL**

PRESIDENT
**BHUPINDER SINGH DHILON.**
**323-514-6347**

GEN. SECRETARY
**AMRIK SINGH RASIA**
**818-331-1459**

# ਨੈਸ਼ਨਲ ਕੌਂਸਲ ਆਫ ਏਸ਼ੀਅਨ ਅਮਰੀਕਨ ਤੇ ਸਿੱਖਸ ਆਫ ਅਮਰੀਕਾ ਨੇ 71ਵਾਂ ਰਿਪਬਲਿਕ ਡੇ ਧੂਮਧਾਮ ਨਾਲ ਮਨਾਇਆ

## ਭਾਰਤੀ ਅੰਬੈਸਡਰ ਅਮਿਤ ਕੁਮਾਰ ਮੁੱਖ ਮਹਿਮਾਨ ਤੇ ਸਟੀਵ ਮਕੈਡਮ, ਅਨੁਰਾਗ ਕੁਮਾਰ, ਮਿੰਟ ਗੁੰਮਰੀ ਦੇ ਅਗਜ਼ੈਕਟਿਵ ਬਤੌਰ ਗੈਸਟ ਆਫ ਆਨਰ ਹੋਏ ਸ਼ਾਮਲ



**ਮੈਰੀਲੈਂਡ/ਰਾਜ ਗੋਗਨਾ:** ਸਿੱਖਸ ਆਫ ਅਮਰੀਕਾ ਤੇ ਨੈਸ਼ਨਲ ਕੌਂਸਲ ਆਫ ਏਸ਼ੀਅਨ ਅਮਰੀਕਨ ਸੰਸਥਾ ਵਲੋਂ 71ਵਾਂ ਗਣਤੰਤਰ ਦਿਵਸ ਮਾਰਟਿਨ ਕਰਾਸ ਦੇ ਅੰਬੈਸੀ ਹਾਲ ਵਿੱਚ ਮਨਾਇਆ ਗਿਆ। ਜਿੱਥੇ ਭਾਰਤੀ ਅੰਬੈਸਡਰ ਅਮਿਤ ਕੁਮਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸਟੀਵ ਮਕੈਡਮ, ਅਨੁਰਾਗ ਕੁਮਾਰ, ਮਿੰਟ ਗੁੰਮਰੀ ਦੇ ਅਗਜ਼ੈਕਟਿਵ ਬਤੌਰ ਗੈਸਟ ਆਫ ਆਨਰ ਸ਼ਾਮਲ ਹੋਏ। ਬਲਜਿੰਦਰ ਸਿੰਘ ਸ਼ੰਮੀ ਪ੍ਰਧਾਨ ਐੱਨ. ਸੀ .ਏ.ਆਈ. ਏ. ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ। ਪ੍ਰੋਗਰਾਮ ਦੀ ਸ਼ੁਰੂਆਤ ਅਮਰੀਕਨ ਰਾਸ਼ਟਰੀ ਗੀਤ ਨਾਲ ਸ਼ੁਰੂ ਕੀਤੀ ਗਈ।

ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਵਲੋਂ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਅਮਿਤ ਕੁਮਾਰ, ਸਟੀਵ ਮਕੈਡਮ, ਕਾਊਂਟੀ ਮੁਖੀ ਅਤੇ ਮਹਿਮਾਨਾਂ ਦੀ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਅੱਜ 71ਵੇਂ ਗਣਤੰਤਰ ਦਿਵਸ ਤੇ ਸਾਰੇ ਹੁੰਮ-ਹੁੰਮਾ ਕੇ ਪਹੁੰਚੇ ਹਨ। ਜਿਨਾਂ ਅੰਦਰ ਜਜ਼ਬਾ ਅਤੇ ਉਤਸ਼ਾਹ ਹੈ, ਜੋ ਭਾਰਤ ਨਾਲ ਤੇ ਇਸ ਦੇ ਸੰਵਿਧਾਨ ਨਾਲ ਪਿਆਰ ਕਰਦੇ ਹਨ। ਟਾਮ ਨੇ ਕਿਹਾ ਕਿ ਮਿੰਟ ਗੁੰਮਰੀ ਕਾਊਂਟੀ ਮੈਰੀਲੈਂਡ ਦੀ ਉੱਤਮ ਕਾਊਂਟੀ ਹੈ ਜਿੱਥੇ ਵੱਧ ਤੋਂ ਵੱਧ ਨਿਵੇਸ਼ ਹੋਇਆ ਹੈ।

ਸਟੀਵ ਮਕੈਡਮ ਜੋ ਮੈਰੀਲੈਂਡ ਦੇ ਗਵਰਨਰ ਲੈਰੀ ਹੋਗਨ ਦੀ ਨੁਮਾਇੰਦਗੀ ਕਰਦੇ ਗਣਤੰਤਰ ਸਮਾਗਮ ਵਿੱਚ ਪਹੁੰਚੇ। ਉਨਾਂ ਕਿਹਾ ਕਿ ਭਾਰਤੀਆਂ ਵਲੋਂ ਮੈਰੀਲੈਂਡ ਵਿੱਚ ਕਾਫੀ ਨਿਵੇਸ਼ ਕੀਤਾ ਹੈ। ਜਿਸ ਕਰਕੇ ਮੈਰੀਲੈਂਡ ਅਮਰੀਕਾ ਦੇ ਨਕਸ਼ੇ ਤੇ ਬਿਜ਼ਨਸ ਹੱਬ ਵਜੋਂ ਉਭਰਿਆ ਹੈ। ਪਵਨ ਬੈਜਵਾੜਾ ਚੇਅਰਮੈਨ ਨੇ ਕਿਹਾ ਕਿ 71ਵਾਂ ਗਣਤੰਤਰ ਦਿਵਸ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ ਹੈ। ਜਿਸ ਵਿੱਚ ਪੂਰੇ ਮੈਟਰੋਪੁਲਿਟਨ ਦੀਆਂ ਉੱਘੀਆਂ ਸਖਸ਼ੀਅਤਾਂ ਸ਼ਾਮਲ ਹਨ। ਸੁਰੇਸ਼ ਗੁਪਤਾ ਚੇਅਰਮੈਨ ਬੋਰਡ ਆਫ ਟਰਸਟੀ ਨੇ ਕਿਹਾ ਕਿ ਇਸ ਸੰਸਥਾ ਨੇ ਪੰਦਰਾਂ ਸਾਲ ਪੂਰੇ ਕਰ ਲਏ ਹਨ। ਅੱਜ ਦਾ ਸਮਾਗਮ ਸਾਡੇ ਸਾਰਿਆਂ ਲਈ ਪ੍ਰੇਰਨਾ ਸ੍ਰੋਤ ਹੈ।

ਅਮਿੱਤ ਕੁਮਾਰ ਅੰਬੈਸਡਰ ਮੁੱਖ ਮਹਿਮਾਨ ਨੇ ਅਪਨੇ ਸੰਬੋਧਨ ਵਿੱਚ ਭਾਰਤ ਦੇ ਵਿਕਾਸ ਅਤੇ ਅਮਰੀਕਾ ਦੇ ਸੰਬੰਧਾਂ ਦੀ ਮਜ਼ਬੂਤੀ ਬਾਰੇ ਗੱਲ ਕੀਤੀ। ਉਨਾ ਭਾਰਤ ਦੀ ਡੈਮੋਕਰੇਸੀ ਤੇ ਸੰਵੀਧਾਨ ਦੀ ਸ਼ਲਾਘਾ ਕੀਤੀ। ਆਏ ਮਹਿਮਾਨਾਂ ਨੂੰ ਗਣਤੰਤਰ ਦਿਵਸ ਦੀ ਆ ਵਧਾਈ ਆ ਦਿੱਤੀਆਂ। ਸਿੱਖਸ ਆਫ ਅਮਰੀਕਾ ਤੇ ਐਨ ਸੀ ਏ ਆਈ ਏ ਦੇ ਕਾਰਜਾਂ ਦੀ ਸ਼ਲਾਘਾ ਕੀਤੀ।

ਸੰਸਥਾ ਵਲੋਂ ਵਧੀਆ ਕਾਰਗੁਜ਼ਾਰੀ ਕਰਨ ਵਾਲਿਆਂ ਨੂੰ ਵਿਸ਼ੇਸ਼ ਐਵਾਰਡ ਦਿੱਤੇ। ਜਿਸ ਵਿੱਚ ਸਾਜਿਦ ਤਰਾਰ ਸੈਂਟਰ ਫਾਰ ਸੋਸ਼ਲ ਚੇਂਜ, ਅਰੁਣ ਚਾਵਲਾ ਟੈਕਸਾਂ ਦੇ ਪਿਤਾਮਾ, ਰਮੇਸ਼ ਖੁਰਾਨਾ ਅਤੇ ਟਾਮ ਸ਼ਾਮਲ ਸਨ। ਜਿਨਾਂ ਨੂੰ ਵਧੀਆ ਟਰਾਫੀ ਦਿੱਤੀ ਗਈ। ਜੋ ਭਾਰਤੀ ਅੰਬੈਸਡਰ, ਡਾ. ਅਡੱਪਾ ਪ੍ਰਸਾਦ ਤੇ ਕੰਵਲਜੀਤ ਸਿੰਘ ਸੋਨੀ, ਪਵਨ ਕੁਮਾਰ ਤੇ ਬਲਜਿੰਦਰ ਸਿੰਘ ਸ਼ੰਮੀ ਵਲੋਂ ਭੇਂਟ ਕੀਤੀ ਗਈ।ਸਟੀਵ ਮਕੈਡਮ ਵਲੋਂ ਗਵਰਨਰ ਵਲੋਂ ਭੇਜਿਆ ਸਾਈਟੇਸ਼ਨ ਡਾ. ਸੁਰਿੰਦਰ ਸਿੰਘ ਗਿੱਲ ਅਤੇ ਰੇਨੂਕਾ ਮਿਸ਼ਰਾ ਨੇ ਪ੍ਰਾਪਤ ਕੀਤਾ ਜੋ ਜਸਦੀਪ ਸਿੰਘ ਜੱਸੀ ਤੇ ਸਾਜਿਦ ਤਰਾਰ ਦੀ ਅਗਵਾਈ ਵਿੱਚ ਦਿੱਤਾ ਗਿਆ। ਕਾਊਂਟੀ ਵਲੋਂ ਭੇਜਿਆ ਸਾਈਟੇਸਨ ਟਾਮ ਨੇ ਅਲਪਨਾ ਅਤੇ ਸਮਿਤਾ ਬੋਡਪੁਡੀ ਨੇ ਪ੍ਰਾਪਤ ਕੀਤਾ। ਉਪਰੰਤ ਰੰਗਾਰੰਗ ਪ੍ਰੋਗਰਾਮ ਵੱਖ-ਵੱਖ ਪ੍ਰਾਂਤਾਂ ਦੇ ਲੋਕ ਨਾਚਾਂ ਰਾਹੀਂ ਪੇਸ਼ ਕੀਤਾ ਗਿਆ। ਜਿਸ ਵਿੱਚ ਅਸਾਮੀ, ਹਰਿਆਣਵੀ, ਰਾਜਸਥਾਨੀ ਤੇ ਪੰਜਾਬੀ ਲੋਕ ਨਾਚ ਪੇਸ਼ ਕੀਤੇ ਗਏ। ਅਡੱਪਾ ਦੀ ਸਪੁੱਤਰੀ ਨੇ ਅੰਗਰੇਜ਼ੀ ਵਿੱਚ ਗੀਤ ਗਾ ਕੇ ਸਾਰਿਆਂ ਦਾ ਮਨ ਜਿੱਤਿਆ। ਅਬਦੁਲਾ ਅਬਦੁਲਾ ਦੇ ਸਹਿਯੋਗੀ ਨੇ ਰਾਸ਼ਟਰ ਦੇ ਨਾਮ ਤੇ ਗੀਤ ਪੇਸ਼ ਕੀਤਾ। ਸਮੁੱਚੇ ਤੌਰ ਤੇ ਸਮਾਗਮ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ। ਪ੍ਰੋਗਰਾਮ ਦਾ ਸੰਚਾਲਨ ਕੀਰਤੀ, ਰਮਾਂ ਅਤੇ ਦੇਵੇਂਗ ਸ਼ਾਹ ਨੇ ਬਹੁਤ ਹੀ ਖੂਬਸੂਰਤੀ ਨਾਲ ਕੀਤਾ।ਗੁਰਚਰਨ ਸਿੰਘ ਨੇ ਵੋਟ ਆਫ ਥੈਂਕਸ ਪੇਸ਼ ਕੀਤਾ। ਮੀਡੀਆ ਦੀ ਹਾਜ਼ਰੀ ਵੀ ਭਰਵੀ ਸੀ।ਸਮਾਗਮ ਕਾਬਲੇ ਤਾਰੀਫ ਸੀ। ਰਾਤਰੀ ਭੋਜ ਨਾਲ ਸਾਰਿਆਂ ਨੂੰ ਨਿਵਾਜਿਆ ਗਿਆ।

# ਟਰੰਪ 'ਤੇ ਮਹਾਂਦੋਸ਼ ਚਲਾਉਣ ਸੰਬੰਧੀ ਬਹਿਸ ਪੂਰੀ



**ਵਾਸ਼ਿੰਗਟਨ/ਏ.ਟੀ.ਨਿਊਜ਼** :ਰਿਪਬਲਿਕਨ ਪਾਰਟੀ ਦੇ ਮੈਂਬਰਾਂ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਂਅ ਦਾ ਮਜ਼ਬੂਤੀ ਨਾਲ ਸਮਰਥਨ ਕੀਤਾ ਅਤੇ ਇਸ ਦੇ ਨਾਲ ਹੀ ਟਰੰਪ ਨੇ ਆਯੂਵਾ ਕਾਕਸ 'ਚ ਜਿੱਤ ਹਾਸਲ ਕਰ ਲਈ ਹੈ । ਸਥਾਨਕ ਡੈਸ ਮੋਈਨੇਸ ਰਜਿਸਟਰ ਅਨੁਸਾਰ ਇਸ ਸਾਲ ਆਯੂਵਾ ਕਾਕਸ 'ਚ ਡੈਮੋਕ੍ਰੈਟਿਕ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਲਈ 12 ਤੋਂ ਜ਼ਿਆਦਾ ਉਮੀਦਵਾਰਾਂ ਵਿਚਕਾਰ ਮੁਕਾਬਲਾ ਹੋਇਆ ਸੀ । ਉਧਰ ਟਰੰਪ ਨੇ ਬੀਤੀ ਰਾਤ ਪਾਰਟੀ ਦੀਆਂ 95 ਫ਼ੀਸਦੀ ਵੋਟਾਂ ਹਾਸਲ ਕਰ ਲਈਆਂ। ਡੈਸ ਮੋਈਨੇਸ ਰਜਿਸਟਰ 'ਚ ਕਿਹਾ ਗਿਆ ਕਿ ਰਾਸ਼ਟਰਪਤੀ ਟਰੰਪ ਨੇ ਮੁੜ ਤੋਂ ਆਯੂਵਾ 'ਚ ਰਿਪਬਲਿਕਨ ਸਮਰਥਨ ਹਾਸਲ ਕਰ ਲਿਆ ਹੈ। ਟਰੰਪ ਨੇ ਇਸ ਤੋਂ ਪਹਿਲਾਂ ਦਿਨ ਸਮੇਂ ਕਿਹਾ ਸੀ ਕਿ ਆਯੂਵਾ 'ਚ ਰਿਪਬਲਿਕਨਜ਼ ਬਾਹਰ ਨਿਕਲੋ ਅਤੇ ਕਾਕਸ 'ਚ ਸ਼ਾਮਲ ਹੋ ਜਾਉ । ਚੀਨ, ਮੈਕਸੀਕੋ, ਕੈਨੇਡਾ, ਜਾਪਾਨ, ਦੱਖਣੀ ਕੋਰੀਆ ਆਦਿ ਨਾਲ ਹੋਰ ਜ਼ਿਆਦਾ ਵਪਾਰਕ ਸਮਝੌਤੇ ਹੋ ਚੁੱਕੇ ਹਨ ਅਤੇ ਚੰਗੇ ਦਿਨ ਆ ਚੁੱਕੇ ਹਨ

# ਅਮਰੀਕਾ ਦੀ ਸੁਪਰੀਮ ਕੋਰਟ ਦੇ ਨਵੇਂ ਆਦੇਸ਼ ਨਾਲ ਲੱਖਾਂ ਪ੍ਰਵਾਸੀਆਂ ਨੂੰ ਨਹੀਂ ਮਿਲਣਗੇ ਇਮੀਗ੍ਰੇਸ਼ਨ ਲਾਭ

## ਅਮਰੀਕਾ ਤੋਂ ਹੁਸਨ ਲੜੋਆ ਬੰਗਾ ਦੀ ਵਿਸੇਸ਼ ਰਿਪੋਰਟ



ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਆਪਣੇ 'ਪਬਲਿਕ ਚਾਰਜ' ਨਿਯਮ ਨੂੰ ਫੌਰਨ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਜਿਸ ਤਹਿਤ ਘੱਟ ਆਮਦਨ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਲਾਭ ਨਹੀਂ ਮਿਲਣਗੇ। ਸੁਪਰੀਮ ਕੋਰਟ ਦੇ 9 ਮੈਂਬਰੀ ਬੈਂਚ ਵੱਲੋਂ 5-4 ਦੇ ਫਰਕ ਨਾਲ ਦਿੱਤੇ ਇਸ ਨਿਰਨੇ ਨਾਲ ਅਮਰੀਕਾ ਵਿਚ ਰਹਿੰਦੇ ਲੱਖਾਂ ਪ੍ਰਵਾਸੀਆਂ ਨੂੰ ਹਰ ਸਾਲ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਿਸ ਕਾਰਨ ਉਹ ਮਿਲਦੀਆਂ ਸਰਕਾਰੀ ਸਹੂਲਤਾਂ ਤੋਂ ਵਾਂਝੇ ਹੋ ਜਾਣਗੇ। ਪਬਲਿਕ ਚਾਰਜ ਨਿਯਮ ਨੂੰ ਅਗਸਤ 2019 ਵਿਚ ਅੰਤਿਮ ਰੂਪ ਦਿੱਤਾ ਗਿਆ ਸੀ ਤੇ ਇਸ ਨੂੰ ਪਿਛਲੇ ਸਾਲ 15 ਅਕਤੂਬਰ ਨੂੰ ਲਾਗੂ ਕੀਤਾ ਜਾਣਾ ਸੀ ਪਰੰਤੂ ਹੇਠਲੀਆਂ ਅਦਾਲਤਾਂ ਨੇ ਇਸ ਦੇ ਅਮਲ ਉਪਰ ਰੋਕ ਲਾ ਦਿੱਤੀ ਸੀ। ਹੁਣ ਇਹ ਨਿਯਮ ਇਲੀਨੋਇਸ ਨੂੰ ਛੱਡਕੇ ਸਮੁੱਚੇ ਅਮਰੀਕਾ ਵਿਚ ਲਾਗੂ ਹੋ ਜਾਵੇਗਾ। ਕੇਵਲ ਉਹ ਲੋਕ ਹੀ ਇਸ ਨਿਯਮ ਤੋਂ ਬਚ ਸਕਣਗੇ ਜਿਨਾਂ ਲੋਕਾਂ ਦੇ ਦੋ ਮੈਂਬਰੀ ਪਰਿਵਾਰ ਦੀ ਸਲਾਨਾ ਕਮਾਈ ਘਟੋ ਘਟ 41 ਹਜਾਰ ਡਾਲਰ ਹੋਵੇਗੀ। 7% ਭਾਰਤੀ ਮੂਲ ਦੇ ਅਮਰੀਕੀ ਸੰਘੀ ਗਰੀਬੀ ਪੱਧਰ ਤੋਂ ਹੇਠਾਂ ਜੀਵਨ ਗੁਜਾਰ ਰਹੇ ਹਨ। ਇਸ ਤਰਾਂ ਇਨਾਂ ਉਪਰ ਇਸ ਨਿਯਮ ਦਾ ਵਿਆਪਕ ਅਸਰ ਪਵੇਗਾ। ਬਜ਼ੁਰਗ ਭਾਰਤੀ ਜੋ ਅਮਰੀਕਾ ਰਹਿੰਦੇ ਆਪਣੇ ਬੱਚਿਆਂ ਕੋਲ ਰਹਿੰਦੀ ਬਾਕੀ ਜਿੰਦਗੀ ਜੀਣ ਦੀ ਖਾਹਿਸ਼ ਰਖਦੇ ਹਨ, ਉਹ ਬੁਰੀ ਤਰਾਂ ਪ੍ਰਭਾਵਿਤ ਹੋਣਗੇ ਤੇ ਉਨਾਂ ਦਾ ਅਮਰੀਕਾ ਜਾ ਕੇ ਆਪਣੇ ਬੱਚਿਆਂ ਕੋਲ ਰਹਿਣ ਦਾ ਸੁਪਨਾ ਚਕਨਾ ਚੂਰ ਹੋ ਜਾਵੇਗਾ। ਸੁਪਰੀਮ ਕੋਰਟ ਦੇ ਇਸ ਆਦੇਸ਼ ਦੀ ਵਿਆਪਕ ਅਲੋਚਨਾ ਹੋ ਰਹੀ ਹੈ। ਏਸ਼ੀਅਨ ਪੈਸੀਫਿਕ ਪੌਲਸੀ ਐਂਡ ਪਲੈਨਿੰਗ ਕੌਂਸਲ ਦੀ ਕਾਰਜਕਾਰੀ ਡਾਇਰੈਕਟਰ ਮੰਜੂ ਕੁਲਕਰਨੀ ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਕ ਵਾਰ ਫਿਰ ਟਰੰਪ ਪ੍ਰਸ਼ਾਸਨ ਦੀ ਰਬੜ ਮੋਹਰ ਹੋਣ ਦਾ ਰਾਹ ਚੁਣਿਆ ਹੈ। ਉਨਾਂ ਕਿਹਾ ਕਿ ਸੁਪਰੀਮ ਕੋਰਟ ਦਾ ਨਿਰਨਾ ਪ੍ਰਵਾਸੀ ਭਾਈਚਾਰੇ ਨੂੰ ਬੁਰੀ ਤਰਾਂ ਪ੍ਰਭਾਵਿਤ ਕਰੇਗਾ। ਉਹ ਇਮੀਗ੍ਰੇਸ਼ਨ ਲਾਭ ਲੈਣ ਲਈ ਦਰਖਾਸਤ ਹੀ ਨਹੀਂ ਦੇ ਸਕਣਗੇ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਕੁਲਕਰਨੀ ਦੀ ਚਿੰਤਾ ਨੂੰ ਜਾਇਜ਼ ਦਸਦਿਆਂ ਕਿਹਾ ਹੈ ਕਿ ਸੁਪਰੀਮ ਕੋਰਟ ਦਾ ਨਿਰਨਾ ਬਹੁਤ ਖਤਰਨਾਕ ਹੈ। ਇਥੇ ਵਰਣਨਯੋਗ ਹੈ ਕਿ ਪਿਛਲੇ ਸਾਲ ਅਗਸਤ ਵਿਚ ਕੈਲੀਫੋਰਨੀਆ ਨੇ ਟਰੰਪ ਪ੍ਰਸ਼ਾਸਨ ਖਿਲਾਫ਼ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਪਬਲਿਕ ਚਾਰਜ ਨਿਯਮ ਗੈਰ ਕਾਨੂੰਨੀ ਹੈ। ਉਨਾਂ ਕਿਹਾ ਕਿ ਕੈਲੀਫੋਰਨੀਆ ਪ੍ਰਵਾਸੀ ਭਾਰਤੀਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰਖੇਗਾ। ਦੂਸਰੇ ਪਾਸੇ ਵਾਈਟ ਹਾਊਸ ਨੇ ਸੁਪਰੀਮ ਕੋਰਟ ਦੇ ਨਿਰਨੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਅਮਰੀਕਾ ਦੇ ਟੈਕਸ ਦਾਤਿਆਂ ਦੀ ਜਿੱਤ ਹੋਈ ਹੈ।

### ਬਜ਼ੁਰਗ ਭਾਰਤੀ ਬੱਚਿਆਂ ਕੋਲ ਰਹਿਣ ਲਈ ਨਹੀਂ ਜਾ ਸਕਣਗੇ ਅਮਰੀਕਾ

# ਨਕਲੀ ਡਾਕਟਰ ਨੂੰ ਸਹੁਰਾ ਪਰਿਵਾਰ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ 'ਚ 28 ਸਾਲ ਕੈਦ

**ਲੰਡਨ/ਏ.ਟੀ.ਨਿਊਜ਼** :ਭਾਰਤੀ ਮੂਲ ਦੇ ਨਕਲੀ ਡਾਕਟਰ ਸੱਤਿਆ ਠਾਕੁਰ ਨੂੰ ਆਪਣੀ ਸੱਸ, ਪਤਨੀ, ਸਾਲਾ ਅਤੇ ਸਾਲੇਹਾਰ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਤਹਿਤ 28 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ । ਸਲੋਹ ਵਾਸੀ 35 ਸਾਲਾ ਸੱਤਿਆ ਠਾਕੁਰ 7 ਸਾਲ ਆਪਣੀ ਪਤਨੀ ਅਤੇ ਪਰਿਵਾਰ ਕੋਲ ਇਕ ਡਾਕਟਰ ਹੋਣ ਦਾ ਝੂਠ ਬੋਲਦਾ ਰਿਹਾ। ਜਦਕਿ ਉਹ ਜ਼ਿਆਦਾ ਸਮਾਂ ਲਾਇਬ੍ਰੇਰੀ 'ਚ ਮੈਡੀਕਲ ਸਬੰਧੀ ਕਿਤਾਬਾਂ ਪੜਨ ਲਈ ਇਹ ਕਹਿ ਕੇ ਜਾਂਦਾ ਰਿਹਾ ਕਿ ਉਹ ਮਰੀਜ਼ਾਂ ਨੂੰ ਵੇਖਣ ਜਾ ਰਿਹਾ ਹੈ । ਠਾਕੁਰ ਦਾ ਭਾਂਡਾ ਉਸ ਸਮੇਂ ਫੁਟਿਆ ਜਦੋਂ ਉਸ ਦੀ ਪਤਨੀ ਨੇ ਅਮਰੀਕਾ ਵਿਚ ਛੁੱਟੀਆਂ ਮਨਾਉਣ 'ਤੇ ਜਾਣ ਲਈ ਕਿਹਾ ਪਰ ਉਸ ਕੋਲ ਕੋਈ ਪੈਸਾ ਨਹੀਂ ਸੀ, ਅਜਿਹੇ ਮੌਕੇ ਹੀ ਉਸ ਨੇ ਆਪਣੀ ਸੱਸ ਨੂੰ ਕਤਲ ਕਰਨ ਬਾਰੇ ਸੋਚਿਆ । 14 ਮਈ 2019 ਨੂੰ ਸੱਤਿਆ ਠਾਕੁਰ ਨੇ ਆਪਣੀ ਸੱਸ ਦੇ ਕਮਰੇ 'ਚ ਜਾ ਕੇ ਉਸ ਦੇ ਮੂੰਹ 'ਚ ਟਿਸ਼ੂ ਪੇਪਰ ਤੁੰਨ ਕੇ ਅਤੇ ਸਿਰਹਾਣੇ ਨਾਲ ਸਾਹ ਘੁੱਟ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ, ਰੌਲਾ ਪੈਣ ਤੇ ਠਾਕੁਰ ਦੀ ਪਤਨੀ ਨਿਸ਼ਾ ਮਾਂ ਦੀ ਮਦਦ ਲਈ ਆਈ ਤਾਂ ਉਸ ਨੇ ਨਿਸ਼ਾ ਦੀ ਧੌਣ 'ਚ ਚਾਕੂ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਝਗੜੇ ਦੌਰਾਨ ਠਾਕੁਰ ਨੇ ਆਪਣੇ ਸਾਲੇ ਪ੍ਰੀਮਲ ਲਕਸ਼ਮਣ ਅਤੇ ਸਾਲੇਹਾਰ ਰਸ਼ੀਕਾ ਲਕਸ਼ਮਣ 'ਤੇ ਵੀ ਕਾਤਲਾਨਾ ਹਮਲਾ ਕੀਤਾ। ਰੈਡਿੰਗ ਕਰਾਊਨ ਕੋਰਟ 'ਚ 10 ਦਿਨ ਚੱਲੇ ਇਸ ਮੁਕੱਦਮੇ 'ਚ ਸੱਤਿਆ ਠਾਕੁਰ ਨੂੰ ਆਪਣੀ ਸੱਸ, ਪਤਨੀ ਅਤੇ ਸਾਲੇ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਤਹਿਤ ਅਤੇ ਸਾਲੇਹਾਰ ਰਸ਼ੀਕਾ ਲਕਸ਼ਮਣ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ 28 ਸਾਲ ਕੈਦ ਦੀ ਸਜ਼ਾ ਸੁਣਾਈ ਹੈ ।



ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1, 2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇੰਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




SKYWAY TRAVEL
Serving Around the World Community since 1994
We specialize to Asia, Europe, Middle East. Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345




GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ
ਫੈਮਲੀ ਇੰਮੀਗਰੇਸ਼ਨ
ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
ਪੋਲੀਟੀਕਲ ਅਸਾਈਲਮ
Atul Kapoor
CEO
Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010


Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

# Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
ON THE AIR
**Punjabi RADIO USA**
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA
## INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਦੇਸ ਪੰਜਾਬ ਦੀ ਰਾਜ ਮਾਤਾ ਮਹਾਰਾਣੀ ਜਿੰਦ ਕੌਰ

**- ਅਮਨ ਮਾਨਸਾ**

ਸਿੱਖ ਸਾਮਰਾਜ ਦੀ ਸਥਾਪਤੀ ਫੁੱਲਾਂ ਦੀ ਸੇਜ 'ਤੇ ਨਹੀਂ ਹੋਈ ਸਗੋਂ ਇਸ ਦੀ ਸਥਾਪਨਾ ਲਈ ਸਿੱਖ ਸ਼ਾਸਕਾਂ ਨੇ ਦੁਸ਼ਮਣਾਂ ਨੂੰ ਲੋਹੇ ਦੇ ਚਣੇ ਚਬਾਏ ਸਨ। ਰਾਜ ਵਿਸਥਾਰ ਲਈ ਸਿੱਖ ਸ਼ਾਸਕ ਹਮੇਸ਼ਾ ਯਤਨਸ਼ੀਲ ਰਹੇ ਅਤੇ ਅੰਤ ਛੋਟੀਆਂ-ਛੋਟੀਆਂ ਮਿਸਲਾਂ ਤੋਂ ਉੱਭਰੇ ਇੱਕ ਸੁਤੰਤਰ ਰਾਜ ਨੂੰ ਸਥਾਪਤ ਕਰਨ ਵਿੱਚ ਕਾਮਯਾਬੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੈਰ ਚੁੰਮੇ, ਜਿਸ ਦੇ ਰਾਜ ਪ੍ਰਬੰਧ ਦਾ ਜ਼ਿਕਰ ਅੱਜ ਵੀ ਪੂਰੀ ਸ਼ਿੱਦਤ ਨਾਲ ਕੀਤੀ ਜਾਂਦਾ ਹੈ। ਜਿੱਥੇ ਮਹਾਰਾਜਾ ਰਣਜੀਤ ਸਿੰਘ ਨੂੰ ਉਸ ਦੀ ਸੱਸ (ਸਦਾ ਕੌਰ) ਦੀ ਸਰਪ੍ਰਸਤੀ ਪ੍ਰਾਪਤ ਸੀ, ਉੱਥੇ ਹੀ ਮਹਾਰਾਣੀ ਜਿੰਦ ਕੌਰ ਨੇ ਵੀ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਈ। ਸ਼ੁਕਰਚੱਕੀਆ ਮਿਸਲ ਦੇ ਮੁਖੀ ਚੜ੍ਹਤ ਸਿੰਘ ਦੇ ਪੋਤੇ ਅਤੇ ਮਹਾਂ ਸਿੰਘ ਦੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਤਾਕਤ, ਜੋਸ਼ੀਲੇਪਣ ਅਤੇ ਸਲਾਹਕਾਰ ਦੀ ਸਲਾਹ ਸਦਕਾ ਪੰਜਾਬ ਤੋਂ ਕਾਬੁਲ ਤਕ ਰਾਜ ਸਥਾਪਤ ਕੀਤਾ। ਇਹ ਸਭ ਮਹਾਰਾਜਾ ਦੇ ਨਾਲ ਨੇੜਿਓਂ ਜੁੜੇ ਵਿਅਕਤੀਆਂ ਕਰਕੇ ਸੰਭਵ ਹੋਇਆ ਸੀ ਜਿਨਾਂ ਵਿੱਚੋਂ ਮਹਾਰਾਜਾ ਦੀ ਸਭ ਤੋਂ ਛੋਟੀ ਪਤਨੀ ਮਹਾਰਾਣੀ ਜਿੰਦ ਕੌਰ ਇੱਕ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਕੁੱਤੇਖਾਨੇ ਵਿੱਚ ਨੌਕਰੀ ਕਰਦੇ ਮੰਨਾ ਸਿੰਘ ਔਲਖ ਦੀ ਪੁੱਤਰੀ ਜਿੰਦ ਕੌਰ ਦਾ ਜਨਮ 1817 ਈਸਵੀ ਵਿੱਚ ਗੁਜਰਾਂਵਾਲਾ ਦੇ ਪਿੰਡ ਚਾੜ ਵਿੱਚ ਹੋਇਆ ਸੀ। ਜਿੰਦ ਕੌਰ ਦੇ ਸੁਹੱਪਣ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਉਮਰ ਦੇ ਆਖ਼ਰੀ ਪੜਾਅ ਵਿੱਚ ਉਸ ਨਾਲ ਵਿਆਹ ਕਰਵਾ ਕੇ ਉਸ ਨੂੰ ਆਮ ਔਰਤ ਤੋਂ ਮਹਾਰਾਣੀ ਬਣਾ ਦਿੱਤਾ। ਮਹਾਰਾਣੀ ਜਿੱਥੇ ਸੁਹੱਪਣ ਦਾ ਮੁਜੱਸਮਾ ਸੀ, ਉਥੇ ਦੂਰਅੰਦੇਸ਼ ਤੇ ਦਲੇਰ ਔਰਤ ਵੀ ਸੀ। ਮਹਾਰਾਣੀ ਜਿੰਦ ਕੌਰ ਨੇ ਸਿੱਖ ਸਲਤਨਤ ਦੇ ਆਖ਼ਰੀ ਵਾਰਸ ਮਹਾਰਾਜਾ ਦਲੀਪ ਸਿੰਘ ਨੂੰ ਜਨਮ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਆਦ ਉਨਾ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ, ਪੋਤਿਆਂ ਕੁੰਵਰ ਨੌਨਿਹਾਲ ਸਿੰਘ ਤੇ ਕੁੰਵਰ ਪ੍ਰਤਾਪ ਸਿੰਘ ਦੀਆਂ ਸਿਆਸੀ ਚਾਲਾਂ ਨਾਲ ਹੋਈਆਂ ਹੱਤਿਆਵਾਂ ਮਗਰੋਂ ਮਹਾਰਾਜਾ ਦਲੀਪ ਸਿੰਘ ਨੂੰ ਛੋਟੀ ਉਮਰੇ 1843 ਈਸਵੀ ਵਿੱਚ ਰਾਜਗੱਦੀ 'ਤੇ ਬਿਠਾ ਦਿੱਤਾ ਗਿਆ ਜਿਸ ਦੀ ਸਰਪ੍ਰਸਤੀ ਮਹਾਰਾਣੀ ਜਿੰਦ ਕੌਰ ਨੇ ਕੀਤੀ। ਮਹਾਰਾਣੀ ਪਰਦੇ ਤੋਂ ਬਾਹਰ ਆ ਕੇ ਸਾਰੇ ਰਾਜਸੀ ਕੰਮਾਂ ਦੀ ਦੇਖਭਾਲ ਕਰਨ ਲੱਗੀ ਪਰ ਉਸ ਨੂੰ ਕਈ ਮੁਸ਼ਕਲਾਂ ਦ ਸਾਹਮਣਾ ਕਰਨਾ ਪਿਆ।

ਇਸ ਦੌਰਾਨ ਜਿੱਥੇ ਮਹਾਰਾਜਾ ਦਲੀਪ ਸਿੰਘ ਦੇ ਵਿਰੋਧੀ ਸਰਗਰਮ ਸਨ, ਉੱਥੇ ਅੰਗਰੇਜ਼ ਵੀ ਆਪਣੇ ਸਾਮਰਾਜ ਦੇ ਵਿਸਥਾਰ ਲਈ ਯਤਨ ਕਰਨ ਲੱਗੇ। ਇਸ ਦੇ ਫ਼ਲਸਰੂਪ 1845 ਈਸਵੀ ਵਿੱਚ ਪਹਿਲਾ ਸਿੱਖ-ਐਂਗਲੋ ਯੁੱਧ ਹੋਇਆ। ਭਾਵੇਂ ਇਸ ਵਿੱਚ ਸਿੱਖ ਫ਼ੌਜ ਬਹਾਦਰੀ ਨਾਲ ਲੜੀ ਪਰ ਕੁਝ ਵਿਸ਼ਵਾਸਘਾਤੀਆਂ ਕਾਰਨ ਭੈਰੋਵਾਲ ਦੀ ਸੰਧੀ ਕਰਨੀ ਪਈ। ਇਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਨਾਬਾਲਗ ਹੋਣ ਕਰਕੇ ਉਸ ਦਾ ਸ਼ਾਸਨ ਅੰਗਰੇਜ਼ੀ ਰੈਜ਼ੀਡੈਂਟ ਨੂੰ ਦੇ ਦਿੱਤਾ ਗਿਆ ਅਤੇ ਮਹਾਰਾਣੀ ਜਿੰਦਾ ਨੂੰ ਸਰਪ੍ਰਸਤੀ ਤੋਂ ਹਟਾ ਕੇ 1,50,000 ਰੁਪਏ ਦੀ ਸਾਲਾਨਾ ਪੈਨਸ਼ਨ ਲਗਾ ਦਿੱਤੀ ਗਈ। ਇਸ ਨੂੰ ਬਆਦ ਵਿੱਚ ਘਟਾ ਕੇ 48,000 ਰੁਪਏ ਅਤੇ ਫਿਰ 12,000 ਰੁਪਏ ਕਰ ਦਿੱਤਾ ਗਿਆ। ਅੰਗਰੇਜ਼ਾਂ ਵੱਲੋਂ ਅਜਿਹਾ ਕਰਨ ਦਾ ਮੁੱਖ ਮਕਸਦ ਮਹਾਰਾਣੀ ਜਿੰਦਾ ਨੂੰ ਪੰਜਾਬ ਦੀ ਰਾਜਨੀਤੀ ਤੋਂ ਬਾਹਰ ਕਰਨਾ ਸੀ। ਲਗਾਤਾਰ ਵਧੀਕੀਆਂ ਹੋਣ ਕਾਰਨ ਮਹਾਰਾਣੀ ਆਪਣੇ ਵਿਸ਼ਵਾਸਯੋਗ ਸਾਥੀਆਂ ਨਾਲ ਅੰਗਰੇਜ਼ਾਂ ਵਿਰੁੱਧ ਗਤੀਵਿਧੀਆਂ ਕਰਦੀ ਰਹੀ। ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਨ ਦੀ ਸਜ਼ਾ ਵਜੋਂ ਮਹਾਰਾਣੀ ਨੂੰ 1849 ਈਸਵੀ ਨੂੰ ਦੇਸ਼ ਨਿਕਾਲਾ ਦੇ ਕੇ ਚੁਨਾਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਗਿਆ। ਸਖ਼ਤ ਪਹਿਰੇ ਹੋਣ ਦੇ ਬਾਵਜੂਦ ਮਹਾਰਾਣੀ, ਮੰਗਲਾ ਨਾਂ ਦੀ ਦਾਸੀ ਦੀ



ਮਦਦ ਨਾਲ ਸੇਵਾਦਾਰਨੀ ਦੇ ਭੇਸ ਵਿੱਚ ਕਿਲੇ ਵਿੱਚੋਂ ਭੱਜਣ ਵਿੱਚ ਸਫ਼ਲ ਹੋ ਗਈ। ਕਈ ਦਿਨ ਜੰਗਲਾਂ ਵਿੱਚ ਔਕੜਾਂ ਦਾ ਸਾਹਮਾਣਾ ਕਰਦਿਆਂ ਮਹਾਰਾਣੀ ਨੇਪਾਲ ਪੁੱਜ ਗਈ। ਨੇਪਾਲ ਦੇ ਰਾਜੇ ਨੂੰ ਸਾਰੀ ਵਿੱਥਿਆ ਦੱਸਣ 'ਤੇ ਰਾਜੇ ਨੇ ਉਸ ਨੂੰ ਰਹਿਣ ਲਈ ਘਰ, ਕੁਝ ਨੌਕਰ ਅਤੇ ਮਾਇਕ ਸਹਾਇਤਾ ਦੇ ਦਿੱਤੀ। ਮਹਾਰਾਣੀ ਆਪਣੇ ਪੁੱਤਰ ਦੇ ਵਿਯੋਗ ਵਿੱਚ ਰੋਂਦੀ ਰਹਿੰਦੀ ਤੇ ਆਪਣੀਆਂ ਅੱਖਾਂ ਦੀ ਰੋਸ਼ਨੀ ਗੁਆ ਬੈਠੀ।

ਉੱਧਰ ਮਹਾਰਾਜਾ ਦਲੀਪ ਸਿੰਘ ਨੂੰ ਮਾਂ ਤੋਂ ਵੱਖ ਕਰ ਕੇ ਰਾਜ ਗੱਦੀ ਤੋਂ ਉਤਾਰ ਦਿੱਤਾ ਗਿਆ। ਅੰਗਰੇਜ਼ਾਂ ਨੇ ਆਪਣੀ ਸਰਪ੍ਰਸਤੀ ਹੇਠ ਉਸ ਨੂੰ ਇੰਗਲੈਂਡ ਭੇਜ ਦਿੱਤਾ। ਉੱਥੇ ਉਸ ਨੇ ਆਪਣਾ ਧਰਮ ਤਬਦੀਲ ਕਰ ਕੇ ਈਸਾਈ ਧਰਮ ਅਪਣਾ ਲਿਆ। ਉੱਥੇ ਉਸ ਦਾ ਵਿਆਹ ਇੱਕ ਅੰਗਰੇਜ਼ ਵਪਾਰੀ ਦੀ ਪੁੱਤਰੀ ਬੰਬਾ ਮਿੱਲਰ ਨਾਲ ਕਰਵਾ ਦਿੱਤਾ ਗਿਆ। ਇਸ ਤਰਾਂ ਉਸ ਨੂੰ ਪੰਜਾਬ ਅਤੇ ਪੰਜਾਬ ਦੀ ਰਾਜਨੀਤੀ ਨਾਲੋਂ ਦੂਰ ਰੱਖਿਆ ਗਿਆ। ਅੰਗਰੇਜ਼ਾਂ ਦੇ ਰਹਿਮ 'ਤੇ ਜਿਊਣ ਲਈ ਮਜਬੂਰ ਹੋਣ ਕਾਰਨ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਕੇਸ ਕਤਲ ਕਰ ਕੇ ਮਹਾਰਾਣੀ ਵਿਕਟੋਰੀਆ ਨੂੰ ਭੇਟ ਕਰਨੇ ਪਏ। ਜ਼ਿੰਦਗੀ ਦੇ ਦਸ ਸਾਲ ਇਸੇ ਤਰਾਂ ਬੀਤ ਗਏ। ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਮਾਂ ਦੇ ਜਿਊਂਦੇ ਹੋਣ ਦਾ ਪਤਾ ਲੱਗਾ ਤਾਂ ਉਹ ਆਪਣੀ ਮਾਂ ਨੂੰ ਮਿਲਣ ਲਈ ਭਾਰਤ ਆਇਆ। ਉਸ ਨੂੰ ਪੰਜਾਬ ਵਿੱਚ ਆਉਣ ਤੋਂ ਰੋਕ ਦਿੱਤਾ ਗਿਆ। ਉਸ ਨੇ ਕਲਕੱਤੇ ਵਿੱਚ ਰਹਿ ਕੇ ਹੀ ਆਪਣੇ ਸੇਵਾਦਾਰਾਂ ਰਾਹੀਂ ਆਪਣੀ ਮਾਂ ਨੂੰ ਸੱਦਾ ਪੱਤਰ ਭੇਜਿਆ। ਜਦੋਂ ਮਹਾਰਾਣੀ ਜਿੰਦ ਕੌਰ ਨੂੰ ਇਹ ਸੱਦਾ ਪੱਤਰ ਮਿਲਿਆ ਤਾਂ ਉਹ ਨੇਪਾਲ ਦੇ ਮਹਾਰਾਜੇ ਕੋਲੋਂ ਆਪਣੇ ਪੁੱਤਰ ਨੂੰ ਮਿਲਣ ਦੀ ਆਗਿਆ ਲੈਣ ਗਈ। ਰਾਜੇ ਨੇ ਪਹਿਲਾਂ ਹੀ ਉਸ ਨੂੰ ਦਿੱਤੇ ਜਾ ਰਹੇ ਗੁਜ਼ਾਰੇ-ਭੱਤੇ ਤੋਂ ਦੁਖੀ ਹੋਣ ਕਾਰਨ ਤੁਰੰਤ ਹਾਂ ਕਰ ਦਿੱਤੀ ਅਤੇ ਸ਼ਰਤ ਰੱਖੀ ਕਿ ਇੱਕ ਵਾਰ ਚਲੇ ਜਾਣ ਤੋਂ ਬਆਦ ਵਾਪਸ ਆਉਣ ਦੀ ਆਗਿਆ ਨਹੀਂ ਹੋਵੇਗੀ। ਪੁੱਤਰ ਦੇ ਮਿਲਾਪ ਦੀ ਤਾਂਘ ਵਿੱਚ ਉਹ ਸਭ ਕੁਝ ਛੱਡ ਕੇ ਸੇਵਾਦਾਰ ਨਾਲ ਚੱਲ ਪਈ। ਜਦੋਂ ਮਾਂ-ਪੁੱਤ ਦਾ ਮਿਲਾਪ ਹੋਇਆ ਤਾਂ ਮਹਾਰਾਜਾ ਦਲੀਪ ਸਿੰਘ ਆਪਣੀ ਮਾਂ ਦੇ ਗਲ ਲੱਗ ਕੇ ਰੋਣ ਲੱਗਾ। ਜਦੋਂ ਮਹਾਰਾਣੀ ਨੇ ਆਪਣਾ ਹੱਥ ਉਸ ਦੇ ਚਿਹਰੇ ਅਤੇ ਵਾਲਾਂ ਵਿੱਚ ਫੇਰਿਆ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ ਅਤੇ ਕਹਿਣ ਲੱਗੀ, "ਇਹ ਮੇਰਾ ਦਲੀਪ ਨਹੀਂ, ਜੇ ਮੈਂ ਵੇਖ ਨਹੀਂ ਸਕਦੀ ਤਾਂ ਮੇਰੇ ਨਾਲ ਅਜਿਹੇ ਮਜ਼ਾਕ ਨਾ ਕਰੋ।" ਮਹਾਰਾਜਾ ਰੋਣ ਲੱਗਾ ਤੇ ਕਹਿਣ ਲੱਗਾ, "ਮਾਂ ਮੈਂ ਹੀ ਤੇਰਾ ਦਲੀਪ ਹਾਂ। ਉਸ ਨੇ ਆਪਣੀ ਮਾਂ ਨੂੰ ਠਰਮੇ ਨਾਲ ਸਾਰੀ ਵਿੱਥਿਆ ਸੁਣਾਈ ਕਿ ਕਿਨਾਂ ਹਾਲਾਤ ਵਿੱਚ ਉਸ ਨੇ ਆਪਣੇ ਕੇਸ ਮਹਾਰਾਣੀ ਵਿਕਟੋਰੀਆ ਨੂੰ ਭੇਟ ਕੀਤੇ ਸਨ। ਮਗਰੋਂ ਮਹਾਰਾਜਾ ਦਲੀਪ ਸਿੰਘ ਗੋਰੀ ਸਰਕਾਰ ਤੋਂ ਆਗਿਆ ਲੈ ਕੇ ਮਹਾਰਾਣੀ ਨੂੰ ਆਪਣੇ ਨਾਲ ਇੰਗਲੈਂਡ ਲੈ ਗਿਆ ਪਰ ਉੱਥੇ ਵੀ ਗੋਰੀ ਸਰਕਾਰ ਨੇ ਮਾਂ-ਪੁੱਤਰ ਨੂੰ ਇਕੱਠੇ ਨਾ ਰਹਿਣ ਦਿੱਤਾ। ਉਨਾਂ ਨੂੰ ਮਹੀਨੇ ਵਿੱਚ ਸਿਰਫ਼ ਦੋ ਵਾਰ ਮਿਲਣ ਦੀ ਆਗਿਆ ਸੀ। ਮਹਾਰਾਣੀ ਨੂੰ ਇੰਗਲੈਂਡ ਦੇ ਕਿੰਗਸਟਨ ਵਿੱਚ ਰਹਿਣ ਲਈ ਇੱਕ ਮਕਾਨ ਦੇ ਦਿੱਤਾ ਗਿਆ,ਜਿੱਥੇ ਉਹ ਆਪਣੇ ਆਖ਼ਰੀ ਸਾਹਾਂ ਤਕ ਰਹੀ। ਮਹਾਰਾਣੀ ਦੀ ਮੌਤ ਤੋਂ ਬਆਦ ਉਸ ਦੀ ਆਖ਼ਰੀ ਇੱਛਾ ਪੂਰੀ ਕਰਨ ਲਈ ਮਹਾਰਾਜਾ ਦਲੀਪ ਸਿੰਘ ਉਸ ਦੀ ਲਾਸ਼ ਨੂੰ ਭਾਰਤ ਲੈ ਆਇਆ ਪਰ ਉਸ ਨੂੰ ਆਪਣੀ ਮਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਪੰਜਾਬ ਆਉਣ ਦੀ ਆਗਿਆ ਨਾ ਮਿਲੀ। ਉਹ ਨਾਸਿਕ ਵਿਖੇ ਗੋਦਾਵਰੀ ਦੇ ਕੰਢੇ 'ਤੇ ਮਹਾਰਾਣੀ ਦੀਆਂ ਅੰਤਿਮ ਰਸਮਾਂ ਕਰ ਕੇ ਅਸਥੀਆਂ ਸੁਰੱਖਿਅਤ ਰੱਖ ਕੇ ਵਾਪਸ ਚਲਾ ਗਿਆ।

ਮਗਰੋਂ ਇਨਾਂ ਅਸਥੀਆਂ ਨੂੰ ਮਹਾਰਾਜਾ ਦਲੀਪ ਸਿੰਘ ਦੀ ਸ਼ਹਿਜ਼ਾਦੀ ਬੰਬਾਂ ਸੁਥਰਲੈਂਡ ਨੇ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਦਫ਼ਨਾ ਦਿੱਤਾ। ਇਸ ਤਰਾਂ ਇੱਕ ਸੰਘਰਸ਼ਮਈ ਜ਼ਿੰਦਗੀ ਜਿਊਣ ਵਾਲੀ ਦਲੇਰ ਔਰਤ ਦਾ ਅੰਤ ਹੋ ਗਿਆ।

**"ਅੰਗਰੇਜ਼ ਜਿੰਨੀਆਂ ਜ਼ਿਆਦਾ ਪਾਬੰਦੀਆਂ ਜਿੰਦਾ 'ਤੇ ਲਗਾਉਂਦੇ ਗਏ ਅਤੇ ਬੇਇੱਜ਼ਤੀ ਕਰਦੇ ਗਏ, ਉਹ ਉਨੀ ਜ਼ਿਆਦਾ ਲੋਕਾਂ ਦੀਆਂ ਨਜ਼ਰਾਂ ਵਿੱਚ ਹਰਮਨਪਿਆਰੀ ਹੁੰਦੀ ਚਲੀ ਗਈ।" ਖੁਸ਼ਵੰਤ ਸਿੰਘ।**

# ਪਹਿਲੇ ਐਂਗਲੋ-ਸਿੱਖ ਯੁੱਧ ਦੀ ਰਣਭੂਮੀ

**- ਮਾਸਟਰ ਰਜਿੰਦਰ ਸਿੰਘ**

ਫ਼ਿਰੋਜ਼ਪੁਰ ਤੋਂ ਮੋਗਾ ਮੁੱਖ ਸੜਕ ਉੱਤੇ ਸਥਿਤ ਫ਼ਿਰੋਜ਼ਪੁਰ ਅਤੇ ਤਲਵੰਡੀ ਭਾਈ ਦੇ ਵਿਚਕਾਰ ਇਤਿਹਾਸਕ ਪਿੰਡ ਫ਼ਿਰੋਜ਼ਸ਼ਾਹ (ਫੇਰੂ ਸ਼ਹਿਰ) ਦੀ ਧਰਤੀ ਆਪਣੀ ਬੁੱਕਲ ਵਿੱਚ ਡੂੰਘਾ ਦਰਦਮਈ ਇਤਿਹਾਸ ਸੰਭਾਲੀ ਬੈਠੀ ਹੈ। ਇਸ ਧਰਤੀ ਦਾ ਜ਼ੱਰਾ-ਜ਼ੱਰਾ ਸ਼ਹੀਦਾਂ ਦੇ ਖ਼ੂਨ ਨਾਲ ਸਿੰਜਿਆ ਹੋਇਆ ਹੈ। ਇਸ ਧਰਤੀ ਨੇ ਅੰਗਰੇਜ਼ਾਂ ਅਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦੇ ਯੁੱਧ ਸਮੇਂ ਆਪਣੇ ਯੋਧੇ ਪੁੱਤਰਾਂ ਦੀਆਂ ਤਲਵਾਰਾਂ ਨਾਲ ਦੁਸ਼ਮਣਾਂ ਦੇ ਡਿੱਗਦੇ ਸਿਰ ਵੀ ਵੇਖੇ ਹਨ ਅਤੇ ਸਿੱਖ ਫ਼ੌਜਾਂ ਦੇ ਗ਼ੱਦਾਰ ਸੈਨਾਪਤੀਆਂ ਤੇਜ ਸਿੰਘ ਅਤੇ ਲਾਲ ਸਿੰਘ ਦੁਆਰਾ ਸਿੱਖ ਰਾਜ ਦੀਆਂ ਫ਼ੌਜਾਂ (ਜਿਨਾਂ ਵਿੱਚ ਸਿੱਖ,ਮੁਸਲਿਮ, ਹਿੰਦੂ ਪਠਾਨ ਅਤੇ ਡੋਗਰੇ ਸਨ) ਦੇ ਯੋਧਿਆਂ ਨਾਲ ਧੋਖਾ ਕਰ ਕੇ ਕਰਵਾਏ ਘਾਣ ਨੂੰ ਵੀ ਅੱਖੀਂ ਵੇਖਿਆ ਹੈ। ਇਸ ਧਰਤੀ ਨੇ ਆਪਣੇ ਯੋਧੇ ਪੁੱਤਰਾਂ ਨੂੰ ਮਣਾਂ ਮੂੰਹੀਂ ਖ਼ੂਨ ਡੋਲ ਕੇ ਆਪਣੇ ਰਾਜ ਸਵੈਮਾਨ ਅਤੇ ਸੱਭਿਆਚਾਰ ਦੀ ਰਾਖੀ ਲਈ ਅੰਗਰੇਜ਼ ਫ਼ੌਜਾਂ (ਜਿਨਾਂ ਵਿੱਚ ਅੰਗਰੇਜ਼ ਪੁਰਬੀਏ, ਭਾਰਤੀ ਰਿਆਸਤਾਂ ਦੇ ਫ਼ੌਜੀ ਸਨ) ਨਾਲ ਲੋਹਾ ਲੈ ਕੇ ਸ਼ਹੀਦੀ ਪ੍ਰਾਪਤ ਕਰਦਿਆਂ ਵੇਖਿਆ ਹੈ।

ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਪਹਿਲੀ ਲੜਾਈ ਨੂੰ ਸਤਲੁਜ ਕੰਪੇਨ ਦਾ ਨਾਂ ਦਿੱਤਾ ਗਿਆ ਸੀ। ਪਹਿਲੀ ਲੜਾਈ ਮੁੱਦਕੀ ਦੇ ਸਥਾਨ 'ਤੇ 18 ਦਸੰਬਰ 1845 ਨੂੰ ਹੋਈ ਸੀ। ਇਸ ਦੌਰਾਨ ਜਦੋਂ ਅੰਗਰੇਜ਼ਾਂ ਨੂੰ ਸਿੱਖਾਂ ਦੀ ਯੁੱਧ ਨੀਤੀ ਅਤੇ ਲੜਨ ਸ਼ਕਤੀ ਦਾ ਪਤਾ ਲੱਗਾ ਤਾਂ ਅੰਗਰੇਜ਼ ਅਫ਼ਸਰ ਭੈਭੀਤ ਹੋ ਗਏ। ਮੁੱਦਕੀ ਵਿੱਚ ਸਿੱਖਾਂ ਦੀਆਂ 17 ਤੋਪਾਂ ਖੋਹੀਆਂ ਗਈਆਂ ਸਨ। ਸਿੱਖ ਫ਼ੌਜਾਂ ਦਾ ਵੱਡਾ ਕੈਂਪ ਫ਼ਿਰੋਜ਼ਸ਼ਾਹ ਵਿੱਚ ਪਿੰਡ ਇੱਟਾਂਵਾਲੀ ਵੱਲ ਜਿੱਥੇ ਅੱਜਕੱਲ ਸੈਕੰਡਰੀ ਸਕੂਲ ਹੈ, ਉੱਥੇ ਸੀ। ਸਾਰਾ ਗੋਲਾ, ਬਾਰੂਦ ਅਤੇ ਵੱਡੀਆਂ ਤੋਪਾਂ ਇੱਥੇ ਹੀ ਫਿੱਟ ਸਨ। ਇਸ ਜਗਾਂ ਤੇ ਪਾਣੀ ਦੀ ਵੱਡੀ ਢਾਬ ਸੀ, ਜਿਸ ਉੱਪਰ ਲਾਲ ਸਿੰਘ ਦੇ ਅਧੀਨ 20000 ਸਿੱਖ ਫ਼ੌਜ ਕਬਜ਼ਾ ਜਮਾਈ ਬੈਠੀ ਸੀ। ਤੇਜ ਸਿੰਘ (ਤੇਜਾ ਸਿੰਘ) ਸੈਨਾਪਤੀ ਦੇ ਅਧੀਨ 30 ਹਜਾਰ ਫ਼ੌਜ ਦਾ ਮੇਨ ਕੈਂਪ, ਅਸਲਾ -ਬਾਰੂਦ ਅਤੇ ਤੋਪਾਂ ਫ਼ਿਰੋਜ਼ਪੁਰ ਦੇ ਨਜ਼ਦੀਕ ਪਿੰਡ ਬੱਗੇ ਕੇ ਪਿੱਪਲ ਵਿੱਚ ਸੀ ਜੋ ਲਿਟਲਰ ਦੀ 7000 ਫ਼ੌਜ ਦੀ ਨਿਗਾਹ ਰੱਖ ਰਿਹਾ ਸੀ। ਅਠਾਰਾਂ ਦਸੰਬਰ 1845 ਨੂੰ ਮੁੱਦਕੀ ਦੀ ਲੜਾਈ ਮਗਰੋਂ ਸਿੱਖ ਫ਼ੌਜਾਂ ਆਪਣੇ ਮੇਨ ਕੈਂਪ ਫ਼ਿਰੋਜ਼ਸ਼ਾਹ ਵਿੱਚ ਆ ਗਈਆਂ। ਸੈਨਾਪਤੀ ਤੇਜ ਸਿੰਘ ਦੀ ਫ਼ੌਜ ਦਾ ਮੇਨ ਕੈਂਪ ਭਾਵੇਂ ਪਿੰਡ ਬੱਗੇ ਕੇ ਪਿੱਪਲ ਸੀ ਪਰ ਉਸ ਦੀ ਐਡਵਾਂਸ ਫ਼ੌਜ ਫ਼ਿਰੋਜ਼ਸ਼ਾਹ ਵਿੱਚ ਪਹੁੰਚ ਗਈ ਸੀ।



ਮੁੱਦਕੀ ਦੀ ਲੜਾਈ ਮਗਰੋਂ ਅੰਗਰੇਜ਼ ਅਫ਼ਸਰਾਂ ਦੇ ਹੌਂਸਲੇ ਪਸਤ ਹੋ ਗਏ ਸਨ। ਕਮਾਂਡਰ-ਇਨ-ਚੀਫ਼ ਲਾਰਡ ਹੈਨਰੀ ਹਾਰਡਿੰਗ ਸਿੱਖਾਂ ਵੱਲੋਂ ਬਹਾਦਰੀ ਨਾਲ ਕੀਤੇ ਹਮਲੇ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਉਹ ਉਨਾ ਚਿਰ ਹੋਰ ਮੁਸੀਬਤ ਨਹੀਂ ਸਹੇੜਨੀ ਚਾਹੁੰਦਾ ਸੀ ਜਿੰਨਾ ਚਿਰ ਵੱਡੀ ਗਿਣਤੀ ਵਿੱਚ ਫ਼ੌਜ ਫ਼ਿਰੋਜ਼ਸ਼ਾਹ (ਫੇਰੂ ਸ਼ਹਿਰ) ਨੇੜੇ ਇਕੱਠੀ ਨਹੀਂ ਹੋ ਜਾਂਦੀ। ਦੂਜੇ ਪਾਸੇ ਲਾਰਡ ਹਿਊ ਗਫ ਜੋ ਕਿ ਇਸ ਯੁੱਧ ਦੀ ਕਮਾਂਡ ਸੰਭਾਲ ਰਿਹਾ ਸੀ ਜਲਦੀ ਹਮਲਾ ਕਰਨਾ ਚਾਹੁੰਦਾ ਸੀ ਪਰ ਉਸ ਨੇ ਹਾਰਡਿੰਗ ਦੀ ਗੱਲ ਮੰਨ ਕੇ ਇਹ ਹਮਲਾ ਰੋਕ ਦਿੱਤਾ। ਉੱਧਰ ਸਿੱਖ ਫ਼ੌਜ ਵੀ ਆਰ-ਪਾਰ ਦੀ ਲੜਾਈ ਲੜਨਾ ਚਾਹੁੰਦੀ ਸੀ। ਅੰਗਰੇਜ਼ ਫ਼ੌਜ ਸਿੱਧੀ ਜੰਗ ਲੜਨ ਤੋਂ ਡਰਦੀ ਸੀ। ਅੰਗਰੇਜ਼ ਕਮਾਂਡਰਾਂ ਨੇ ਜਿੰਨਾ ਚਿਰ ਸਿੱਖ ਸੈਨਾਪਤੀਆਂ ਤੇਜ ਸਿੰਘ ਅਤੇ ਲਾਲ ਸਿੰਘ ਨਾਲ ਹੱਥ ਨਹੀਂ ਮਿਲਾ ਲਿਆ ਉਨਾ ਚਿਰ ਉਨਾਂ ਦਾ ਸਿੱਖ ਸੈਨਾ ਦੇ ਸਾਹਮਣੇ ਹੋਣ ਦਾ ਹੌਂਸਲਾ ਨਾ ਹੋਇਆ। 21 ਦਸੰਬਰ, 1845 ਨੂੰ ਅੰਗਰੇਜ਼ ਫ਼ੌਜਾਂ ਨੇ ਜਰਨੈਲੀ ਸੜਕ ਰਾਹੀਂ ਫ਼ਿਰੋਜ਼ਸ਼ਾਹ ਵੱਲ ਕੂਚ ਕੀਤਾ। ਸ਼ਾਮ ਦੇ 4 ਵਜੇ ਦੇ ਲਗਪਗ ਜੰਗੀ ਤਰਾਨੇ ਵੱਜੇ। ਤੋੜੇਦਾਰ ਬੰਦੂਕਾਂ ਨੇ ਹਰਕਤ ਕੀਤੀ। ਤੋਪਚੀਆਂ ਨੇ ਭਾਰੇ ਗੋਲੇ ਹੱਥਾਂ ਵਿੱਚ ਫੜ ਕੇ ਪੁਜ਼ੀਸ਼ਨਾ ਲੈ ਲਈਆਂ।

ਜਾਰਜ ਬਰੂਸ ਲਿਖਦਾ ਹੈ, "18000 ਫ਼ੌਜ ਤਿਆਰ ਖੜੀ ਉਡੀਕ ਰਹੀ ਸੀ। ਢਲਦਾ ਸੂਰਜ ਮੈਦਾਨ ਉੱਤੇ ਲੰਮੇ ਪਰਛਾਵੇਂ ਸੁੱਟ ਰਿਹਾ ਸੀ। ਲਹੂ ਲਿੱਬੜੇ ਰੈਜਮੈਂਟਾਂ ਦੇ ਝੰਡੇ ਅਤੇ ਡਰੈਗਨ ਰੈਜਮੈਂਟਾਂ ਦੇ ਸਿਪਾਹੀਆਂ ਦੀਆਂ ਕਲਗੀਆਂ ਬੇ-ਆਵਾਜ਼ ਹਵਾ ਵਿੱਚ ਝੁਕੀਆਂ ਪਈਆਂ ਸਨ। ਫ਼ੌਜੀ ਇਹ ਅਰਦਾਸਾਂ ਕਰ ਰਹੇ ਸਨ ਕਿ ਉਹ ਇੱਥੋਂ ਜਿਉਂਦੇ ਬਚ ਕੇ ਨਿਕਲ ਸਕਣ।"ਸਿੱਖਾਂ ਨੇ ਇਸ ਜੰਗ ਵਿੱਚ ਬਹਾਦਰੀ ਦੇ ਇੰਨੇ ਕਾਰਨਾਮੇ ਦਿਖਾਏ ਜਿਨਾਂ ਨੂੰ ਲਾਹੌਰ ਦਰਬਾਰ ਦੇ ਇਤਿਹਾਸਕਾਰ ਤਾਂ ਨਹੀਂ ਲਿਖ ਸਕੇ ਪਰ ਅੰਗਰੇਜ਼ ਕਮਾਂਡਰਾਂ ਨੇ ਜੰਗ ਤੋਂ ਬਆਦ ਆਪਣੀਆਂ ਲਿਖਤਾਂ ਵਿੱਚ ਸਿੱਖ ਫ਼ੌਜਾਂ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਹੈ।

ਫੇਰੂ ਸ਼ਹਿਰ ਦੀ ਲੜਾਈ ਇੰਨੀ ਭਿਆਨਕ ਹੋ ਗਈ ਸੀ ਕਿ ਬ੍ਰਿਟਿਸ਼ ਸੈਨਾਪਤੀ ਲਾਰਡ ਹਾਰਡਿੰਗ ਨੇ ਉਹ ਤਲਵਾਰ ਜੋ ਉਸ ਨੂੰ ਇਨਾਮ ਵਿੱਚ ਮਿਲੀ ਸੀ,ਵਿਆਹ ਸਮੇਂ ਦੀ ਮੁੰਦਰੀ ਅਤੇ ਹੋਰ ਜ਼ਰੂਰੀ ਕਾਗਜ਼ ਫੇਰੂ ਸ਼ਹਿਰ ਦੇ ਮੈਦਾਨ ਵਿੱਚੋਂ ਆਪਣੇ ਪੁੱਤਰ ਰਾਹੀਂ ਵਾਪਸ ਭੇਜ ਦਿੱਤੇ ਅਤੇ ਹਦਾਇਤ ਕੀਤੀ ਕਿ ਜੇ ਹਾਰ ਹੋ ਗਈ ਤਾਂ ਉਸ ਦੇ ਸਾਰੇ ਕਾਗਜ਼ ਸਾੜ ਦਿੱਤੇ ਜਾਣ ਕਿਉਂਕਿ ਉਸ ਨੂੰ ਜਿੱਤ ਤਾਂ ਕੀ ਆਪਣੀ ਜਾਨ ਦੀ ਸਲਾਮਤੀ ਵੀ ਨਜ਼ਰ ਨਹੀਂ ਆ ਰਹੀ ਸੀ ।

ਬਾਕੀ ਸਫ਼ਾ 32 'ਤੇ

# ਹਵਾ ਵਿਚਲੇ ਪ੍ਰਦੂਸ਼ਣ ਬਾਰੇ ਨਵੀਂ ਖੋਜ

**- ਡਾ. ਹਰਸ਼ਿੰਦਰ ਕੌਰ**

ਹਵਾ ਵਿਚਲਾ ਪ੍ਰਦੂਸ਼ਣ ਕਰੋੜਾਂ ਮੌਤਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਹਵਾ ਵਿਚਲਾ ਪ੍ਰਦੂਸ਼ਣ ਨਾ ਸਿਰਫ਼ ਇਨਸਾਨਾਂ ਉੱਤੇ, ਬਲਕਿ ਕੀੜਿਆਂ, ਜਾਨਵਰਾਂ, ਪਾਣੀ, ਧਰਤੀ, ਵਨਸਪਤੀ, ਹਰ ਚੀਜ਼ ਉੱਤੇ ਜਾਨਲੇਵਾ ਅਸਰ ਛੱਡ ਰਿਹਾ ਹੈ।

ਇਰਾਨ ਦੇ ਤਹਿਰਾਨ ਤੇ ਭਾਰਤ ਦੀ ਦਿੱਲੀ ਨੂੰ ਦੁਨੀਆ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਥਾਵਾਂ ਮੰਨ ਲੈਣ ਬਾਅਦ ਵਿਸ਼ਵ ਸਿਹਤ ਸੰਸਥਾ ਨੇ ਪ੍ਰਦੂਸ਼ਿਤ ਹਵਾ ਨਾਲ ਹੋ ਰਹੇ ਮਾੜੇ ਅਸਰਾਂ ਬਾਰੇ ਖੋਜ ਕਰਨ ਦਾ ਫ਼ੈਸਲਾ ਕੀਤਾ।

ਇਰਾਨ ਦੀ ਮੈਡੀਕਲ ਯੂਨੀਵਰਸਿਟੀ ਵਿਚਲੇ ਮੈਡੀਕਲ ਤਕਨਾਲੌਜੀ ਰਿਸਰਚ ਸੈਂਟਰ, ਵਿਖੇ ਮੈਡੀਸਨ ਵਿਭਾਗ ਦੇ ਸਪੈਸ਼ਲਿਸਟਾਂ ਵੱਲੋਂ ਖੋਜ ਕਰ ਕੇ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਲਿਆ ਧਰੇ ਹਨ।

ਸਭ ਤੋਂ ਪਹਿਲਾਂ ਹਵਾ ਵਿਚਲੇ ਕਣ ਜੋ ਪ੍ਰਦੂਸ਼ਣ ਕਹਾਏ ਜਾਂਦੇ ਹਨ, ਉਨਾਂ ਬਾਰੇ ਜਾਣੀਏ:-

1. ਕਾਰਬਨ ਮੋਨੋਆਕਸਾਈਡ
2. ਸਲਫਰ ਡਾਈਆਕਸਾਈਡ
3. ਓਜ਼ੋਨ
4. ਨਾਈਟਰੋਜਨ ਡਾਈਆਕਸਾਈਡ
5. ਪ੍ਰਦੂਸ਼ਿਤ ਕਣ

ਇਨਾਂ ਦੀ ਹਵਾ ਵਿਚਲੀ ਮਾਤਰਾ ਦੇ ਹਿਸਾਬ ਨਾਲ ਹਵਾ ਸਹੀ ਜਾਂ ਜ਼ਹਿਰੀਲੀ ਗਿਣੀ ਜਾਂਦੀ ਹੈ। ਇਨਾਂ ਤੋਂ ਇਲਾਵਾ ਵੀ ਹੋਰ ਅਨੇਕ ਜ਼ਹਿਰੀਲੀਆਂ ਗੈਸਾਂ ਤੇ ਕਣ ਹਨ ਜੋ ਵਾਤਾਵਰਨ ਨੂੰ ਗੰਧਲਾ ਕਰ ਰਹੇ ਹਨ।

ਸਿਫ਼ਰ ਤੋਂ ਲੈ ਕੇ 500 ਤਕ ਦੀ ਮਿਣਤੀ ਅਨੁਸਾਰ ਹਵਾ ਨੂੰ ਪ੍ਰਦੂਸ਼ਿਤ ਗਿਣਿਆ ਜਾਂਦਾ ਹੈ ਕਿ ਇਹ ਹਵਾ ਕਿਸੇ ਇਨਸਾਨ ਲਈ, ਜਾਨਵਰ ਲਈ, ਕੀਟਾਣੂਆਂ ਲਈ ਜਾਂ ਬੂਟਿਆਂ ਲਈ ਕਿੰਨੀ ਹਾਨੀਕਾਰਕ ਹੈ!

ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਲਈ ਇੱਕ ਸਿਗਰਟ ਦਾ ਵੀ ਰੋਲ ਹੁੰਦਾ ਹੈ। ਕੁਦਰਤੀ ਤੌਰ ਉੱਤੇ ਫਟਣ ਵਾਲੇ ਜਵਾਲਾਮੁਖੀ, ਗੱਡੀਆਂ, ਮੋਟਰਾਂ, ਹਵਾਈ ਜਹਾਜ਼ਾਂ ਦੇ ਇੰਜਣਾਂ ਤੇ ਫੈਕਟਰੀਆਂ ਵਿੱਚੋਂ ਲਗਾਤਾਰ ਨਿਕਲਦੀ ਗੰਦਗੀ ਸਮੇਤ ਜੰਗਲਾਂ ਨੂੰ ਅੱਗਾਂ ਲੱਗਣੀਆਂ ਵੀ ਇਸ ਦਾ ਕਾਰਨ ਬਣਦੇ ਜਾ ਰਹੇ ਹਨ।

ਪ੍ਰਦੂਸ਼ਿਤ ਹਵਾ ਨਾਲ ਕੀ ਨੁਕਸਾਨ ਹੋ ਚੁੱਕੇ ਹਨ ਤੇ ਹੋ ਰਹੇ ਹਨ ?

1. ਕਈ ਕਿਸਮਾਂ ਦੇ ਕੁਦਰਤੀ ਮਦਦਗਾਰ ਕੀਟਾਣੂ ਹਮੇਸ਼ਾ ਲਈ ਖ਼ਤਮ ਹੋ ਚੁੱਕੇ ਹਨ।
2. ਹਰ ਸਾਲ 43 ਲੱਖ ਮੌਤਾਂ ਘਰ ਅੰਦਰਲੇ ਧੂੰਏ ਨਾਲ ਹੋ ਰਹੀਆਂ ਹਨ।
3. ਹਵਾ ਵਿਚਲਾ ਵਧਦਾ ਪ੍ਰਦੂਸ਼ਣ ਹਰ ਸਾਲ 37 ਲੱਖ ਮੌਤਾਂ ਦਾ ਕਾਰਨ ਬਣ ਰਿਹਾ ਹੈ।

ਇਕੱਲੇ ਤਹਿਰਾਨ ਵਿਚ ਸੰਨ 2013 ਵਿਚ 4460 ਮੌਤਾਂ ਹਵਾ ਦੇ ਪ੍ਰਦੂਸ਼ਿਤ ਹੋ ਜਾਣ ਨਾਲ ਹੋਈਆਂ ਕਿਉਂਕਿ ਉਸ ਸਾਲ ਲੰਡਨ ਦੀ ਹਵਾ ਨਾਲੋਂ 13 ਗੁਣਾ ਵੱਧ ਗੰਦਗੀ ਤਹਿਰਾਨ ਦੀ ਹਵਾ ਵਿਚ ਲੱਭੀ।

4. ਕਈ ਤਰਾਂ ਦੇ ਜਾਨਵਰ ਹੌਲੀ-ਹੌਲੀ ਲੁਪਤ ਹੁੰਦੇ ਜਾ ਰਹੇ ਹਨ ਤੇ ਖੋਜਾਂ ਰਾਹੀਂ ਪਤਾ ਲੱਗਿਆ ਹੈ ਕਿ ਉਸ ਦਾ ਕਾਰਨ ਪ੍ਰਦੂਸ਼ਿਤ ਹਵਾ ਵਿਚਲੇ ਜ਼ਹਿਰ ਦਾ ਬੂਟਿਆਂ ਤੇ ਧਰਤੀ ਵਿਚਲੇ ਪਾਣੀ ਵਿਚ ਰਲ ਜਾਣਾ ਹੈ।
5. ਹਵਾ ਵਿਚਲੇ ਲੋੜੋਂ ਵੱਧ ਮਾੜੇ ਕਣ ਜੋ ਪੱਤਿਆਂ ਉੱਤੇ ਜੰਮ ਕੇ ਉਨਾਂ ਵਿੱਚੋਂ ਨਾਰਮਲ ਗੈਸਾਂ ਦਾ ਆਦਾਨ ਪ੍ਰਦਾਨ ਹੋਣ ਤੋਂ ਰੋਕ ਦਿੰਦੇ ਹਨ, ਉਸੇ ਗੰਦਗੀ ਤਹਿਤ ਦਰਖਤ ਹਵਾ ਵਿੱਚੋਂ ਗੰਦਗੀ ਨੂੰ ਸਾਫ ਕਰਨ ਵਿਚ ਅਸਮਰਥ ਹੋ ਜਾਂਦੇ ਹਨ। ਇਸੇ ਕਰਕੇ ਕਈ ਤਰਾਂ ਦੀ ਵਨਸਪਤੀ ਦੀ ਹੋਂਦ ਵੀ ਜਾਨਵਰਾਂ ਵਾਂਗ ਖ਼ਤਰੇ ਵਿਚ ਪੈ ਚੁੱਕੀ ਹੈ ਤੇ ਕੁੱਝ ਕਿਸਮਾਂ ਲੁਪਤ ਹੋ ਚੁੱਕੀਆਂ ਹਨ।
6. ਵਿਸ਼ਵ ਸਿਹਤ ਸੰਸਥਾ ਅਨੁਸਾਰ ਓਜ਼ੋਨ, ਸਲਫਰ ਡਾਇਓਕਸਾਈਡ, ਨਾਈਟਰੋਜਨ ਆਕਸਾਈਡ, ਲੈੱਡ (ਸਿੱਕਾ) ਤੇ ਪ੍ਰਦੂਸ਼ਿਤ ਕਣ ਜਿਵੇਂ ਮਿੱਟੀ-ਘੱਟਾ, ਪਰਾਲੀ ਦਾ ਸਾੜਨਾ, ਜੰਗਲਾਂ ਦਾ ਸੜਨਾ, ਫੈਕਟਰੀਆਂ ਦਾ ਧੂੰਆਂ, ਹਾਈਡਰੋਕਾਰਬਨ, ਹੈਲੋਜਨ, ਵਿਸਫੋਟਕ ਧੂੰਆਂ, ਆਦਿ ਸਰੀਰ ਉੱਤੇ ਹੌਲੀ-ਹੌਲੀ ਮਾਰੂ ਅਸਰ ਕਰ ਕੇ ਕੈਂਸਰ ਕਰ ਦਿੰਦੇ ਹਨ।
7. ਇਕੱਲੇ ਈਰਾਨ ਵਿਚ ਪ੍ਰਦੂਸ਼ਿਤ ਹਵਾ ਨਾਲ ਹੋਈਆਂ ਬੀਮਾਰੀਆਂ ਦੇ ਇਲਾਜ ਵਿਚ ਇੱਕ ਸਾਲ ਵਿਚ ਲੋਕਾਂ ਦੇ 16 ਬਿਲੀਅਨ ਡਾਲਰ ਖਰਚ ਹੋਏ ਹਨ।
8. ਫੈਕਟਰੀਆਂ, ਗੱਡੀਆਂ, ਬੱਸਾਂ, ਕਾਰਾਂ ਆਦਿ ਵਿੱਚੋਂ ਨਿਕਲੀ ਪ੍ਰਦੂਸ਼ਿਤ ਗੈਸ ਡੀ.ਐਨ.ਏ. ਵਿੱਚ ਸਦੀਵੀ ਨੁਕਸ ਪਾਉਣ ਦੇ ਸਮਰੱਥ ਹੈ। ਓਜ਼ੋਨ, ਇਲੈਕਟਰੋਨ ਨੂੰ ਖਿੱਚ ਕੇ ਸਾਹ ਦੀਆਂ ਨਾਲੀਆਂ ਵਿਚਲੇ ਸੈੱਲਾਂ ਦੀ ਪਰਤ ਹੇਠਲੇ ਫੈੱਟੀ ਏਸਿਡ ਨਾਲ ਛੇੜਛਾੜ ਕਰ ਕੇ ਹੌਲੀ-ਹੌਲੀ ਦਮੇ ਦਾ ਪੱਕਾ ਰੋਗੀ ਬਣਾ ਦਿੰਦੀ ਹੈ। ਫੇਰ ਹਾਈਡਰੋਜਨ ਪਰਆਕਸਾਈਡ ਤੇ ਐਲਡੀਹਾਈਡ ਬਣਾ ਕੇ ਸੈੱਲਾਂ ਦੀ ਪਰਤ ਵਿਚ ਤਬਦੀਲੀ ਲਿਆ ਕੇ, ਡੀ.ਐਨ.ਏ. ਵਿਚ ਬਦਲਾਓ ਲਿਆ ਦਿੰਦੀ ਹੈ। ਇੰਜ ਨਾ ਸਿਰਫ਼ ਸੈੱਲਾਂ ਦੇ ਕੰਮ ਕਾਰ, ਬਣਤਰ, ਬੀਮਾਰੀ ਨਾਲ ਲੜਨ ਦੀ ਸਮਰੱਥਾ, ਬਲਕਿ ਉਨਾਂ ਅੰਦਰਲੀਆਂ ਬਾਇਓਕੈਮੀਕਲ ਸੋਧਾਂ ਵਿਚ ਵੀ ਗੜਬੜੀ ਕਰ ਦਿੰਦੀ ਹੈ। ਇੰਜ ਸਰੀਰ ਧੁਆਂਖੀ ਲੱਕੜ ਵਾਂਗ ਹੌਲੀ-ਹੌਲੀ ਰੋਗੀ ਬਣਦਾ ਜਾਂਦਾ ਹੈ ਪਰ ਕਿਸੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਉਂ ਕੁੱਝ ਸਾਲਾਂ ਬਾਅਦ ਫੈਲੇ ਹੋਏ ਕੈਂਸਰ ਦਾ ਸ਼ਿਕਾਰ ਬਣ ਗਿਆ ਤੇ ਕਿਉਂ ਸਾਰਾ ਟੱਬਰ ਵਾਰ-ਵਾਰ ਬੀਮਾਰ ਹੁੰਦਾ ਰਹਿੰਦਾ ਹੈ!

ਬਿਲਕੁਲ ਇੰਜ ਹੀ ਓਜ਼ੋਨ ਦਰਖ਼ਤਾਂ ਵਿੱਚ ਕਾਰਬਨ ਦਾ ਘੁਲਣਾ ਰੋਕ ਕੇ ਉਨਾਂ ਨੂੰ ਸੁਕਾ ਦਿੰਦੀ ਹੈ ਤੇ ਪੂਰਾ ਇਲਾਕਾ ਵੀਰਾਨ ਕਰ ਦਿੰਦੀ ਹੈ ਜੋ ਅੱਗੋਂ ਹਵਾ ਵਿਚਲਾ ਪ੍ਰਦੂਸ਼ਣ ਖ਼ਤਮ ਕਰਨ ਜੋਗਾ ਨਹੀਂ ਰਹਿੰਦਾ।

9. ਲੱਕੜ ਤੇ ਕੋਲੇ ਦੇ ਬਾਲਣ ਨਾਲ ਨਿਕਲੀ ਕਾਰਬਨ ਮੋਨੋਆਕਸਾਈਡ ਸਿਰ ਪੀੜ, ਚੱਕਰ, ਬੇਹੋਸ਼ੀ ਹੋਣੀ, ਕਮਜ਼ੋਰੀ, ਜੀਅ ਕੱਚਾ, ਉਲਟੀਆਂ, ਘਬਰਾਹਟ, ਕੁੱਝ ਸਮਝ ਨਾ ਸਕਣਾ, ਆਦਿ ਵਰਗੇ ਲੱਛਣ ਪੈਦਾ ਕਰ ਦਿੰਦੀ ਹੈ। ਦੋ ਫੀਸਦੀ ਤੱਕ ਵਧੀ ਕਾਰਬਨ ਮੋਨੋਆਕਸਾਈਡ ਨਾਲ ਖ਼ਤਰਾ ਨਹੀਂ ਹੁੰਦਾ ਪਰ 40 ਫੀਸਦੀ ਤੱਕ ਵਧੀ ਨਾਲ ਮੌਤ ਹੋ ਜਾਂਦੀ ਹੈ। ਦੋ ਤੋਂ 6 ਫੀਸਦੀ ਵਾਧੇ ਨਾਲ ਐਨਜਾਈਨਾ ਦੀ ਪੀੜ ਸ਼ੁਰੂ ਹੋ ਜਾਂਦੀ ਹੈ ਤੇ ਦਿਲ ਦੀ ਧੜਕਨ ਦੀ ਗੜਬੜੀ ਮੌਤ ਦਾ ਕਾਰਨ ਬਣ ਸਕਦੀ ਹੈ।
10. ਸਲਫਰ ਡਾਇਆਕਸਾਈਡ :- ਜਵਾਲਾ ਮੁਖੀ ਫਟਣ, ਫੈਕਟਰੀਆਂ ਦੀ ਜ਼ਹਿਰੀਲੀ ਗੈਸ ਤੇ ਲੱਕੜ ਕੋਲਾ ਬਾਲਣ ਨਾਲ ਨਿਕਲੀ ਗੈਸ ਬੂਟਿਆਂ ਲਈ ਵੀ ਬਹੁਤ ਨੁਕਸਾਨਦੇਹ ਹੈ। ਜਾਨਵਰਾਂ ਤੇ ਬੰਦਿਆਂ ਉੱਤੇ ਇਹ ਕਹਿਰ ਢਾਅ ਸਕਦੀ ਹੈ। ਚਮੜੀ ਤੇ ਫੇਫੜਿਆਂ ਦੀਆਂ ਬੀਮਾਰੀਆਂ ਬੱਚਿਆਂ ਤੋਂ ਬਜ਼ੁਰਗਾਂ ਤਕ, ਹਰ ਕਿਸੇ ਨੂੰ ਹੋ ਸਕਦੀਆਂ ਹਨ। ਦਿਲ ਦੀਆਂ ਬੀਮਾਰੀਆਂ, ਛਾਤੀ ਵਿਚ ਪਾਣੀ ਭਰਨਾ, ਨਿਮੂਨੀਆ, ਇਕਦਮ ਸਾਹ ਦਾ ਰੁਕਣਾ, ਦਮਾ, ਆਦਿ ਆਮ ਲੱਛਣ ਹਨ।



ਮੀਂਹ ਰਾਹੀਂ ਧਰਤੀ ਤੱਕ ਪਹੁੰਚਦੇ ਸਾਰ ਸਲਫਰ ਡਾਇਓਕਸਾਈਡ ਤੇਜ਼ਾਬੀ ਮਾਦਾ ਹੋਣ ਸਦਕਾ (ਏਸਿਡ ਰੇਨ) ਪਾਣੀ ਵਿਚਲੇ ਜੀਵਾਂ ਨੂੰ ਵੀ ਮਾਰ ਮੁਕਾਉਂਦੀ ਹੈ ਤੇ ਵਨਸਪਤੀ ਦਾ ਵੀ ਨਾਸ ਮਰ ਦਿੰਦੀ ਹੈ। ਭਲਾ ਫੇਰ ਮਨੁੱਖ ਕਿਵੇਂ ਇਸਦੇ ਮਾੜੇ ਅਸਰਾਂ ਤੋਂ ਬਚ ਸਕਦਾ ਹੈ ?

11. ਨਾਈਟਰੋਜਨ ਆਕਸਾਈਡ : - ਬਸਾਂ, ਟਰੱਕਾਂ, ਕਾਰਾਂ ਵਿੱਚੋਂ ਨਿਕਲਦੀ ਇਸ ਗੈਸ ਨਾਲ ਫੇਫੜਿਆਂ ਵਿਚ ਪਾਣੀ ਭਰ ਸਕਦਾ ਹੈ। ਸੀ. ਡੀ 8 ਸੈੱਲਾਂ ਦਾ ਕੰਮਕਾਰ ਘਟਾ ਕੇ ਬੀਮਾਰੀ ਨਾਲ ਲੜਨ ਦੀ ਤਾਕਤ ਖ਼ਤਮ ਕਰ ਦਿੰਦੀ ਹੈ।

ਅੱਖਾਂ ਵਿਚ ਰੜਕ, ਨੱਕ ਤੇ ਗਲੇ ਵਿਚ ਖ਼ੁਰਕ, ਸਿਰ ਪੀੜ, ਸਾਹ ਚੜਨਾ, ਛਾਤੀ ਵਿਚ ਪੀੜ ਅਤੇ ਜਕੜਨ, ਬੁਖ਼ਾਰ, ਪਸੀਨਾ ਆਉਣਾ, ਫੇਫੜਿਆਂ ਵਿਚ ਪਾਣੀ ਇਕੱਠਾ ਹੋਣਾ, ਆਦਿ ਹੋਣੇ ਸ਼ੁਰੂ ਹੋ ਜਾਂਦੇ ਹਨ।

12. ਸਿੱਕਾ :- ਫੈਕਟਰੀਆਂ ਵਿਚਲੀ ਗੰਦਗੀ ਰਾਹੀਂ, ਬੈਟਰੀਆਂ, ਸਿੱਕੇ ਵਾਲੇ ਪੈਟਰੋਲ, ਆਦਿ ਵਿੱਚੋਂ ਨਿਕਲਦਾ ਸਿੱਕਾ ਟਰੈਫਿਕ ਪੁਲਿਸ ਮੁਲਾਜ਼ਮਾਂ ਉੱਤੇ ਹੌਲੀ-ਹੌਲੀ ਅਸਰ ਕਰਦਾ, ਉਨਾਂ ਦਾ ਸਰੀਰ ਛਲਣੀ ਕਰ ਦਿੰਦਾ ਹੈ। ਮਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ਵੀ ਇਸਦੇ ਮਾੜੇ ਅਸਰਾਂ ਤੋਂ ਬਚਦੇ ਨਹੀਂ। ਸਿੱਕਾ ਲਹੂ, ਹੱਡੀਆਂ ਤੇ ਪੱਠਿਆਂ ਵਿਚ ਜੰਮ ਜਾਂਦਾ ਹੈ ਤੇ ਹੌਲੀ-ਹੌਲੀ ਗੁਰਦੇ, ਜਿਗਰ, ਦਿਮਾਗ਼, ਫੇਫੜੇ, ਅੱਖਾਂ, ਕੰਨ ਆਦਿ, ਸਾਰੇ ਅੰਗਾਂ ਨੂੰ ਆਪਣੀ ਚਪੇਟ ਵਿਚ ਲੈ ਲੈਂਦਾ ਹੈ।

ਬੱਚਿਆਂ ਦੇ ਦਿਮਾਗ਼ ਵਿਚ ਜੰਮਣ ਬਾਅਦ ਇਹ ਦਿਮਾਗ਼ ਦੇ ਕੰਮ ਕਾਰ ਨੂੰ ਬਹੁਤ ਘਟਾ ਦਿੰਦਾ ਹੈ। ਮੰਦਬੁੱਧ, ਪੜਨ ਲਿਖਣ ਵਿਚ ਦਿੱਕਤ, ਯਾਦਾਸ਼ਤ ਦੀ ਕਮੀ, ਟਿਕ ਕੇ ਨਾ ਬਹਿ ਸਕਣਾ, ਛੇਤੀ ਕਾਹਲੇ ਪੈ ਜਾਣਾ, ਲੜਾਈ-ਮਾਰ ਕੁਟਾਈ ਕਰਨੀ, ਜ਼ਿੱਦੀ ਬਣ ਜਾਣਾ, ਗਾਲਾਂ ਕੱਢਣ ਲੱਗ ਪੈਣਾ, ਆਦਿ ਵੇਖੇ ਜਾ ਸਕਦੇ ਹਨ।

ਕੁੱਝ ਸਾਲਾਂ ਬਾਅਦ ਦਿਲ, ਗੁਰਦੇ ਅਤੇ ਸ਼ਕਰਾਣੂਆਂ ਉੱਤੇ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ।

ਕਈਆਂ ਨੂੰ ਢਿੱਡ ਪੀੜ, ਲਹੂ ਦੀ ਕਮੀ, ਕਬਜ਼, ਚਿੜਚਿੜਾਪਨ, ਸਿਰ ਪੀੜ, ਛੇਤੀ ਭੜਕ ਜਾਣ, ਧਿਆਨ ਨਾ ਲਾ ਸਕਣ, ਛੇਤੀ ਭੁੱਲਣ ਲੱਗ ਪੈਣ, ਨੀਂਦਰ ਵਿਚ ਗੜਬੜੀ, ਬਲੱਡ ਪ੍ਰੈੱਸ਼ਰ ਦਾ ਵਧਣਾ, ਸ਼ਕਰਾਣੂਆਂ ਦੀ ਕਮੀ, ਬਾਂਝਪਨ, ਹਾਜ਼ਮਾ ਖ਼ਰਾਬ ਹੋਣਾ, ਪੇਟ 'ਚ ਅਫਾਰਾ ਮਹਿਸੂਸ ਹੋਣਾ, ਜੋੜਾਂ ਦਾ ਦਰਦ, ਪੱਠਿਆਂ ਵਿਚ ਖਿੱਚ, ਗੁਰਦੇ ਖ਼ਰਾਬ ਹੋਣ ਆਦਿ ਦੇ ਲੱਛਣ ਦਿਸਣ ਲੱਗ ਪੈਂਦੇ ਹਨ।

13. ਬੈਨਜ਼ੀਨ, ਟੌਲਿਊਈਨ, ਈਥਾਈਲ ਬੈਨਜ਼ੀਨ, ਜ਼ਾਈਲੀਨ, ਐਂਥਰਾਸੀਨ, ਡਾਇਓਕਸੀਨ ਵਰਗੇ ਹਾਨੀਕਾਰਕ ਤੱਤ ਫੈਕਟਰੀਆਂ ਰਾਹੀਂ ਜਾਂ ਕੋਲੇ ਜਾਂ ਤੇਲ ਦੀ ਵਰਤੋਂ ਨਾਲ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ ਤੇ ਕੈਂਸਰ ਵਰਗੀ ਬੀਮਾਰੀ ਦਾ ਆਧਾਰ ਬਣਦੇ ਹਨ।
14. ਜੰਗਲ ਦੀ ਅੱਗ ਤੇ ਜਵਾਲਾਮੁਖੀ ਵੀ ਲੰਮੇ ਸਮੇਂ ਤਕ ਪੂਰਾ ਵਾਤਾਵਰਣ ਗੰਧਲਾ ਕਰ ਦਿੰਦੇ ਹਨ। ਇਹ ਵੀ ਸਾਹ ਤੇ ਚਮੜੀ ਦੀਆਂ ਬੀਮਾਰੀਆਂ ਅਤੇ ਕੈਂਸਰ ਦੀ ਸ਼ੁਰੂਆਤ ਕਰ ਦਿੰਦੇ ਹਨ।

ਹਵਾ ਵਿਚਲੇ ਪ੍ਰਦੂਸ਼ਣ ਨਾਲ ਸਰੀਰ ਉੱਤੇ ਪੈਂਦੇ ਪ੍ਰਭਾਵ :-

ਅਣਜੰਮੇ ਬੱਚੇ ਹੋਣ ਤੇ ਭਾਵੇਂ ਬਜ਼ੁਰਗ, ਕੋਈ ਵੀ ਪ੍ਰਦੂਸ਼ਣ ਦੇ ਅਸਰਾਂ ਤੋਂ ਬਚ ਨਹੀਂ ਸਕਿਆ। ਕੋਈ ਘੱਟ ਤੇ ਕੋਈ ਵੱਧ, ਸਭ ਇਸ ਦੀ ਮਾਰ ਹੇਠ ਆਉਂਦੇ ਹਨ। ਕਿਸੇ ਨੂੰ ਦਿਮਾਗ਼ ਤੇ ਕਿਸੇ ਨੂੰ ਦਿਲ, ਜਿਗਰ ਜਾਂ ਗੁਰਦੇ ਦਾ ਰੋਗ ਹੋ ਸਕਦਾ ਹੈ। ਕੋਈ ਚਮੜੀ ਤੇ ਕੋਈ ਜੋੜਾਂ ਜਾਂ ਅੱਖਾਂ ਦੇ ਰੋਗ ਲੈ ਬਹਿੰਦਾ ਹੈ। ਕਿਸੇ ਨੂੰ ਮਾਨਸਿਕ ਰੋਗ ਜਕੜ ਲੈਂਦੇ ਹਨ ਤੇ ਕੋਈ ਕੈਂਸਰ ਦੇ ਬੀਜ ਸਰੀਰ ਅੰਦਰ ਬੀਜ ਲੈਂਦਾ ਹੈ। ਕਈਆਂ ਨੂੰ ਛੇਤੀ ਤੇ ਕਈਆਂ ਨੂੰ ਸਾਲਾਂ ਬਾਅਦ ਇਸਦੇ ਮਾੜੇ ਅਸਰ ਦਿਸਦੇ ਹਨ। ਪਰ, ਦਿਸਦੇ ਜ਼ਰੂਰ ਹਨ।

ਆਮ ਵੇਖੇ ਜਾਣ ਵਾਲੇ ਨੁਕਸ :-

1. ਮੂੰਹ ਉੱਤੇ ਕਾਲੇ ਚਟਾਕ ਜਾਂ ਤਿਲ ਵਧਣ ਲੱਗ ਪੈਣੇ ਤੇ ਝੁਰੜੀਆਂ ਛੇਤੀ ਪੈਣੀਆਂ।
2. ਇਮਿਊਨ ਸਿਸਟਮ ਵਿਚ ਗੜਬੜੀ।
3. ਬੀਮਾਰੀ ਨਾਲ ਲੜਨ ਵਾਲੇ ਸੈੱਲਾਂ ਦਾ ਘਟਣਾ।
4. ਭਰੂਣ ਦਾ ਵਧਣਾ ਫੁੱਲਣਾ ਰੁਕ ਜਾਣਾ
5. ਸਤਮਾਹਿਆ ਬੱਚਾ ਪੈਦਾ ਹੋਣਾ
6. ਸ਼ਕਰਾਣੂਆਂ ਦੀ ਕਮੀ
7. ਫੇਫੜਿਆਂ ਦਾ ਨਾਸ ਵੱਜਣਾ ਤੇ ਸਦੀਵੀ ਰੋਗ ਹੋਣੇ
8. ਅੱਖਾਂ ਦੇ ਅਨੇਕ ਰੋਗ ਹੋਣੇ, ਪਾਣੀ ਵੱਗਦਾ ਰਹਿਣਾ, ਲਾਲੀ ਹੋਣੀ, ਖਾਰਸ਼ ਹੋਣੀ
9. ਚਮੜੀ ਦੀ ਐਲਰਜੀ/ਖ਼ੁਰਕ/ਦਾਣੇ/ਐਗਜ਼ੀਮਾ
10. ਦਿਲ ਦੇ ਰੋਗ ਤੇ ਨਾੜੀਆਂ ਵਿਚ ਨੁਕਸ
11. ਮਨੋਰੋਗ ਹੋਣੇ/ਵਾਧੂ ਲੜਨਾ, ਢਹਿੰਦੀ ਕਲਾ ਹੋਣੀ, ਆਦਿ।
12. ਛੇਤੀ ਝਗੜ ਪੈਣਾ, ਗੁਸੈਲ ਹੋਣਾ, ਓਟਿਜ਼ਮ, ਯਾਦਾਸ਼ਤ ਘਟਣੀ, ਹੱਥ ਪੈਰ ਬੇਲੋੜੇ ਹਿਲਣੇ, ਜੁਰਮ ਵੱਲ ਝੁਕਾਓ ਹੋਣਾ
13. ਲਹੂ ਦੀ ਕਮੀ
14. ਕੈਂਸਰ ਦਾ ਬੀਜ ਬੋਇਆ ਜਾਣਾ
15. ਜਿਨਾਂ ਨੂੰ ਪਹਿਲਾਂ ਤੋਂ ਸਾਹ ਜਾਂ ਦਿਲ ਦੀ ਬੀਮਾਰੀ ਹੋਵੇ, ਉਨਾਂ ਦੀ ਮੌਤ ਦਾ ਖ਼ਤਰਾ ਤਿੰਨ ਗੁਣਾ ਵੱਧ ਜਾਂਦਾ ਹੈ।
16. ਗਲੇ ਵਿਚ ਖ਼ਰਾਸ਼, ਆਵਾਜ਼ ਭਾਰੀ ਹੋਣੀ ਤੇ ਗਲਾ ਸਾਫ਼ ਕਰਨ ਦੀ ਲੋੜ ਪੈਣੀ ਦਾ ਮਤਲਬ ਹੈ ਕਿ ਪ੍ਰਦੂਸ਼ਿਤ ਹਵਾ ਦੇ ਅਸਰ ਹੇਠ ਸਰੀਰ ਆ ਚੁੱਕਿਆ ਹੈ। ਫੇਫੜਿਆਂ ਵਿਚਲੇ ਨੁਕਸ ਕਈ ਵਾਰ ਸਾਲਾਂ ਬਾਅਦ ਪਤਾ ਲੱਗਦੇ ਹਨ ਪਰ ਸ਼ੁਰੂਆਤ ਕਾਫ਼ੀ ਪਹਿਲਾਂ ਦੀ ਹੋ ਚੁੱਕੀ ਹੁੰਦੀ ਹੈ।
17. ਬਲੱਡ ਪ੍ਰੈੱਸ਼ਰ ਦਾ ਵਾਧਾ
18. ਲਹੂ ਵਿਚਲੇ ਚਿੱਟੇ ਸੈੱਲਾਂ ਦਾ ਨੁਕਸ
19. ਦਿਲ ਦੇ ਵੱਖੋ-ਵੱਖ ਹਿੱਸਿਆਂ (ਵੈਂਟਰੀਕਲ, ਸੱਜਾ ਤੇ ਖੱਬਾ) ਦਾ ਮੋਟਾ ਹੋਣਾ ਜੋ ਖ਼ਤਰਨਾਕ ਹੈ।

ਨਵੀਂ ਖੋਜ :-

ਪ੍ਰਦੂਸ਼ਿਤ ਹਵਾ ਵਿਚ ਲਗਾਤਾਰ ਰਹਿਣ ਵਾਲਿਆਂ ਦੇ ਦਿਮਾਗ਼ ਉੱਤੇ ਪੈਂਦੇ ਵਿਗਾੜ ਸਦਕਾ:-

- ਮਨੋਰੋਗਾਂ ਵਿਚ 18 ਫੀਸਦੀ ਵਾਧਾ ਵੇਖਿਆ ਗਿਆ।
- ਅਜਿਹੇ ਮਾਹੌਲ ਵਿਚ ਪੈਦਾ ਹੋਏ ਬੱਚਿਆਂ ਵਿਚ ਵੱਡੇ ਹੋ ਕੇ ਠਹਿਰਾਓ ਨਹੀਂ ਲੱਭਿਆ
- ਬੱਚੇ ਰੋਂਦੂ, ਚਿੜਚਿੜੇ, ਜ਼ਿੱਦੀ ਤੇ ਲੋੜੋਂ ਵੱਧ ਲੜਾਕੇ ਹੋਏ ਲੱਭੇ
- 45 ਸਾਲਾਂ ਦੀ ਉਮਰ 'ਤੇ ਹੀ ਬਥੇਰਿਆਂ ਨੂੰ ਐਲਜ਼ਾਈਮਰ ਤੇ ਪਾਰਕਿਨਸਨ ਰੋਗ ਦੀ ਸ਼ੁਰੂਆਤ ਹੋਈ ਲੱਭੀ।
- ਵੱਡੇ ਸ਼ਹਿਰਾਂ ਵਿਚ ਭਿਆਨਕ ਜੁਰਮਾਂ ਵਿਚ ਵਾਧੇ ਵਿਚ ਵੀ ਜ਼ਰਾਇਮ ਪੇਸ਼ਾ ਲੋਕਾਂ ਦੇ ਦਿਮਾਗ਼ ਦੀ ਸਕੈਨਿੰਗ ਤੇ ਲਹੂ ਦੇ ਟੈਸਟਾਂ ਰਾਹੀਂ ਇਹੀ ਪੱਖ ਸਾਹਮਣੇ ਆਇਆ ਕਿ ਪ੍ਰਦੂਸ਼ਿਤ ਹਵਾ ਰਾਹੀਂ ਉਨਾਂ ਦੇ ਸਰੀਰਾਂ ਤੇ ਦਿਮਾਗ਼ ਅੰਦਰ ਪ੍ਰਦੂਸ਼ਿਤ ਕਣਾਂ ਦਾ ਵਾਧਾ ਹੋ ਚੁੱਕਿਆ ਸੀ, ਜਿਸ ਨਾਲ ਉਨਾਂ ਦੇ ਸੋਚਣ ਸਮਝਣ ਦੀ ਸ਼ਕਤੀ ਤੇ ਤਰਕ ਖ਼ਤਮ ਹੋ ਗਿਆ ਸੀ।
- ਘਬਰਾਹਟ ਹੁੰਦੀ ਰਹਿਣੀ, ਡਰ ਲੱਗਣਾ ਤੇ ਛੇਤੀ ਭੜਕ ਪੈਣਾ ਵੀ ਪ੍ਰਦੂਸ਼ਣ ਦੇ ਅਸਰ ਸਦਕਾ ਹੈ
- ਜਿਗਰ ਦੇ ਕੈਂਸਰ ਵਿਚ ਵਾਧਾ
- ਬੱਚਿਆਂ ਵਿਚ ਓਟਿਜ਼ਮ ਬੀਮਾਰੀ ਦਾ ਵਾਧਾ ਜੋ ਉਮਰ ਭਰ ਲਈ ਬੱਚੇ ਦੇ ਦਿਮਾਗ਼ ਵਿਚ ਵਿਗਾੜ ਪੈਦਾ ਕਰ ਦਿੰਦੀ ਹੈ।
- ਭਰੂਣ ਦੇ ਦਿਮਾਗ਼ ਦੇ ਵਿਕਾਸ ਵਿਚ ਗੜਬੜੀ, ਉਸਦੇ ਸਿਰ ਦੇ ਆਕਾਰ ਵਿਚ ਵਿਗਾੜ ਤੇ ਭਾਰ ਦੇ ਘੱਟ ਰਹਿ ਜਾਣ ਦੇ ਨਾਲ-ਨਾਲ ਅੰਗਾਂ ਦਾ ਪੂਰਾ ਵਿਕਾਸ ਨਾ ਹੋਣਾ
- ਇਮਿਊਨ ਸਿਸਟਮ ਦਾ ਭੱਠਾ ਬਹਿ ਜਾਣਾ
- ਦਿਮਾਗ਼ ਵਿਚਲੇ ਸੁਣੇਹੇ ਪਹੁੰਚਾਉਣ ਵਿਚ ਗੜਬੜੀ
- ਅੰਨੇ ਹੋ ਜਾਣਾ

ਕਾਰਨ :-

ਆਮ ਹੀ ਸਿਰਫ਼ ਕਿਸਾਨਾਂ 'ਤੇ ਪਰਾਲੀ ਸਾੜਨ ਸਦਕਾ ਹੋਏ ਹਵਾ ਦੇ ਪ੍ਰਦੂਸ਼ਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਪਰ ਇਹ ਸਭ ਤੋਂ ਆਖ਼ਰੀ ਕਾਰਨ ਹੈ। ਪਰਾਲੀ ਸਾੜਨ ਨਾਲ ਧਰਤੀ ਉੱਪਰਲੇ ਵਧੀਆ ਕੀਟਾਣੂ ਮਰ ਜਾਂਦੇ ਹਨ ਤੇ ਧਰਤੀ ਵਿਚਲੇ ਲੋੜੀਂਦੇ ਤੱਤਾਂ ਦਾ ਵੀ ਨਾਸ ਵੱਜ ਜਾਂਦਾ ਹੈ। ਕੁਦਰਤੀ ਤੌਰ ਉੱਤੇ ਬੀਮਾਰੀਆਂ ਤੋਂ ਬਚਾਉਣ ਲਈ ਇਨਾਂ ਦੀ ਜ਼ਰੂਰਤ ਹੁੰਦੀ ਹੈ ਜੋ ਪਰਾਲੀ ਸਾੜਨ ਨਾਲ ਨਸ਼ਟ ਹੋ ਜਾਂਦੇ ਹਨ ਤੇ ਹਵਾ ਵਿਚ ਮਿੱਟੀ ਤੇ ਧੂੰਏ ਦੀ ਮਾਤਰਾ ਵੱਧ ਹੋ ਜਾਂਦੀ ਹੈ। ਇਸ ਨਾਲ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਦਾ ਆਪਣਾ ਹੀ ਹੁੰਦਾ ਹੈ ਜਿਨਾਂ ਦੀਆਂ ਫਸਲਾਂ ਦਾ ਝਾੜ ਹੌਲੀ-ਹੌਲੀ ਕਈ ਦਹਾਕਿਆਂ ਬਾਅਦ ਘਟਣ ਲੱਗ ਪੈਂਦਾ ਹੈ ਅਤੇ ਨੇੜੇ ਰਹਿੰਦੇ ਆਪਣੇ ਹੀ ਟੱਬਰ ਦੇ ਜੀਅ ਬੀਮਾਰੀਆਂ ਸਹੇੜ ਲੈਂਦੇ ਹਨ।

ਅਸਲ ਕਾਰਨ ਜੋ ਪ੍ਰਦੂਸ਼ਣ ਫੈਲਾ ਰਹੇ ਹਨ, ਉਹ ਹਨ :-

1. ਜਵਾਲਾਮੁਖੀ
2. ਸਿਗਰਟਾਂ ਦਾ ਧੂੰਆਂ
3. ਫੈਕਟਰੀਆਂ ਵਿੱਚੋਂ ਨਿਕਲਦੀ ਗੰਦਗੀ
4. ਮੋਟਰਾਂ (ਡੀਜ਼ਲ ਉੱਤੇ ਚੱਲਣ ਵਾਲੀਆਂ)

ਬਾਕੀ ਸਫ਼ਾ 32 'ਤੇ

# ਅੰਮ੍ਰਿਤ ਨਾਮ ਦਾ ਸੋਮਾ: ਸੁਖਮਨੀ ਸਾਹਿਬ

- ਡਾ. ਬਲਜੀਤ ਕੌਰ

ਮਨੁੱਖੀ ਮਾਨਸਿਕਤਾ ਦਾ ਜੇ ਪੁਨਰ ਮੁਲਾਂਕਣ ਕਰਦੇ ਰਹੀਏ ਤਾਂ ਇਹੋ ਨਤੀਜਾ ਨਿਕਲਦਾ ਹੈ ਕਿ ਮਨੁੱਖ ਨਿਰੰਤਰ ਸੁੱਖ ਦਾ ਅਭਿਲਾਸ਼ੀ ਹੈ। ਮਨੁੱਖ ਆਪਣੇ ਸੁੱਖ ਦੀ ਪ੍ਰਾਪਤੀ ਹਿਤ ਕਈ ਸੋਮਿਆਂ ਦਾ ਸਹਾਰਾ ਲੈਂਦਾ ਹੈ ਪਰ ਦੁਨਿਆਵੀ ਸੋਮੇ ਜਿਵੇਂ: ਧਨ-ਦੌਲਤ, ਕਾਰ-ਕੋਠੀ, ਔਲਾਦ, ਵਿੱਦਿਆ ਅਤੇ ਭ੍ਰਿਸ਼ਟਾਚਾਰ ਆਦਿ ਤੁੱਛ ਮਾਨਸਿਕ ਸ਼ਿਕਾਰ ਸਭ ਅਸਥਾਈ ਸੁੱਖ ਦੇਣ ਵਾਲੇ ਮਨੁੱਖ ਦੇ ਝੂਠੇ ਸਹਾਰੇ ਹਨ। ਮਨੁੱਖ ਅਗਿਆਨਤਾਵਸ ਇਨਾਂ ਨੂੰ ਸੱਚ ਸਮਝ ਬੈਠਦਾ ਹੈ। ਜਦੋਂ ਉਮਰ ਬੀਤ ਜਾਂਦੀ ਹੈ, ਬਿਰਧ-ਅਵਸਥਾ ਆਉਂਦੀ ਹੈ, ਬਿਮਾਰੀ ਆਉਂਦੀ ਹੈ ਅਤੇ ਸਰੀਰਕ ਅਤੇ ਮਾਨਸਿਕ ਨਿਰਬਲਤਾ ਆਉਂਦੀ ਹੈ ਤਾਂ ਜਾ ਕੇ ਮਨੁੱਖ ਨੂੰ ਹੋਸ਼ ਆਉਂਦੀ ਹੈ ਕਿ ਉਹ ਇਨਾਂ ਝੂਠੀਆਂ ਘੁੰਮਣ-ਘੇਰੀਆਂ ਵਿੱਚ ਕਿਉਂ ਫਸਿਆ ਰਿਹਾ। ਉਮਰ ਦੇ ਪਹਿਲੇ ਪਹਿਰਾਂ ਵਿੱਚ ਮਨੁੱਖ ਅਜਿਹੀ ਝੂਠੀ ਮਾਨਸਿਕਤਾ ਵਿੱਚੋਂ ਨਿਕਲਨਾ ਨਹੀਂ ਚਾਹੁੰਦਾ। ਕਈ ਵਾਰ ਉਸ ਦਾ ਸਮੇਂ ਸਿਰ ਕੋਈ ਮਾਰਗਦਰਸ਼ਨ ਨਹੀਂ ਕਰਦਾ ਕਿ ਇੱਕ ਸਫ਼ਲ ਜੀਵਨ ਜਿਉਣ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਮਰ ਦੇ ਪਹਿਲੇ ਪੜਾਵਾਂ ਵਿੱਚ ਹੀ ਸੱਚੇ-ਸੁੱਖ ਦੇ ਸੋਮੇ ਸਮਝਣ ਪ੍ਰਤੀ ਸੁਚੇਤ ਰਹੀਏ ਜਾਗਰੂਕ ਰਹੀਏ ਤਾਂ ਕਿ ਸਦੀਵੀਂ ਸੱਚ ਦੇ ਵਸਲ ਰਾਹੀਂ ਸਦੀਵੀਂ ਸੁੱਖ ਦੀ ਪ੍ਰਾਪਤੀ ਦੇ ਸਮਰੱਥ ਹੋ ਸਕੀਏ। ਸਾਡੇ ਜੀਵਨ ਦਾ ਸੰਬੰਧ ਇੱਕ ਵਧੇਰੇ ਵਿਸ਼ਾਲ ਅਧਿਆਤਮਕ ਸੰਸਾਰ ਨਾਲ ਹੈ ਪਰ ਅਸੀਂ ਆਪਣੀ ਸੀਮਤ ਆਤਮ-ਚੇਤਨਾ ਨਾਲ ਜੀਵਨ ਆਰੰਭ ਕਰਦੇ ਹਾਂ। ਸਾਡੀ ਪ੍ਰਕਿਰਤੀ, ਸਾਡੀ ਸੋਚ ਸਾਡੇ ਚੇਤਨ ਜਾਗ੍ਰਿਤ ਆਤਮਾ ਵਾਲੇ ਅਸਤਿਤਵ ਦੀ ਛੋਟੀ ਜਿਹੀ ਤਰੰਗ ਨੂੰ ਨਾਕਾਰਾਤਮਕ ਬਣਾ ਕੇ ਉਸ ਦੁਆਰਾ ਸੀਮਤ ਕਰ ਜਾਂਦੀ ਹੈ। ਪਰ ਪ੍ਰਵਿਰਤੀ-ਮੂਲਕ ਅਤੇ ਬੌਧਿਕ-ਮੂਲਕ ਦੋਵੇਂ ਤਰਾਂ ਦੇ ਪ੍ਰਾਣੀ ਅਧਿਆਤਮਕ ਵਿਅਕਤੀਤਵ ਵਿੱਚ ਆਪਣੀ ਸੰਪੂਰਨਤਾ ਪ੍ਰਾਪਤ ਕਰਦੇ ਹਨ।

ਮਨੁੱਖ ਨੇ ਆਪਣੇ ਸਰੀਰ, ਮਨ ਅਤੇ ਆਤਮਾ ਨੂੰ ਇਕਸੁਰ ਕਰਨਾ ਹੈ। ਬੁੱਧੀ ਨੂੰ ਪ੍ਰਕਾਸ਼ਮਾਨ ਕਰ ਕੇ ਅਤੇ ਜੀਵਨ ਦੇ ਅਸਲੀ ਮਨੋਰਥ ਸੁੱਖ ਦੀ ਪ੍ਰਾਪਤੀ ਵੱਲ ਵਧਣਾ ਹੈ। ਮਨੁੱਖੀ ਜੀਵਨ ਵਿੱਚ ਜੋ ਸੰਕਟਮਈ ਸਥਿਤੀ ਪੈਦਾ ਹੁੰਦੀ ਹੈ, ਉਹ ਮਨੁੱਖੀ ਚੇਤਨਾ ਵਿੱਚ ਸੰਕਟ ਅਤੇ ਅਧਿਆਤਮਕ, ਪਾਰਬ੍ਰਹਮ ਰੂਪੀ ਸੰਗਠਿਤ ਸਮੁੱਚਤਾ ਤੋਂ ਬੇਮੁੱਖ ਹੋਣ ਕਾਰਨ ਪੈਦਾ ਹੁੰਦੀ ਹੈ। ਅਧਿਆਤਮਿਕਤਾ ਨੂੰ ਨਜ਼ਰ-ਅੰਦਾਜ਼ ਕਰਨ ਕਾਰਨ ਪ੍ਰਾਣੀ ਭਟਕਦਾ ਹੈ, ਸੁੱਖ ਦੀ ਪ੍ਰਾਪਤੀ ਤੋਂ ਦੂਰ ਰਹਿੰਦਾ ਹੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਵਿੱਤਰ ਬਾਣੀ 'ਸੁਖਮਨੀ ਸਾਹਿਬ' ਰਾਹੀਂ ਪ੍ਰਾਣੀ ਮਾਤਰ ਦਾ ਪ੍ਰਭਾਵਸ਼ਾਲੀ ਫ਼ੈਸਲਾਕੁਨ ਮਾਰਗ ਦਰਸ਼ਨ ਕੀਤਾ ਹੈ। ਉਨਾਂ ਦੇ ਚਿੰਤਨ ਦੇ ਆਧਾਰ 'ਤੇ ਮਨੁੱਖ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ। ਗੁਰੂ ਸਾਹਿਬ ਨੇ ਸੁਖਮਨੀ ਚਿੰਤਨ ਵਿੱਚ ਮਨੁੱਖ ਨੂੰ ਵੱਖ-ਵੱਖ ਨਰੋਏ ਮਾਰਗਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ ਤਾਂ ਕਿ ਮਨੁੱਖ ਸਦੀਵੀਂ ਸੁੱਖ ਦੀ ਪ੍ਰਾਪਤੀ ਕਰ ਸਕੇ।

ਗੁਰੂ ਜੀ ਨੇ ਆਪਣੀ ਇਸ ਸ਼ਾਹਕਾਰ ਰਚਨਾ ਵਿੱਚ ਸੁੱਖ ਦਾ ਪਹਿਲਾ ਸੋਮਾ ਪ੍ਰਭੂ-ਸਿਮਰਨ ਦੱਸਿਆ ਹੈ, ਉਨਾਂ ਅਨੁਸਾਰ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ (ਪੰਨਾ-262)

ਪ੍ਰਭੂ ਦਾ ਅੰਮ੍ਰਿਤ ਨਾਮ ਹੀ ਸੁੱਖ ਹੈ ਬਾਕੀ ਦੁਨੀਆਵੀ ਸੁੱਖ ਸਦੀਵੀਂ ਨਹੀਂ, ਨਾਸ਼ਮਾਨ ਹਨ ਵਾਰ-ਵਾਰ ਪ੍ਰਭੂ ਨੂੰ ਸਿਮਰਨ ਕਰਦੇ ਰਹਿਣ ਵਿੱਚ ਹੀ ਸੁੱਖ ਨਿਹਿਤ ਹੈ। ਗੁਰੂ ਜੀ ਅਨੁਸਾਰ ਅਸਲੀ ਸੁੱਖ ਪ੍ਰਭੂ, ਹਰੀ ਦੇ ਗੁਣ ਗਾਣ ਵਿੱਚ ਹੈ, ਬਾਕੀ ਦੁਨਿਆਵੀ ਸੁੱਖ ਛਿਣ-ਭੰਗਰ ਹਨ, ਦੁਨਿਆਵੀ ਕਾਮਨਾਵਾਂ ਦੀ ਪੂਰਤੀ ਤੋਂ ਮਿਲਿਆ ਆਨੰਦ ਵਕਤੀ ਹੁੰਦਾ ਹੈ।

ਸਦੀਵੀਂ ਅਧਿਆਤਮਕ ਸੁੱਖ ਦੀ ਪ੍ਰਾਪਤੀ ਧਾਰਮਿਕ ਅਨੁਭਵ ਹੈ। ਇਹ ਸੁਖ ਸ੍ਵੈ-ਪ੍ਰਮਾਣਿਤ ਕਿਸਮ ਦਾ ਹੁੰਦਾ ਹੈ ਇਹ 'ਸਵਤਹਸਿੱਧ' ਹੈ, ਜਿਹੜੇ ਲੋਕ ਸਦੀਵੀਂ ਸੁੱਖ ਦੀ ਭਾਲ ਚਾਹੁੰਦੇ ਹਨ, ਉਨਾਂ ਨੂੰ ਵੀ ਜੀਵਨ ਦੇ ਮੁੱਢਲੇ ਪੜਾਵਾਂ ਵਿੱਚ ਰਹਿਬਰ ਦੀ ਲੋੜ ਹੁੰਦੀ ਹੈ। ਇਸ ਪ੍ਰਸੰਗ ਵਿੱਚ ਮਨੁੱਖ ਦੀ ਅਗਵਾਈ ਕਰਦੇ ਹੋਏ ਪੰਚਮ ਪਾਤਸ਼ਾਹ ਵਾਰ-ਵਾਰ ਮਨੁੱਖ ਨੂੰ ਈਸ਼ਵਰ ਦਾ ਹੋ ਜਾਣ ਲਈ ਕਹਿੰਦੇ ਹਨ। ਉਸ ਦਾ ਨਾਮ ਸਿਮਰਨ ਕਰਨ ਲਈ ਪ੍ਰੇਰਤ ਕਰਦੇ ਹੋਏ ਲਿਖਦੇ ਹਨ:-

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
(ਪੰਨਾ-262)

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥
(ਪੰਨਾ-263)

ਨਾਮੁ ਜਪਤ ਮਨਿ ਹੋਵਤਿ ਸੂਖ ॥
(ਪੰਨਾ-263)

ਪ੍ਰਭ ਕਉ ਸਿਮਰਿ ਤਿਨ ਅਨੰਦ ਘਨੇਰੇ॥
(ਪੰਨਾ-263)

ਗੁਰਮੁਖ ਨਾਮਿ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ ॥
(ਪੰਨਾ-264)

ਕਈ ਵਾਰ ਮਨੁੱਖ ਆਪਣੇ-ਆਪ ਨੂੰ ਅਤਿ ਘੋਰ ਸੰਕਟ ਦੀ ਸਥਿਤੀ ਵਿੱਚ ਫਸਿਆ ਹੋਇਆ ਮਹਿਸੂਸ ਕਰਦਾ ਹੈ ਤਾਂ ਕਈ ਵਾਰ ਉਸ ਸਥਿਤੀ ਅਤਿ ਨਜ਼ਦੀਕੀ ਰਿਸ਼ਤੇਦਾਰ ਵੀ ਸਾਡੀ ਸਹਾਇਤਾ ਕਰਨ ਤੋਂ ਅਸਮਰਥ ਹੁੰਦੇ ਹਨ ਤਾਂ ਉਸ ਵੇਲੇ ਵੀ ਸੁੱਖ ਦਾ ਸੋਮਾ ਕੇਵਲ ਅਤੇ ਕੇਵਲ ਹਰੀ ਦਾ ਨਾਮ ਹੀ ਬਣਦਾ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (ਪੰਨਾ-264)

ਕਈ ਵਾਰ ਮਨੁੱਖੀ ਮਨ ਮਾਨਸਿਕ ਤਣਾਓ ਦੇ ਵੱਸ ਹੋ ਕੇ ਪ੍ਰਭੂ ਸਿਮਰਨ ਵਿੱਚ ਸੁੱਖ ਦੀ ਅਨੁਭੂਤੀ ਨਹੀਂ ਕਰਦਾ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਸੰਸਾਰਕ ਦੁੱਖਾਂ ਦੀ ਅਵਸਥਾ ਵਿੱਚ, ਦੁਨਿਆਵੀ ਰੋਗਾਂ, ਕਲ-ਕਲੇਸ਼ਾਂ, ਹਾਰਾਂ, ਅਸਫ਼ਲਤਾਵਾਂ, ਠੇਡਿਆਂ ਵਿੱਚ ਮਨੁੱਖੀ ਮਨ ਪ੍ਰਭੂ ਨੂੰ ਯਾਦ ਕਰਨ ਵਿੱਚ ਅਸਫ਼ਲ ਹੋ ਜਾਂਦਾ, ਪਰ ਸੱਚਾਈ ਇਹ ਹੈ ਕਿ ਜੇਕਰ ਮਨੁੱਖ ਨੂੰ ਦੁੱਖ, ਸੰਕਟ, ਸਮੱਸਿਆਵਾਂ, ਘਬਰਾਹਟ ਆਦਿ ਚਾਰੇ ਪਾਸਿਆਂ ਤੋਂ ਘੇਰ ਲੈਣ ਤਾਂ ਵੀ ਮਨੁੱਖ ਆਪਣੇ ਮਨ ਨੂੰ ਹਿੰਮਤ ਨਾਲ ਸਥਿਰ ਕਰਕੇ ਪ੍ਰਭੂ ਚਰਨਾਂ ਵਿੱਚ ਸਮਰਪਿਤ ਕਰ ਦੇਵੇ, ਪ੍ਰਭੂ ਦੀ ਯਾਦ ਦੁਨਿਆਵੀ ਦੁੱਖ ਭੁਲਾ ਕੇ ਸੁੱਖ ਦਾ ਅਹਿਸਾਸ ਕਰਾਵੇਗੀ। ਜਿਹੜੀਆਂ ਲਾਲਸਾਵਾਂ, ਇੱਛਾਵਾਂ ਦੀ ਅਪੂਰਤੀ, ਕਾਮਨਾਵਾਂ ਦੀ ਅਪੂਰਤੀ ਨਾਲ ਮਨੁੱਖੀ ਮਨ ਤੜਫਦਾ ਹੈ, ਦੁਖੀ ਹੁੰਦਾ ਹੈ, ਬਾਣੀ ਮਨੁੱਖ ਨੂੰ ਇਨਾਂ ਲਾਲਸਾਵਾਂ 'ਤੇ ਕਾਬੂ ਕਰਨ ਦੀ ਪ੍ਰੇਰਨਾ ਦੇ ਕੇ ਸੁੱਖ ਵੱਲ ਪਰਵਰਤਿਤ ਕਰਦੀ ਹੋਈ ਦਿਖਾਈ ਦਿੰਦੀ ਹੈ।

ਤ੍ਰਿਸ਼ਨਾਵਾਂ ਦਾ ਅੰਤ ਸੁੱਖ ਦੀ ਸ਼ੁਰੂਆਤ ਹੈ। ਨਾਮ ਸਿਮਰਨ ਰਾਹੀਂ ਸੁੱਖ ਦੀ ਪ੍ਰਾਪਤੀ ਸੁਖਮਨੀ ਸਾਹਿਬ ਦਾ ਕੇਂਦਰੀ ਨੁਕਤਾ ਹੈ। 'ਸੁਖ ਫਲ ਪਾਇਨਿ' ਦਾ ਮੂਲ ਆਧਾਰ ਨਾਮ-ਸਿਮਰਨ, ਪ੍ਰਭੂ ਯਾਦ ਵਿੱਚ ਲੀਨ ਰਹਿਣਾ ਹੀ ਹੈ। ਨਾਮ ਸਿਮਰਨ ਦੇ ਨਾਲ 'ਹੁਕਮ' ਦੀ ਸੋਝੀ ਵੀ ਮਨੁੱਖ ਨੂੰ ਸਦੀਵੀਂ ਸੁੱਖ ਦਿੰਦੀ ਹੈ। ਸੁਖਮਨੀ ਚਿੰਤਨ ਅਨੁਸਾਰ ਨਾਮ ਸਿਮਰਨ ਅਤੇ ਹੁਕਮ ਨੂੰ ਮੰਨ ਕੇ ਸਦੀਵੀਂ ਸੁੱਖ ਦੀ ਪ੍ਰਾਪਤੀ ਕਰਨੀ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਮਨੁੱਖ ਨੇ ਸਮਾਜ ਤੋਂ ਭਾਂਜਵਾਦੀ ਦ੍ਰਿਸ਼ਟੀਕੋਣ ਅਖ਼ਤਿਆਰ ਕਰ ਲਵੇ। ਜ਼ੁਲਮ ਦਾ ਵਿਰੋਧ ਕਰਨਾ ਨਿਰਮਲ ਕਰਮ ਹੈ, ਗ਼ਰੀਬ ਜਾਂ ਦੁਖੀ ਨੂੰ ਨਿਆਂ ਦਿਵਾਉਣਾ ਸ਼੍ਰੇਸ਼ਟ ਕਰਮ ਹੈ। ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਕੇ ਜੀਵਨ ਨੂੰ ਹਲਕਾ ਕਰਨਾ ਸਾਡਾ ਫ਼ਰਜ਼ ਹੈ। ਮਨੁੱਖ ਨੇ ਹਥਿਆਰ ਸੁੱਟ ਕੇ ਧਾਰਮਿਕ, ਆਰਥਿਕ, ਮਾਨਸਿਕ, ਰਾਜਨੀਤਕ ਜ਼ੁਲਮ ਨਹੀਂ ਸਹਿਣੇ ਸਗੋਂ ਸੂਰਬੀਰ ਬਣ ਕੇ ਇਨਾਂ ਦਾ ਮੁਕਾਬਲਾ ਕਰਨਾ ਹੈ।

ਬਾਕੀ ਸਫ਼ਾ 32 'ਤੇ

# ਅਜੋਕੇ ਸੰਸਾਰ ਵਿਚ ਗੁਰੂ ਰਵਿਦਾਸ ਬਾਣੀ ਦੀ ਪਰਸੰਗਿਕਤਾ

- ਸਿਰੀ ਰਾਮ ਅਰਸ਼

ਗੁਰੂ ਰਵਿਦਾਸ ਜੀ ਮੱਧਕਾਲ ਦੌਰਾਨ ਭਾਰਤ ਵਿਚ ਵਿਕਸਤ ਹੋਏ ਭਗਤੀ ਅੰਦੋਲਨ ਦੇ ਸਰਵਸ਼੍ਰੇਸ਼ਟ ਪਿਤਾਮਾਹ ਸਨ। ਉਹ ਇਸ ਸੰਸਾਰ ਵਿਚੋਂ ਸ਼ੋਸ਼ਣ, ਭਿੱਟ, ਕੁਰੀਤੀਆਂ ਅਤੇ ਅਡੰਬਰਾਂ ਦਾ ਖਾਤਮਾ ਕਰਕੇ, ਇੱਥੇ ਸ਼੍ਰੇਣੀ ਤੇ ਵਰਣਹੀਣ ਵਰਗ ਅਤੇ ਦਰਜਾ ਰਹਿਤ ਸਮਾਜ ਕਾਇਮ ਕਰਕੇ ਸੰਸਾਰ ਵਿਚ ਵਿਲੱਖਣ ਪ੍ਰਕਾਰ ਦਾ ਸਮਾਜਵਾਦੀ ਨਿਜ਼ਾਮ ਸਥਾਪਤ ਕਰਨਾ ਲੋਚਦੇ ਸਨ। ਗੁਰੂ ਰਵਿਦਾਸ ਜੀ ਮਾਨਵ ਏਕਤਾ ਅਤੇ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ ਜਿਨਾਂ ਨੇ ਉਸ ਘੋਰ ਅੰਧਕਾਰ ਦੇ ਯੁੱਗ ਵਿਚ ਅਨੇਕ ਪ੍ਰਕਾਰ ਦੇ ਸਮਾਜਕ ਅਤੇ ਆਰਥਕ ਹਨੇਰਿਆਂ ਨੂੰ ਆਪਣੀ ਬਾਣੀ ਅਤੇ ਪ੍ਰਵਚਨਾਂ ਦੇ ਅਦਭੁੱਤ ਨੂਰ ਰਾਹੀਂ ਦੂਰ ਕਰਨ ਵਿਚ ਉੱਘਾ ਯੋਗਦਾਨ ਪਾਇਆ। ਤੱਤਕਾਲੀ ਸਮਾਜ ਵੱਲੋਂ ਹਾਸ਼ੀਏ ਤੋਂ ਬਾਹਰ ਸੁੱਟੀ ਹੋਈ ਲੋਕਾਈ ਵਿਚ ਚੌਦਹ ਸੈ ਤੈਤੀਸ ਕੀ, ਮਾਘ ਸੁਦੀ ਪੰਦ੍ਰਾਸ, ਦੁਖੀਓਂ ਕੇ ਕਲਯਾਣ ਹਿਤ, ਪ੍ਰਗਟੇ ਸ੍ਰੀ ਰਵਿਦਾਸ ਅਨੁਸਾਰ 1377 ਈਸਵੀ ਨੂੰ ਅਵਤ੍ਰਿਤ ਹੋ ਕੇ, ਗੁਰੂ ਰਵਿਦਾਸ ਨੇ ਆਪਣੀ ਭਗਤੀ, ਨਿਸ਼ਠਾ ਅਤੇ ਪ੍ਰਭੂ ਦੀ ਉਪਾਸਨਾ ਸਦਕਾ, ਸੱਚੇ ਗਿਆਨ ਦੀ ਅਨੂਠੀ ਸੱਤਾ ਰਾਹੀਂ ਵਰਣ ਪ੍ਰਣਾਲੀ ਦੇ ਹਾਮੀ, ਵੱਡੇ ਅਤੇ ਮਹਾਨ ਸ਼ਕਤੀਸ਼ਾਲੀ ਮਠਾਂ ਦੀਆਂ ਅਮਾਨਵੀ ਕੁਰੀਤੀਆਂ ਦਾ ਨਿਰਭੈਤਾ ਨਾਲ ਖੰਡਨ ਕੀਤਾ।

ਮੱਧ ਕਾਲੀ ਭਾਰਤ ਵਿਚ ਚਤੁਰ ਵਰਣ ਪ੍ਰਣਾਲੀ ਦਾ ਭਿਅੰਕਰ ਦੈਂਤ ਆਦਮ ਬੋ ਆਦਮ ਬੋ ਕਰਦਾਹੋਇਆ ਚਹੁੰ-ਚੱਕਾਂ ਵਿਚ ਭੂਤਰਿਆ ਫਿਰਦਾ ਸੀ। ਜਿਹੜੇ ਬਦਨਸੀਬ ਲੋਕ ਉਸ ਸ਼ਕਤੀਸ਼ਾਲੀ ਦਾਨਵ ਦੇ ਘਿਨਾਉਣੇ ਪੈਰਾਂ ਹੇਠਾਂ ਮਧੋਲੇ ਜਾ ਰਹੇ ਸਨ, ਉਨਾਂ ਪਾਸ ਉਸ ਰਾਖਸ਼ ਦੇ ਅਮਾਨਵੀ ਚੁੰਗਲ ਵਿਚੋਂ ਬਚ ਕੇ ਨਿਕਲਣ ਦਾ ਕੋਈ ਮੰਤਰ ਨਹੀਂ ਸੀ। ਗੁਰੂ ਰਵਿਦਾਸ ਲਈ ਇਹ ਇਕ ਬਹੁਤ ਵੱਡੀ ਚੁਣੌਤੀ ਸੀ। ਇਸ ਲਈ ਉਨਾਂ ਨੇ ਸਭ ਤੋਂ ਪਹਿਲਾਂ ਇਸ ਘਾਤਕ ਅਤੇ ਨਿਰਦਈ ਦੈਂਤ ਨੂੰ ਵੰਗਾਰਿਆ ਸੀ ਤਾਂ ਜੋ ਉਹ ਇਸ ਜ਼ਾਲਮ ਦਾਨਵ ਦੇ ਸ਼ਿਕੰਜੇ ਵਿਚੋਂ ਮਾਸੂਮ ਵਿਅਕਤੀਆਂ ਨੂੰ ਬਚਾ ਕੇ ਉਨਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜ ਸਕਣ। ਤਦੇ ਗੁਰੂ ਰਵਿਦਾਸ ਨੇ ਕੁਲੀਨ ਵਰਗ ਨੂੰ ਸੋਝੀ ਪ੍ਰਦਾਨ ਕਰਦਿਆਂ ਕਿਹਾ ਸੀ ਕਿ ਪ੍ਰਭੂ ਦੀ ਭਗਤੀ ਬਗੈਰ ਸਾਰੇ ਵਰਣਾਂ ਵਿਚ ਜਨਮੇ ਹੋਏ ਲੋਕ ਅਪਵਿੱਤਰ ਹਨ। ਸਮੂਹ ਲੋਕਾਈ ਵਿਚ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਆਪ ਆਤਮਾ ਦਾ ਰੂਪ ਧਾਰਨ ਕਰਕੇ ਵਿਚਰ ਰਿਹਾ ਹੈ। ਜਦ ਸਾਰੇ ਲੋਕਾਂ ਵਿਚ ਇੱਕੋ ਪਰਮਾਤਮਾ ਵਿਦਮਾਨ ਹੈ ਫਿਰ ਉੱਚੇ ਅਤੇ ਨੀਵੇਂ ਦਾ ਭੇਦ ਕਿਉਂ? ਆਪਣੀ ਵਿਮਲ ਬਾਣੀ ਵਿਚ ਗੁਰੂ ਰਵਿਦਾਸ ਜੀ ਇੰਝ ਸੋਝੀ ਪ੍ਰਦਾਨ ਕਰਦੇ ਹੋਏ ਫੁਰਮਾਉਂਦੇ ਹਨ:

**ਬ੍ਰਹਮਨ ਬੈਸ ਸੂਦ ਅਰੁ ਖਤ੍ਰੀ,**
**ਡੋਮ ਚੰਡਾਲ ਮਲੇਛ ਮਨ ਸੋਇ।**
**ਹੋਇ ਪੁਨੀਤ ਭਗਵੰਤ ਭਜਨ ਤੇ,**
**ਆਪੁ ਤਾਰਿ ਤਾਰੇ ਕੁਲ ਦੋਇ॥**
**ਸਭ ਘਟ ਮਾਹਿ ਰਹਿਓ ਰਵਿਦਾਸ ਹਮਾਰੋ ਰਾਮ।**
**ਸੋਈ ਬੂਝੇ ਰਾਮ ਕੂੰ ਜੋ ਹੋਇ ਰਾਮ ਗੁਲਾਮ।**
**ਰਵਿਦਾਸ ਏਕੈ ਬ੍ਰਹਮ ਕਾ ਹੋਇ ਰਹਯੋ ਸਗਲ ਪਸਾਰ।**
**ਏਕੈ ਮਾਟੀ ਸਭ ਘਟ ਸਿਰਜੈ ਏਕੋ ਸਭ ਨੂੰ ਸਿਰਜਨਹਾਰ॥**

ਇਸ ਦੇਸ਼ ਦੀ ਵਿਡੰਬਣਾ ਤਾਂ ਇਹ ਹੈ ਕਿ ਇੱਥੇ 2500 ਵਰੇ ਪਹਿਲਾਂ ਹੋਏ ਮਹਾਤਮਾ ਬੁੱਧ ਦੇ ਮਾਨਵਤਾ ਪੱਖੀ ਪ੍ਰਵਚਨਾਂ ਅਤੇ ਬਾਅਦ ਵਿਚ ਮੱਧਕਾਲ ਵਿਚਕਾਰ ਹੋਏ ਸੰਤਾਂ, ਗੁਰੂ ਸਾਹਿਬਾਨ ਅਤੇ ਹੋਰ ਧਾਰਮਿਕ ਆਗੂਆਂ ਦੀ ਬਾਣੀ ਅਤੇ ਉਪਦੇਸ਼ਾਂ ਦਾ ਅਨੁਕੂਲ ਪ੍ਰਭਾਵ ਵਰਣ ਵਿਵਸਥਾ ਦੀਆਂ ਹਾਮੀ ਸ਼ੜਯੰਤਰਕਾਰੀ ਸ਼ਕਤੀਆਂ ਨੇ ਬਹੁਤੀ ਦੇਰ ਤਕ ਕਾਇਮ ਨਹੀਂ ਰਹਿਣ ਦਿੱਤਾ। ਗੁਰੂ ਰਵਿਦਾਸ ਦੀ ਬਾਣੀ ਸਿਧਾਂਤ ਅਤੇ ਵਿਲੱਖਣ ਅਧਿਆਤਮਕ ਜੀਵਨ ਤੋਂ ਪ੍ਰੇਰਤ ਹੋ ਕੇ, ਤੱਤਕਾਲੀ ਸਮਾਜ ਵਿਚ ਵਿਚਰਦੇ, ਅਖੌਤੀ ਉੱਚ ਵਰਗ ਨਾਲ ਸੰਬੰਧਤ ਸ਼੍ਰੇਸ਼ਟ ਆਗੂ ਪ੍ਰਧਾਨ ਲੋਕ, ਗੁਰੂ ਰਵਿਦਾਸ ਨੂੰ ਡੰਡੌਤ ਵੰਦਨਾ ਕਰਨ ਲੱਗ ਗਏ ਸਨ ਜਿਸ ਦਾ ਪ੍ਰਮਾਣ ਗੁਰੂ ਰਵਿਦਾਸ ਬਾਣੀ ਪ੍ਰਸਤੁਤ ਕਰਦੀ ਹੈ।

**ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ,**
**ਨਿਤਹਿ ਬਾਨਾਰਸੀ ਆਸ ਪਾਸਾ।**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,**
**ਤੇਰੇ ਨਾਮਿ ਸਰਣਾਇ ਰਵਿਦਾਸ ਦਾਸਾ॥**

ਪਰ ਇਹ ਦੁਖਦਾਈ ਸੱਚ ਹੀ ਤਾਂ ਹੈ ਕਿ ਉਨਾਂ ਉੱਤਮ ਵਿਅਕਤੀਆਂ ਦੀ ਅਗਲੀ ਪੀੜੀ ਮੁੜ ਜਾਤ-ਪਾਤੀ ਪ੍ਰਣਾਲੀ ਨੂੰ ਹੱਲਾਸ਼ੇਰੀ ਦੇਣ ਵਿਚ ਜੁੱਟ ਗਈ ਸੀ। ਸੁਤੰਤਰਤਾ ਪ੍ਰਾਪਤੀ ਉਪਰੰਤ ਦੇਸ਼ ਵਿੱਚੋਂ ਇਸ ਘਿਨਾਉਣੀ ਲਾਹਨਤ ਨੂੰ ਸਮਾਪਤ ਕਰਨ ਲਈ ਸੰਵਿਧਾਨ ਰਾਹੀਂ ਕਾਨੂੰਨ ਦਾ ਸਹਾਰਾ ਵੀ ਲਿਆ ਗਿਆ ਪਰ ਦੇਸ਼ ਦੀਆਂ ਸਰਕਾਰਾਂ ਵੱਲੋਂ ਅਨੇਕਾਂ ਯਤਨਾਂ ਦੇ ਬਾਵਜੂਦ, ਦੇਸ਼ ਦੀ ਆਜ਼ਾਦੀ ਦੇ 64 ਸਾਲ ਲੰਘਣ ਉਪਰੰਤ ਵੀ, ਅਸੀਂ ਇਸ ਘ੍ਰਿਣਿਤ ਕਲੰਕ ਨੂੰ ਦੇਸ਼ ਦੇ ਮੱਥੇ ਉਪਰੋਂ ਲਾਹੁਣ ਵਿਚ ਸਫਲ ਨਹੀਂ ਹੋ ਸਕੇ।

ਗੁਰੂ ਰਵਿਦਾਸ ਜੀ ਨੇ ਅੱਜ ਤੋਂ 600 ਵਰੇ ਪਹਿਲਾਂ ਸੰਸਾਰ ਨੂੰ ਇਕ ਮਹਾਨ ਕ੍ਰਾਂਤੀਕਾਰੀ ਸਮਾਜਵਾਦ ਦਾ ਸਿਧਾਂਤ ਪ੍ਰਦਾਨ ਕੀਤਾ ਸੀ ਜਿਸ ਰਾਹੀਂ ਉਹ ਹਰ ਇਕ ਪਿੰਡ, ਨਗਰ, ਸ਼ਹਿਰ, ਦੇਸ਼ ਅਤੇ ਸੰਸਾਰ ਨੂੰ ਖੁਸ਼ੀਆਂ ਭਰਪੂਰ ਇਕ ਆਦਰਸ਼ ਲੋਕ ਰਾਜ ਬਣਾਉਣਾ ਚਾਹੁੰਦੇ ਸਨ। ਅਜਿਹਾ ਲੋਕਾਂ ਦਾ ਰਾਜ ਜਿੱਥੇ ਹਰ ਇਕ ਵਸਨੀਕ ਚਿੰਤਾਵਾਂ, ਝੋਰਿਆਂ, ਗ਼ਮਾਂ ਤੋਂ ਮੁਕਤੀ ਪ੍ਰਾਪਤ ਕਰਕੇ, ਮਨੁੱਖੀ ਦਰਜਾਬੰਦੀ ਤੋਂ ਰਹਿਤ ਸੁਤੰਤਰ ਵਾਤਾਵਰਣ ਵਿਚ ਨਿਡਰਤਾ ਨਾਲ ਵਿਚਰੇ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ ਸਮਾਜਵਾਦ ਦਾ ਅਨੁਪਮ ਸਿਧਾਂਤ ਗੁਰੂ ਰਵਿਦਾਸ ਜੀ ਨੇ ਮਹਾਨ ਕਾਰਲ ਮਾਰਕਸ ਤੋਂ ਲਗਪਗ 400 ਸਾਲ ਪਹਿਲਾਂ ਪ੍ਰਸਤੁਤ ਕੀਤਾ ਸੀ। ਸੁਤੰਤਰ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਗੁਰੂ ਰਵਿਦਾਸ ਦੇ ਇਸ ਸਿਧਾਂਤ ਨੂੰ ਦੇਸ਼ ਦੇ ਸੰਵਿਧਾਨ, ਸੰਵਿਧਾਨ ਦੇ ਅਨਿੱਖੜ ਅੰਗ ਵਜੋਂ ਸ਼ਾਮਲ ਕੀਤਾ ਹੈ। ਅੱਜ ਵੀ ਦੇਸ਼ ਵਿਚ ਵਸਦੀ ਗਰੀਬ ਅਤੇ ਸਾਧਨਹੀਣ ਲੋਕਾਈ ਦੀ ਕਾਇਆ ਕਲਪ ਕਰਨ ਲਈ ਇਸ ਵਿਲੱਖਣ ਵਿਚਾਰਧਾਰਾ ਦੀ ਉਨੀ ਹੀ ਲੋੜ ਹੈ ਜਿੰਨੀ ਅੱਜ ਤੋਂ ਛੇ ਸੌ ਸਾਲ ਪਹਿਲਾਂ ਸੀ। ਦੇਸ਼ ਦੇ ਕਈ ਪ੍ਰਾਂਤਾਂ ਵਿਚ ਅੱਜ ਵੀ ਗਰੀਬ ਲੋਕ ਅੰਬਾਂ ਦੀਆਂ ਗੁਠਲੀਆਂ ਖਾ ਕੇ ਭੁੱਖੇ ਢਿੱਡਾਂ ਦੇ ਪ੍ਰਜਵਲਿਤ ਭਾਂਬੜਾਂ ਨੂੰ ਬੁਝਾਉਣ ਦੇ ਯਤਨ ਕਰਦੇ ਹਨ ਜਦ ਕਿ ਦੇਸ਼ ਦੇ ਅਨਾਜ ਭੰਡਾਰਾਂ ਵਿਚ ਅਨਾਜ ਸੜ ਰਿਹਾ ਹੈ। ਉਸ ਅਨਾਜ ਨਾਲ ਜਨੌਰ-ਜਾਨਵਰ ਤਾਂ ਮੌਜ ਉਡਾ ਸਕਦੇ ਹਨ ਪਰ ਉਹ ਅਨਾਜ ਭੁੱਖ ਨਾਲ ਮਰ ਰਹੇ ਮਨੁੱਖਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾਉਣ ਲਈ ਮਦਦਗਾਰ ਨਹੀਂ ਬਣ ਸਕਦਾ। ਦੇਸ਼ ਦੀ ਇਹ ਕੈਸੀ ਵਿਡੰਬਣਾ ਹੈ? ਗੁਰੂ ਰਵਿਦਾਸ ਨੇ ਛੇ ਸਦੀਆਂ ਪਹਿਲਾਂ ਫੁਰਮਾਇਆ ਸੀ:

**ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ।**
**ਛੋਟ ਬੜੇ ਸਭ ਸਮ ਬਸੈਂ ਰਵਿਦਾਸ ਰਹੇ ਪ੍ਰਸੰਨ॥**

ਮੱਧਕਾਲ ਦੀ ਗੱਲ ਕਰਦਿਆਂ ਜੇ ਉਸ ਦੇ ਨਾਲ ਬਾਕੀ ਜੁੱਗਾਂ ਦੀ ਵੀ ਗੱਲ ਕਰੀਏ ਤਾਂ ਇਨਾਂ ਸਾਰੇ ਜੁੱਗਾਂ ਵਿਚ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਕੇਵਲ ਅਖੌਤੀ ਉੱਚੇ ਵਰਣ ਦੇ ਲੋਕਾਂ ਪਾਸ ਹੀ ਸੁਰੱਖਿਅਤ ਸੀ। ਸ਼ਕਤੀਸ਼ਾਲੀ ਲੋਕਾਂ ਦੇ ਲਤਾੜੇ ਹੋਏ ਜਾਂ ਤ੍ਰਿਸਕਾਰੇ ਹੋਏ ਲੋਕਾਂ ਨੂੰ ਅੱਖਰ ਗਿਆਨ ਤੋਂ, ਪਰੰਪਰਾ ਨੇ ਵਾਂਝੇ ਰੱਖਿਆ ਹੋਇਆ ਸੀ। ਪਰ ਗੁਰੂ ਰਵਿਦਾਸ ਤਾਂ ਇਹ ਗੱਲ ਚੰਗੀ ਤਰਾਂ ਜਾਣਦੇ ਸਨ:

**ਉਪਜਿਓ ਗਿਆਨ ਹੂਆ ਪਰਗਾਸ।**

ਕਿ ਹਰ ਇਕ ਵਿਅਕਤੀ ਦੇ ਮਨ ਵਿਚ ਅੱਖਰ ਦੀ ਲੋਅ ਹੀ ਗਿਆਨ ਦੀ ਜੋਤੀ ਨੂੰ ਜਗਮਗਾਉਂਦੀ ਹੈ। ਤਦੇ ਉਨਾਂ ਨੇ ਤ੍ਰਿਸਕਾਰੀ ਅਤੇ ਅੱਖਰ ਗਿਆਨ ਤੋਂ ਵੰਚਿਤ ਕੀਤੀ ਗਈ ਸਮੂਹ ਲੋਕਾਈ ਨੂੰ ਅੱਖਰ ਗਿਆਨ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦਿਆਂ ਇੰਝ ਫੁਰਮਾਇਆ ਸੀ:

**ਮਾਧੋ ! ਅਬਿਦਿਆ ਹਿੱਤ ਕੀਨ, ਬਿਬੇਕ ਦੀਪ ਮਲੀਨ॥**

ਬਾਕੀ ਸਫ਼ਾ 32 'ਤੇ

# ਗੁਰੂ ਤੇਗ਼ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਚੌਥੀ ਸ਼ਤਾਬਦੀ ਕਿਵੇਂ ਮਨਾਈਏ ?



ਡਾ. ਪਰਮਵੀਰ ਸਿੰਘ

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਚੌਥੀ ਸ਼ਤਾਬਦੀ ਅਪ੍ਰੈਲ 2021 ਵਿਚ ਆ ਰਹੀ ਹੈ। ਇਸ ਤੋਂ ਪਹਿਲਾਂ ਸਾਲ 2020 ਦੌਰਾਨ ਭਗਤ ਨਾਮਦੇਵ ਜੀ ਦਾ 750 ਸਾਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਾ ਸ਼ਤਾਬਦੀ ਵਰਾ ਆ ਰਹੇ ਹਨ। ਇਹ ਸ਼ਤਾਬਦੀ ਵਰੇ ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਦੀ ਯਾਦ ਦਿਵਾਉਣ ਦੇ ਨਾਲ-ਨਾਲ ਭਵਿੱਖ ਵਿਚ ਚੰਗੇਰੀ ਜੀਵਨ-ਜਾਚ ਧਾਰਨ ਕਰਨ 'ਤੇ ਜ਼ੋਰ ਦਿੰਦੇ ਹਨ। ਵੈਸਾਖ ਵਦੀ 5, 1678 ਬਿਕਰਮੀ (1 ਅਪ੍ਰੈਲ 1621) ਨੂੰ ਪ੍ਰਕਾਸ਼ਮਾਨ ਹੋਏ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਮੁਗ਼ਲਾਂ ਨਾਲ ਸੰਘਰਸ਼ ਕਰਦੇ ਹੋਏ ਅਣਖ਼ ਅਤੇ ਸਵੈਮਾਨ ਦੀ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਸਨ। 1628 ਵਿਚ ਸ਼ਾਹ ਜਹਾਨ ਦੇ ਰਾਜਗੱਦੀ 'ਤੇ ਬੈਠਣ ਉਪਰੰਤ 1635 ਤੱਕ ਗੁਰੂ ਹਰਿਗੋਬਿੰਦ ਸਾਹਿਬ ਅਤੇ ਮੁਗ਼ਲ ਫ਼ੌਜਾਂ ਵਿਚਕਾਰ 4 ਯੁੱਧ ਹੋਏ ਅਤੇ ਇਨਾਂ ਸਾਰਿਆਂ ਵਿਚ ਗੁਰੂ ਜੀ ਨੇ ਜਿੱਤ ਪ੍ਰਾਪਤ ਕੀਤੀ ਸੀ। ਇਸੇ ਸਮੇਂ ਦੌਰਾਨ ਹੀ ਸ਼ਾਹੀ ਸੈਨਿਕਾਂ ਦੇ ਜ਼ੁਲਮ ਅਤੇ ਗੁਰੂ ਸਾਹਿਬ ਦੀ ਉਦਾਰਵਾਦੀ ਨੀਤੀ ਸਾਹਮਣੇ ਆਉਂਦੀ ਹੈ। ਗੁਰੂ ਜੀ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ ਅਤੇ ਇਸੇ ਉਦੇਸ਼ ਅਧੀਨ ਹੀ ਉਨਾਂ ਨੇ ਸ੍ਰੀ ਹਰਿਗੋਬਿੰਦਪੁਰ ਵਿਖੇ ਮੁਸਲਮਾਨਾਂ ਲਈ ਮਸੀਤ ਬਣਵਾਈ ਸੀ। ਦੂਜੇ ਪਾਸੇ ਲਾਹੌਰ ਦੇ ਮੁਗ਼ਲ ਕਰਮਚਾਰੀਆਂ ਨੇ ਕਾਬੁਲ ਦੀ ਸਿੱਖ ਸੰਗਤ ਵਲੋਂ ਗੁਰੂ ਜੀ ਦੀ ਭੇਟਾ ਲਈ ਲਿਆਂਦੇ ਗਏ ਦੋ ਘੋੜੇ ਖੋਹ ਲਏ ਸਨ। ਇਹ ਦੋਵੇਂ ਘਟਨਾਵਾਂ ਦੱਸਦੀਆਂ ਹਨ ਕਿ ਕਿਸ ਤਰਾਂ ਹਾਕਮ ਸ਼੍ਰੇਣੀ ਆਮ ਲੋਕਾਂ ਦੀ ਲੁੱਟ-ਖਸੁੱਟ ਕਰ ਰਹੀ ਸੀ ਅਤੇ ਦੂਜੇ ਪਾਸੇ ਗੁਰੂ ਸਾਹਿਬ ਆਪਣੇ ਪੂਰਵਜਾਂ ਵਲੋਂ ਅਰੰਭੇ ਹੋਏ ਪਰਉਪਕਾਰ ਦੇ ਉਦੇਸ਼ 'ਤੇ ਦ੍ਰਿੜਤਾ ਪੂਰਵਕ ਕਾਰਜ ਕਰ ਰਹੇ ਸਨ। ਗੁਰੂ ਸਾਹਿਬ ਸਮਾਜ ਵਿਚ ਕੁਝ ਅਜਿਹੇ ਆਦਰਸ਼ ਸਥਾਪਿਤ ਕਰ ਰਹੇ ਸਨ ਜਿਹੜੇ ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਦਾ ਕਾਰਜ ਕਰਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਤਾਬਦੀ ਮਨਾਉਂਦਿਆਂ ਉਨਾਂ ਆਦਰਸ਼ਾਂ ਦਾ ਧਿਆਨ ਰੱਖਣ ਦੀ ਲੋੜ ਹੈ ਜਿਨਾਂ ਦੀ ਸਥਾਪਤੀ ਲਈ ਉਨਾਂ ਨੇ ਲੰਮੀਆਂ ਯਾਤਰਾਵਾਂ ਕੀਤੀਆਂ ਸਨ ਅਤੇ ਅਖ਼ੀਰ ਆਪਣੀ ਸ਼ਹਾਦਤ ਦੇ ਦਿੱਤੀ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ਼ਾਂਤੀ ਦੇ ਪੁੰਜ ਸਨ ਅਤੇ ਇਸੇ ਕਰ ਕੇ ਉਹ ਹਰ ਹੀਲਾ ਵਰਤਣ 'ਤੇ ਜ਼ੋਰ ਦਿੰਦੇ ਸਨ ਜਿਹੜਾ ਸਮਾਜ ਵਿਚ ਸ਼ਾਂਤੀ ਦੀ ਸਥਾਪਨਾ ਕਰਨ ਲਈ ਲਾਹੇਵੰਦ ਹੋਵੇ। ਅਸਾਮ ਦੀ ਇਤਿਹਾਸਕ ਘਟਨਾ ਸਭ ਦੇ ਸਾਹਮਣੇ ਹੈ ਜਿਸ ਵਿਚ ਗੁਰੂ ਸਾਹਿਬ ਦਿੱਲੀ ਦੇ ਬਾਦਸ਼ਾਹ ਅਤੇ ਆਸਾਮ ਦੇ ਸਥਾਨਕ ਹਾਕਮਾਂ ਵਿਚ ਸੁਲਾਹ ਕਰਾਉਣ ਲਈ ਅੱਗੇ ਆਏ ਸਨ। ਦੂਜੇ ਪਾਸੇ ਜਦੋਂ ਗੁਰੂ ਜੀ ਨੂੰ ਇਹ ਸੂਚਨਾ ਮਿਲਦੀ ਹੈ ਕਿ ਉੱਤਰੀ ਭਾਰਤ ਵਿਚ ਹਕੂਮਤ ਵਲੋਂ ਜਬਰੀ ਧਰਮ ਪਰਿਵਰਤਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਉਹ ਛੇਤੀ ਨਾਲ ਪੰਜਾਬ ਵਾਪਸ ਆ ਕੇ ਮਾਲਵੇ ਦੇ ਕਈ ਪਿੰਡਾਂ ਦੀ ਪ੍ਰਚਾਰ ਯਾਤਰਾ ਕਰ ਕੇ ਆਮ ਲੋਕਾਂ ਨੂੰ ਧਰਮ ਦੇ ਮਾਰਗ 'ਤੇ ਦ੍ਰਿੜ ਰਹਿਣ ਦੀ ਪ੍ਰੇਰਨਾ ਕਰਦੇ ਹਨ। ਜਦੋਂ ਕਸ਼ਮੀਰ ਦੇ ਪੰਡਿਤ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਆਉਂਦੇ ਹਨ ਤਾਂ ਉਹ ਉਨਾਂ ਨੂੰ ਕਿਤੇ ਹੋਰ ਜਾਣ ਦੀ ਸਲਾਹ ਨਹੀਂ ਦਿੰਦੇ ਬਲਕਿ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਵਾਲੀ ਧਰਮ ਦੀ ਭਾਵਨਾ ਦ੍ਰਿੜ ਕਰਾਉਣ ਦਾ ਜਿਹੜਾ ਸੰਦੇਸ਼ ਦਿੰਦੇ ਸਨ, ਉਸੇ 'ਤੇ ਦ੍ਰਿੜਤਾ ਪੂਰਵਕ ਪਹਿਰਾ ਦੇਣ ਲਈ ਅੱਗੇ ਆਉਂਦੇ ਹਨ। ਗੁਰੂ ਜੀ ਦੀ ਪੰਡਿਤਾਂ ਨਾਲ ਕੋਈ ਧਾਰਮਿਕ ਸਾਂਝ ਨਹੀਂ ਸੀ ਕਿਉਂਕਿ ਉਹ ਮੂਰਤੀ ਪੂਜਾ ਦੀ ਥਾਂ ਇਕ ਅਕਾਲ ਪੁਰਖ ਦੀ ਬੰਦਗੀ ਕਰਨ 'ਤੇ ਜ਼ੋਰ ਦਿੰਦੇ ਸਨ ਪਰ ਉਹ ਇਹ ਨਹੀਂ ਚਾਹੁੰਦੇ ਸਨ ਕਿ ਕਿਸੇ ਦਾ ਜਬਰੀ ਧਰਮ ਪਰਿਵਰਤਨ ਕੀਤਾ ਜਾਵੇ। ਧਾਰਮਿਕ ਆਜ਼ਾਦੀ ਦੀ ਭਾਵਨਾ ਪੈਦਾ ਕਰਨ ਦਾ ਜਿਹੜਾ ਕਾਰਜ ਕਰਨ ਦਾ ਗੁਰੂ ਸਾਹਿਬ ਨੇ ਸਫ਼ਲ ਯਤਨ ਕੀਤਾ ਸੀ ਅੱਜ ਉਸੇ ਸਿਧਾਂਤ ਨੂੰ ਦੁਬਾਰਾ ਲਾਗੂ ਕਰਨ ਦੀ ਲੋੜ ਹੈ। ਧਰਮ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਕਿਸੇ ਵੀ ਵਿਤਕਰੇ ਵਿਰੁੱਧ ਗੁਰੂ ਜੀ ਵਲੋਂ ਉਠਾਈ ਗਈ ਆਵਾਜ਼ ਨੂੰ ਬੁਲੰਦ ਰੱਖਣ ਵਾਲੇ ਸੰਦੇਸ਼ ਨੂੰ ਪਰਪੱਕ ਕਰਾਉਣ ਲਈ ਯਤਨ ਹੋਣੇ ਚਾਹੀਦੇ ਹਨ। ਹਰ ਗੁਰਪੁਰਬ ਨੂੰ ਮਨਾਉਣ ਲਈ ਰਵਾਇਤੀ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਜਿਵੇਂ ਨਗਰ ਕੀਰਤਨ, ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ, ਕਥਾ ਆਦਿ। ਪੁਰਤਾਨ ਪੀੜੀ ਇਸੇ ਮੁਹਾਵਰੇ ਨੂੰ ਵਧੇਰੇ ਚੰਗੀ ਤਰਾਂ ਸਮਝਦੀ ਹੈ ਅਤੇ ਨਵੀਂ ਪੀੜੀ ਵੀ ਇਨਾਂ ਸਮਾਗਮਾਂ ਵਿਚ ਹਾਜ਼ਰੀ ਲਵਾਉਣ ਵਿਚ ਮਾਣ ਮਹਿਸੂਸ ਕਰਦੀ ਹੈ। ਪਿਛਲੇ ਦਿਨੀਂ ਫ਼ਤਹਿਗੜ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਮੀਡੀਆ ਵਾਲਿਆਂ ਦਾ ਧਿਆਨ ਖਿੱਚ ਰਹੀ ਸੀ। ਨੌਜਵਾਨਾਂ ਵਿਚ ਆਪਣੇ ਇਤਿਹਾਸ ਅਤੇ ਧਾਰਮਿਕ ਪਰੰਪਰਾਵਾਂ ਬਾਰੇ ਜਾਣਨ ਦੀ ਰੁਚੀ ਕੌਮ ਦੀ ਚੜਦੀਕਲਾ ਦਾ ਪ੍ਰਤੀਕ ਹੈ। ਰਵਾਇਤੀ ਮੁਹਾਵਰਾ ਵੱਡੀ ਗਿਣਤੀ ਸੰਗਤ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਵਿਚੋਂ ਜਨ-ਚੇਤਨਾ ਪ੍ਰਗਟ ਹੁੰਦੀ ਹੈ। ਇਸ ਦੇ ਨਾਲ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਕਿਤੇ ਸਾਡੇ ਰਵਾਇਤੀ ਸਮਾਗਮ ਮਹਿਜ ਰਸਮਾਂ ਬਣ ਕੇ ਨਾ ਰਹਿ ਜਾਣ ਅਤੇ ਧਰਮ ਅਰਥ ਦਿੱਤੀ ਮਾਇਆ ਵਿਚੋਂ 'ਆਪਣੀ ਅਕਲ ਬਿਗਾਨੀ ਮਾਇਆ' ਵਾਲੇ ਮੁਹਾਵਰੇ ਦਾ ਪ੍ਰਗਟਾਵਾ ਨਾ ਹੋਣ ਲੱਗ ਪਵੇ। ਰਵਾਇਤੀ ਸਮਾਗਮਾਂ ਤੋਂ ਇਲਾਵਾ ਅਕਾਦਮਿਕ ਪੱਧਰ 'ਤੇ ਕੀਤੇ ਜਾਣ ਵਾਲੇ ਸੈਮੀਨਾਰ, ਵਿਚਾਰ-ਗੋਸ਼ਟੀਆਂ ਅਤੇ ਕਾਨਫ਼ਰੰਸਾਂ ਵੀ ਗੁਰੂ ਜੀ ਦੇ ਸੰਦੇਸ਼ ਨੂੰ ਦ੍ਰਿੜ ਕਰਾਉਣ ਵਿਚ ਸਹਾਈ ਹੁੰਦੀਆਂ ਹਨ। ਹਰ ਪੀੜੀ ਵਿਚ ਧਰਮ ਨੂੰ ਸਮਝਣ ਦਾ ਵੱਖੋ-ਵੱਖਰਾ ਦ੍ਰਿਸ਼ਟੀਕੋਣ ਹੁੰਦਾ ਹੈ ਅਤੇ ਹਰ ਯੁੱਗ ਬਾਣੀ ਦੀ ਨਵੇਂ ਸਿਰਿਓਂ ਵਿਆਖਿਆ ਦੀ ਮੰਗ ਕਰਦਾ ਹੈ। ਵਿਦਵਾਨਾਂ ਨੇ ਸਿੱਖ ਧਰਮ ਦੇ ਜਿਹੜੇ ਸਿਧਾਂਤਿਕ ਦ੍ਰਿਸ਼ਟੀਕੋਣ ਤਿਆਰ ਕੀਤੇ ਹਨ ਉਨਾਂ ਨੂੰ ਆਮ ਲੋਕਾਂ ਤੱਕ ਲਿਜਾਣ ਦੀ ਲੋੜ ਹੈ। ਨਵੇਂ ਯੁੱਗ ਦੀਆਂ ਸਮੱਸਿਆਵਾਂ ਦੇ ਸਨਮੁਖ ਧਰਮ ਦੀ ਕੀਤੀ ਗਈ ਵਿਆਖਿਆ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਹ ਆਪਣੇ ਧਾਰਮਿਕ ਅਕੀਦਿਆਂ ਅਤੇ ਸਿਧਾਂਤਾਂ ਪ੍ਰਤੀ ਵਧੇਰੇ ਚੇਤੰਨ ਹੁੰਦੇ ਹਨ। ਅਕਾਦਮਿਕ ਕਾਰਜਾਂ ਰਾਹੀਂ ਵਿਚਾਰ-ਚਰਚਾ ਦਾ ਮਾਰਗ ਖੁੱਲਦਾ ਹੈ ਅਤੇ ਕਈ ਨਵੇਂ ਦ੍ਰਿਸ਼ਟੀਕੋਣ ਸਾਹਮਣੇ ਆਉਂਦੇ ਹਨ ਜਿਨਾਂ ਦੇ ਆਧਾਰ 'ਤੇ ਨਵੀਂਆਂ ਖੋਜਾਂ ਪ੍ਰਤੀ ਰੁਚੀ ਪੈਦਾ ਹੁੰਦੀ ਹੈ। ਨਵੀਂ ਪੀੜੀ ਵਿਚ ਮੂਲ ਗ੍ਰੰਥਾਂ ਨੂੰ ਪੜਨ ਦੀ ਘਟਦੀ ਜਾ ਰਹੀ ਰੁਚੀ ਚਿੰਤਾ ਦਾ ਵਿਸ਼ਾ ਹੈ ਜਿਸ ਨਾਲ ਕਈ ਸਮੱਸਿਆਵਾਂ ਵੀ ਪੈਦਾ ਹੋ ਰਹੀਆਂ ਹਨ। ਇੰਟਰਨੈੱਟ 'ਤੇ ਬਹੁਤਾ ਸਮਾਂ ਕੰਮ ਕਰਨ ਵਾਲੇ ਆਪਣੇ ਧਰਮ ਅਤੇ ਵਿਰਾਸਤ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਬਿਜਲਈ ਮੀਡੀਆ ਰਾਹੀਂ ਲੱਭਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਮੀਡੀਆ ਰਾਹੀਂ ਉਹੀ ਜਾਣਕਾਰੀ ਸਾਹਮਣੇ ਆਉਂਦੀ ਹੈ ਜਿਹੜੀ ਕਿਸੇ ਨੇ ਇਸ ਵਿਚ ਦਰਜ ਕੀਤੀ ਹੋਵੇ। ਜੇਕਰ ਕੋਈ ਜਾਣਕਾਰੀ ਧਰਮ ਦੇ ਮਾਪਦੰਡਾਂ ਜਾਂ ਗੁਰਮਤਿ ਸਿਧਾਂਤ ਦੇ ਅਨੁਸਾਰ ਸਹੀ ਨਹੀਂ ਹੈ ਤਾਂ ਉਹ ਗ਼ਲਤ ਰੂਪ ਵਿਚ ਹੀ ਲੋਕ-ਮਨਾਂ ਵਿਚ ਪੱਕੀ ਹੋ ਜਾਂਦੀ ਹੈ ਅਤੇ ਮਨ ਵਿਚ ਪੱਕ ਗਏ ਵਿਚਾਰਾਂ ਨੂੰ ਦਰੁਸਤ ਕਰਨਾ ਕਈ ਵਾਰੀ ਅਸੰਭਵ ਹੋ ਜਾਂਦਾ ਹੈ। ਸਾਡੀਆਂ ਧਾਰਮਿਕ ਸੰਸਥਾਵਾਂ ਨੂੰ ਇਸ ਮੀਡੀਏ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸੋਸ਼ਲ ਮੀਡੀਆ 'ਤੇ ਅਜਿਹੀ ਜਾਣਕਾਰੀ ਪਾਉਣ ਦੀ ਵਧੇਰੇ ਲੋੜ ਹੈ ਜਿਹੜੀ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਹੋਵੇ। ਸਿੱਖ ਸੰਸਥਾਵਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਵਿਚਲੇ ਪ੍ਰਮਾਣਿਕ ਤੱਥਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ਼ ਹੋਣਾ ਚਾਹੀਦਾ ਹੈ।

**ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਚੌਥੀ ਸ਼ਤਾਬਦੀ ਅਪ੍ਰੈਲ 2021 ਵਿਚ ਆ ਰਹੀ ਹੈ। ਇਸ ਤੋਂ ਪਹਿਲਾਂ ਸਾਲ 2020 ਦੌਰਾਨ ਭਗਤ ਨਾਮਦੇਵ ਜੀ ਦਾ 750 ਸਾਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਾ ਸ਼ਤਾਬਦੀ ਵਰਾ ਆ ਰਹੇ ਹਨ। ਇਹ ਸ਼ਤਾਬਦੀ ਵਰੇ ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਦੀ ਯਾਦ ਦਿਵਾਉਣ ਦੇ ਨਾਲ-ਨਾਲ ਭਵਿੱਖ ਵਿਚ ਚੰਗੇਰੀ ਜੀਵਨ-ਜਾਚ ਧਾਰਨ ਕਰਨ 'ਤੇ ਜ਼ੋਰ ਦਿੰਦੇ ਹਨ।**

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਕਰਮ-ਭੂਮੀ ਵਧੇਰੇ ਕਰਕੇ ਭਾਰਤ ਵਿਚ ਹੀ ਮੌਜੂਦ ਹੈ। ਗੁਰਗੱਦੀ ਪ੍ਰਾਪਤ ਕਰਨ ਉਪਰੰਤ ਗੁਰੂ ਜੀ ਨੇ ਬਾਬਾ ਬਕਾਲਾ ਤੋਂ ਬਿਹਾਰ, ਬੰਗਾਲ, ਆਸਾਮ ਤੱਕ ਜਿਹੜੀਆਂ ਪ੍ਰਚਾਰ ਯਾਤਰਾਵਾਂ ਕੀਤੀਆਂ ਸਨ, ਉਨਾਂ ਦਾ ਸਰਵੇ ਕਰਵਾਏ ਜਾਣ ਦੀ ਲੋੜ ਹੈ ਤਾਂ ਕਿ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿਚ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਸਕੇ। 1984 ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੂੰ ਘਰੋਂ-ਬੇਘਰ ਹੋਣਾ ਪਿਆ ਹੈ ਅਤੇ ਜਿਹੜੇ ਗੁਰਧਾਮਾਂ ਦੀ ਉਹ ਸੇਵਾ-ਸੰਭਾਲ ਕਰਦੇ ਰਹੇ ਸਨ, ਉਨਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੈ। ਗੁਰਧਾਮਾਂ ਦੀ ਸੇਵਾ-ਸੰਭਾਲ ਕਰ ਰਹੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਣਾ ਚਾਹੀਦਾ ਹੈ। ਦੂਜੇ ਸੂਬਿਆਂ ਵਿਚ ਕੁਝ ਅਜਿਹੇ ਗੁਰਧਾਮ ਮੌਜੂਦ ਹਨ ਜਿਨਾਂ ਦਾ ਪ੍ਰਬੰਧ ਉਦਾਸੀਆਂ ਕੋਲ ਸੀ ਅਤੇ ਉਨਾਂ ਦੇ ਨਾਂ ਲੱਗੀਆਂ ਜ਼ਮੀਨਾਂ 'ਤੇ ਇਲਾਕੇ ਦੇ ਹੋਰ ਲੋਕ ਕਾਬਜ਼ ਹੋ ਗਏ ਹਨ। ਅਜਿਹੇ ਅਸਥਾਨਾਂ ਦੀ ਭਾਲ ਕਰ ਕੇ ਉਨਾਂ ਦੀ ਪੁਨਰ-ਸੰਭਾਲ ਲਈ ਯਤਨ ਕਰਨੇ ਚਾਹੀਦੇ ਹਨ। ਜਿਹੜੇ ਗੁਰਧਾਮ ਸਥਾਨਕ ਸੰਗਤ ਨੇ ਸੰਭਾਲ ਕੇ ਰੱਖੇ ਹੋਏ ਹਨ ਉਨਾਂ ਨਾਲ ਸੰਪਰਕ ਪੈਦਾ ਕਰਨ ਦੀ ਲੋੜ ਹੈ ਅਤੇ ਜਿਥੋਂ ਤੱਕ ਸੰਭਵ ਹੋ ਸਕੇ ਉਨਾਂ ਦੇ ਨੁਮਾਇੰਦਿਆਂ ਤੋਂ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਯਥਾਸ਼ਕਤਿ ਉਨਾਂ ਦੀ ਮਦਦ ਕਰਨ ਲਈ ਅੱਗੇ ਆਉਣ ਵਿਚ ਢਿੱਲ ਨਹੀਂ ਕਰਨੀ ਚਾਹੀਦੀ। ਸਾਡੇ ਪ੍ਰਚਾਰਕਾਂ ਨੂੰ ਵੀ, ਵਿਦੇਸ਼ੀ ਪ੍ਰਚਾਰ ਦੌਰਿਆਂ ਦੇ ਨਾਲ-ਨਾਲ, ਭਾਰਤ ਦੇ ਉਨਾਂ ਹਿੱਸਿਆਂ ਵਿਚ ਪ੍ਰਚਾਰ ਯਾਤਰਾਵਾਂ ਕਰਨੀਆਂ ਚਾਹੀਦੀਆਂ ਹਨ ਜਿਥੇ ਸਿੱਖ ਵੱਸੋਂ ਬਹੁਤ ਘੱਟ ਮੌਜੂਦ ਹੈ ਅਤੇ ਜਿਹੜੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨੀ ਔਖੀ ਹੋ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੰਗਤ ਨੂੰ ਬਹੁਤ ਸਾਰੀਆਂ ਆਸਾਂ ਹਨ ਪਰ ਇਸ ਦੀਆਂ ਆਪਣੀਆਂ ਸੀਮਾਵਾਂ ਵੀ ਹਨ। ਪੰਜਾਬ ਦੇ ਡੇਰੇਦਾਰਾਂ ਨੂੰ ਵੀ ਇਸ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ। ਭਾਰਤ ਦੇ ਹੋਰਨਾਂ ਰਾਜਾਂ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਸੁਸ਼ੋਭਿਤ ਗੁਰਧਾਮਾਂ ਦੀ ਸੰਭਾਲ ਲਈ ਇਨਾਂ ਨੂੰ ਯਤਨਸ਼ੀਲ ਹੋਣ ਦੀ ਲੋੜ ਹੈ। ਜੇਕਰ ਸਮੂਹਿਕ ਯਤਨ ਨਾ ਕੀਤੇ ਗਏ ਤਾਂ ਉਹ ਦਿਨ ਦੂਰ ਨਹੀਂ ਜਦ ਅਸੀਂ ਗੁਰਦੁਆਰਾ ਗਿਆਨ ਗੋਦੜੀ, ਗੁਰਦੁਆਰਾ ਮੰਗੂ ਮੱਠ, ਗੁਰਦੁਆਰਾ ਗੁਰੂ ਡਾਂਗਮਾਰ ਆਦਿ ਅਸਥਾਨਾਂ 'ਤੇ ਵਾਪਰ ਰਹੀਆਂ ਘਟਨਾਵਾਂ ਕਾਰਨ ਆਪਣੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਤੋਂ ਵਾਂਝੇ ਹੋ ਜਾਵਾਂਗੇ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਇਕ ਬਹੁਤ ਹੀ ਮਹੱਤਵਪੂਰਨ ਗੁਰਧਾਮ ਢਾਕਾ ਵਿਖੇ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਜੀ ਨੂੰ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਖ਼ਬਰ ਮਿਲੀ ਸੀ। ਇਥੋਂ ਗੁਰੂ ਜੀ ਨੇ ਪਟਨਾ ਦੀ ਸੰਗਤ ਦੇ ਨਾਂਅ ਹੁਕਮਨਾਮੇ ਵੀ ਲਿਖੇ ਸਨ। ਇਹ ਅਸਥਾਨ ਬਹੁਤ ਹੀ ਖਸਤਾ ਹਾਲ ਵਿਚ ਹੈ। ਭਾਵੇਂ ਕਿ ਗੁਰਦੁਆਰਾ ਸਾਹਿਬ ਦੀ ਕੁਝ ਜ਼ਮੀਨ ਖਾਲੀ ਕਰਵਾਈ ਗਈ ਹੈ ਪਰ ਹਾਲੇ ਹੋਰ ਯਤਨ ਕਰਨੇ ਬਾਕੀ ਹਨ। ਗੁਰਦੁਆਰਾ ਸਾਹਿਬ ਦੀ ਸਮੁੱਚੀ ਜ਼ਮੀਨ ਨੂੰ ਖਾਲੀ ਕਰਵਾ ਕੇ ਪੁਰਾਤਨ ਇਮਾਰਤ ਨੂੰ ਸੰਭਾਲ ਲਿਆ ਜਾਣਾ ਚਾਹੀਦਾ ਹੈ। ਬੰਗਲਾਦੇਸ਼ ਦੀ ਸਰਕਾਰ ਅਤੇ ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਉਸ ਅਸਥਾਨ ਦੀ ਸਾਂਭ-ਸੰਭਾਲ ਲਈ ਯਤਨ ਕਰਨੇ ਚਾਹੀਦੇ ਹਨ। 1975 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਤ ਤੀਜੀ ਸ਼ਤਾਬਦੀ ਪੂਰਬੀ ਭਾਰਤ ਵਿਚ ਬਹੁਤ ਵੱਡੇ ਪੱਧਰ 'ਤੇ ਮਨਾਈ ਗਈ ਸੀ। ਹਰ ਸੂਬੇ ਵਿਚ ਪੈਂਦੇ ਗੁਰਧਾਮਾਂ ਵਿਖੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਵਿਸ਼ੇਸ਼ ਰਾਗੀ, ਢਾਡੀ ਅਤੇ ਪ੍ਰਚਾਰਕ ਆਦਿ ਭੇਜੇ ਗਏ ਸਨ। ਜਿਹੜੇ ਗੁਰਧਾਮਾਂ ਵਿਖੇ ਬਹੁਤੀ ਸਿੱਖ ਸੰਗਤ ਮੌਜੂਦ ਨਹੀਂ ਸੀ, ਉਥੇ ਵੀ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕਰ ਕੇ ਆਮ ਲੋਕਾਂ ਦੇ ਮਨ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸਿੱਖਿਆ ਪ੍ਰਤੀ ਚੇਤਨਾ ਪੈਦਾ ਕੀਤੀ ਗਈ ਸੀ। ਮੌਜੂਦਾ ਸਮੇਂ ਬਹੁਤ ਸਾਰੇ ਬੱਚੇ ਪੜ-ਲਿਖ ਗਏ ਹਨ ਪਰ ਉਹ ਗੁਰਮੁਖੀ ਨਹੀਂ ਜਾਣਦੇ, ਉਨਾਂ ਲਈ ਸਥਾਨਕ ਭਾਸ਼ਾਵਾਂ ਵਿਚ ਅਜਿਹਾ ਸਾਹਿਤ ਪੈਦਾ ਕਰਨ ਦੀ ਲੋੜ ਹੈ ਜਿਸ ਵਿਚੋਂ ਗੁਰੂ ਜੀ ਦੇ ਜੀਵਨ ਅਤੇ ਬਾਣੀ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੋਵੇ। ਸਿੱਖ ਸ੍ਰੋਤਾਂ ਅਤੇ ਪਰੰਪਰਾ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ 'ਧਰਮ ਦੀ ਚਾਦਰ', 'ਸ੍ਰਿਸ਼ਟੀ ਦੀ ਚਾਦਰ' ਅਤੇ 'ਹਿੰਦ ਦੀ ਚਾਦਰ' ਦੇ ਨਾਂਅ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਸਾਹਿਬ ਨੇ ਧਰਮ ਦੀ ਆਜ਼ਾਦੀ ਲਈ ਆਪਣਾ ਸੀਸ ਭੇਟ ਕਰ ਦਿੱਤਾ ਸੀ ਜਿਸ ਦਾ ਭਾਵ ਸੀ ਕਿ ਹਰ ਇਕ ਮਨੁੱਖ ਆਪਣੇ ਧਰਮ ਦੀਆਂ ਕਦਰਾਂ-ਕੀਮਤਾਂ ਅਨੁਸਾਰ ਆਪਣਾ ਜੀਵਨ ਬਸਰ ਕਰੇ। ਇਸ ਦ੍ਰਿਸ਼ਟੀ ਤੋਂ ਸਾਨੂੰ ਆਪਣੇ ਧਰਮ ਦੇ ਸ਼ਰਧਾਲੂਆਂ ਵੱਲ ਵੀ ਨਜ਼ਰ ਮਾਰਨ ਦੀ ਲੋੜ ਹੈ ਕਿ ਕਿਤੇ ਉਹ ਸਿੱਖੀ ਤੋਂ ਦੂਰ ਤਾਂ ਨਹੀਂ ਜਾ ਰਹੇ ? ਪਤਿਤਪੁਣਾ ਤਾਂ ਨਹੀਂ ਵੱਧਦਾ ਜਾ ਰਿਹਾ ? ਨਸ਼ਿਆਂ ਅਤੇ ਭਰੂਣ ਹੱਤਿਆ ਦੀ ਭਾਵਨਾ ਤਾਂ ਪੈਦਾ ਨਹੀਂ ਹੋ ਰਹੀ ? ਧਰਮ ਰਾਜਨੀਤੀ ਦੇ ਕੁੰਡੇ ਹੇਠਾਂ ਤਾਂ ਨਹੀਂ ਫਸ ਗਿਆ ? ਕਿਤੇ ਸਾਡੀ ਸਿੱਖੀ ਅਹੁਦਿਆਂ ਤੱਕ ਹੀ ਤਾਂ ਨਹੀਂ ਸਿਮਟਦੀ ਜਾ ਰਹੀ ? ਨਿਮਰਤਾ ਅਤੇ ਸੇਵਾ ਨੂੰ ਸਿੱਖੀ ਦੀ ਜੜ ਮੰਨਿਆ ਗਿਆ ਹੈ ਅਤੇ ਇਸ ਦੇ ਆਧਾਰ 'ਤੇ ਕਾਰਜ ਕਰਨ ਵਿਚ ਅਸੀਂ ਕਿੰਨੇ ਕੁ ਸਫਲ ਹੋਏ ਹਾਂ ? ਆਦਿ। ਇਸੇ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਦੇ ਹੋਏ ਹੀ ਇਸ ਸ਼ਤਾਬਦੀ ਨੂੰ ਮਨਾਉਣ ਲਈ ਹੁਣ ਤੋਂ ਹੀ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ।

**ਮੁਖੀ ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**



# ਬਾਪੂ ਜੀ, ਕਿੱਥੇ ਚਲੇ ਗਏ ਤੁਸੀਂ ?

- ਗੁਰਦੀਪ ਕੌਰ ਸੈਕਰਾਮੈਂਟੋ
916-695-0035

1 ਫਰਵਰੀ 2020 ਦੀ ਸਵੇਰ ਤੇ ਮੇਰੀ ਕਰਮ ਭੂਮੀ ਅਮਰੀਕਾ ਦਾ ਜਨਵਰੀ 31 ਦੀ ਸ਼ਾਮ ਨੂੰ ਮਾਂ ਵਰਗੀ ਸਹੇਲੀ ਬੀਬੀ ਹਰਜੀਤ ਕੌਰ ਨੇ ਵਟਸਐਪ ਤੇ ਬਾਪੂ ਸ. ਜਸਵੰਤ ਸਿੰਘ ਕੰਵਲ ਦੀਆਂ ਤਸਵੀਰਾਂ ਭੇਜੀਆਂ। ਕੰਮ ਤੇ ਹੋਣ ਕਰਕੇ ਫੋਨ ਚੈਕ ਨਾ ਕਰ ਸਕੀ, ਜਦ ਘਰ ਆ ਕੇ ਫੋਨ ਦੇਖਿਆ, ਮਨ ਉਦਾਸ ਹੋ ਗਿਆ, ਪਰ ਸ਼ੱਕ ਜਿਹਾ ਰਿਹਾ, ਇੰਡੀਆ ਦੋ ਕੁ ਜਣਿਆਂ ਨੂੰ ਫੋਨ ਲਾਇਆ, ਪਰ ਕਿਸੇ ਨਾਲ ਗੱਲ ਨਾ ਹੋ ਸਕੀ, ਕਿ ਪਤਾ ਕਰ ਸਕਾਂ ਕਿ ਭਾਵੀ ਸਚਮੁੱਚ ਵਾਪਰ ਚੁੱਕੀ ਹੈ। ਆਧੁਨਿਕ ਯੁੱਗ ਦੇ ਸੰਚਾਰ ਸਾਧਨ ਫੇਸਬੁੱਕ ਨੂੰ ਜਦੋਂ ਹੀ ਖੋਲਿਆ ਤਾਂ ਪਹਿਲੀ ਪੋਸਟ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਦੀ ਪੜੀ ਕਿ ਬਾਪੂ ਜੀ ਜਸਵੰਤ ਸਿੰਘ ਕੰਵਲ ਨਹੀਂ ਰਹੇ। ਉਸ ਵੇਲੇ ਤੱਕ ਮੇਰੇ ਲਈ ਇਹ ਸਮਝਣਾ ਔਖਾ ਸੀ ਕਿ ਮੁੱਕਾ ਕੌਣ ਹੈ? ਜਸਵੰਤ ਸਿੰਘ ਕੰਵਲ ਜਾਂ ਆਪਣਾ ਬਾਪੂ। ਸਾਹ ਸੰਘ ਵਿਚ ਅਟਕ ਗਿਆ, ਅੱਖਾਂ ਗੜੱਚ ਹੋ ਗਈਆਂ। ਫਿਰ ਅਗਾਂਹ ਫੇਸਬੁੱਕ ਦੇਖੀ, ਸਾਰੇ ਪੰਨੇ ਅਫ਼ਸੋਸ, ਸੋਗ ਅਤੇ ਰਿੰਝ ਚੁੱਕੇ ਵਿਯੋਗ ਨਾਲ ਭਰੇ ਪਏ ਸਨ। ਪਹਿਲਾਂ ਬੀਬੀ ਦਲੀਪ ਕੌਰ ਟਿਵਾਣਾ ਤੇ ਮਗਰ ਜਸਵੰਤ ਸਿੰਘ ਕੰਵਲ। ਇੰਝ ਲੱਗਾ ਘਰ ਦੀ ਛੱਤ ਡਿੱਗ ਪਈ ਹੈ। ਆਪਣਾ ਮੋਇਆ ਪਿਓ ਫਰਵਰੀ 11, 2005 ਯਾਦ ਆ ਗਿਆ। ਇਹ ਸਿਵੇ ਠੰਢੇ ਕਿਉਂ ਨਹੀਂ ਹੁੰਦੇ। ਮਾਂ ਮੁੱਕੀ ਨੂੰ ਅਜੇ ਛੇ ਮਹੀਨੇ ਨਹੀਂ ਹੋਏ। ਸਮੇਂ ਸਮੇਂ ਤੇ ਸੁਣੀਆਂ ਜਾਂਦੀਆਂ ਜਵਾਨੀ ਦੀਆਂ ਮੌਤਾਂ ਨੂੰ ਠੱਲ ਕਿਉਂ ਨਹੀਂ ਪੈਂਦੀ। ਅਮਰੀਕਾ ਦੇ ਨੌਜਵਾਨ 41 ਸਾਲਾ ਬਾਸਕਟਬਾਲ ਖਿਡਾਰੀ ਦੀ ਹੋਈ ਥੋੜੇ ਦਿਨ ਪਹਿਲਾਂ ਮੌਤ ਨੇ ਹਰ ਘਰ ਬਨੇਰੇ ਤੇ ਉਸ ਦੀ ਤਸਵੀਰ ਜੜਾ ਦਿੱਤੀ ਹੈ।

ਜਸਵੰਤ ਸਿੰਘ ਕੰਵਲ ਦੁਨੀਆ ਤੋਂ ਤੁਰ ਗਿਆ, ਸਦਾ ਲਈ ਰੁਖਸਤ ਹੋ ਗਿਆ। ਯਾਦਾਂ ਦੇ ਝਰੋਖੇ ਵਿਚ ਇਹ ਗੱਲ ਸਿਮਟੀ ਹੈ, ਬਹੁਤ ਵਾਰ ਜਦ ਉਸ ਦੇ ਘਰ ਮੇਰੀ ਫੇਰੀ ਪਈ ਹੈ, ਉਸ ਨੇ ਆਖਣਾ ਮੌਤ ਮੈਨੂੰ ਦੂਰੋਂ ਆਉਂਦੀ ਦਿਖਾਈ ਦਿੰਦੀ ਹੈ, ਇਹ ਅੱਜ ਵੀ ਆਈ ਤੇ ਕੱਲ ਵੀ ਆਈ। ਪਰ ਜਦ ਉਸ ਆਪਣਾ 100ਵਾਂ ਜਨਮ ਦਿਨ ਮਨਾਇਆ,ਲੱਗਾ ਪੰਜਾਬ ਦਾ ਇਹ ਪੁੱਤਰ ਅਜੇ ਕੁਝ ਚਿਰ ਹੋਰ ਸਾਡੇ ਨਾਲ ਵਗੇਗਾ। ਪਰ ਹੋਣ ਅਟੱਲ ਹੈ। ਪੰਜਾਬੀ ਸਾਹਿਤ ਦਾ ਸਰੂ ਦੇ ਕੱਦ ਵਰਗਾ ਠੰਡਾ ਬਰਦਾਰ ਲੇਖਕ ਜਸਵੰਤ ਸਿੰਘ ਹੁਣ ਪਰੀ ਕਹਾਣੀਆਂ ਵਾਂਗ ਕਿਤਾਬਾਂ ਤੇ ਆਧੁਨਿਕ ਸਮੇਂ ਦੇ ਸੰਚਾਰ ਸਾਧਨਾਂ, ਯੂ ਟਿਊਬ ਤੇ ਹੀ ਮਿਲਿਆ ਕਰੇਗਾ। ਉਸ ਦੇ ਪਿੰਡ ਨੂੰ ਜਾਂਦਾ ਰਾਹ ਹੁਣ ਧੂੜ ਭਰਿਆ ਲੱਗੇਗਾ, ਜਦ ਉਹ ਆਪਣੇ ਪਿਆਰਿਆਂ ਨੂੰ ਬਾਹਰਲੇ ਘਰ ਬੈਠਿਆ ਨਹੀਂ ਮਿਲੇਗਾ। ਪੰਜਾਬੀਆਂ ਨੂੰ ਲਗਭਗ 100 ਤੋਂ ਜ਼ਿਆਦਾ ਵਿਧਾਵਾਂ ਵਾਲੀਆਂ ਪੁਸਤਕਾਂ ਕੰਵਲ ਨੇ ਪੜਨ ਨੂੰ ਦਿੱਤੀਆਂ। ਉਸ ਦੀਆਂ ਚਰਚਿਤ ਪੁਸਤਕਾਂ ਤਾਂ ਸਿਰਫ਼ ਨਾਵਲ ਹੀ ਹਨ, ਬਾਕੀ ਪੁਸਤਕਾਂ ਜੇ ਪੜਨੀਆਂ ਹੋਣ ਤਾਂ ਪਾਠਕ ਕੋਲ ਸਾਹਿਤਿਕ ਸੂਝ ਹੋਣੀ ਜ਼ਰੂਰੀ ਹੈ। ਇਹ ਕਿਤਾਬਾਂ ਸਮਾਂ ਤੇ ਧਿਆਨ ਮੰਗਦੀਆਂ ਹਨ। ਰਾਜਨੀਤਕ ਹਲਕਿਆਂ ਵਿਚ ਸਮੇਂ ਸਮੇਂ ਤੇ ਛਪੇ ਸਿਆਸੀ ਫੀਚਰ ਅਤੇ ਖੁੱਲੀਆਂ ਚਿੱਠੀਆਂ, ਸਰਕਾਰਾਂ ਨੂੰ ਹਲੂਣੇ ਤੇ ਥਪੇੜੇ ਦੇਣ ਵਰਗੀਆਂ ਹਨ, ਜਿਨਾਂ ਨੂੰ ਉਸ ਨੇ ਆਪਣੀ ਕਲਮ ਦੇ ਜ਼ੋਰ ਨਾਲ ਲਿਖਿਆ ਸੀ। ਕੰਵਲ ਇਕ ਬੇਹੱਦ ਸੰਜੀਦਾ ਤੇ ਜ਼ਹੀਨ ਤੇ ਬਾਰੀਕ ਸੋਚ ਵਾਲਾ ਸ਼ਖਸ ਸੀ। ਉਹ ਦੂਰਅੰਦੇਸ਼ ਤੇ ਭਵਿੱਖ ਮੁਖੀ ਸੀ ਤਾਂ ਹੀ ਤਾਂ ਉਸ ਨੂੰ ਆਪਣੇ ਤਜ਼ਰਬੇ ਤੇ ਦੇਸ਼ ਵਿਦੇਸ਼ਾਂ ਦੇ ਦੌਰਿਆਂ ਤੋਂ ਬਾਅਦ ਜਦ ਉਹ ਵਾਪਸ ਆਪਣੇ ਪਿੰਡ ਮੁੜਦਾ ਤੇ ਪੰਜਾਬ ਆਉਂਦਾ ਸੀ, ਉਸ ਨੂੰ ਭਵਿੱਖ ਵਿਚ ਪਿਆ ਇਕ ਖਲਾਅ ਦਿਖਦਾ ਸੀ। ਉਸ ਨੂੰ ਪ੍ਰਤੱਖ ਦਿਸਦਾ ਸੀ ਕਿ ਪੰਜਾਬ ਹੁਣ ਬਹੁਤਾ ਚਿਰ ਨਹੀਂ ਬਚੇਗਾ, ਤਾਂ ਹੀ ਉਸ ਨੇ ਉਦੋਂ ਤੋਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ, ਜਾਗੋ-ਜਾਗੋ, ਪੰਜਾਬ ਬਰਫ਼ ਦੀ ਡਲੀ ਵਾਂਗ ਖੁਰ ਰਿਹਾ ਹੈ, ਇਸ ਨੂੰ ਬਚਾਉਣ ਲਈ ਕੁਝ ਕਰੋ। ਉਸ ਨੇ ਸਮੇਂ ਸਮੇਂ ਤੇ ਸਰਕਾਰ ਨੂੰ ਖੁੱਲੇ ਖੱਤ ਲਿਖ ਕੇ ਇਹ ਨਹੀਂ ਕਿ ਉਸ ਨੇ ਸਮੱਸਿਆਵਾਂ ਲਿਖੀਆਂ, ਉਸ ਨੇ ਹੱਲ ਵੀ ਦੱਸੇ ਸਨ, ਇੰਜ ਕਰੋ, ਇੰਜ ਕਰੋ, ਇੰਜ ਕਰੋ, ਪਰ ਅਫ਼ਸੋਸ ਕਿਸੇ ਮੌਕੇ ਦੀ ਸਰਕਾਰ ਨੇ ਉਸ ਦੀ ਇਕ ਨਾ ਸੁਣੀ। ਸੰਨ 1998 ਵਿਚ ਜਦੋਂ ਮੈਂ ਆਪਣੀ ਐਮ.ਏ. ਕਰ ਰਹੀ ਸੀ, ਮੈਨੂੰ ਯਾਦ ਹੈ ਕਿ ਅਸੀਂ ਕੁਝ ਵਿਦਿਆਰਥੀ ਸਾਥੀ ਉਸ ਦੇ ਪਿੰਡ ਢੁੱਡੀਕੇ ਉਸ ਦੇ ਪੁਰਾਣੇ ਘਰ ਬੈਠੇ ਸੀ, ਮੇਰੇ ਚੇਤੇ ਵਿਚ ਇਹ ਗੱਲ ਹੈ, ਜਦ ਉਸ ਨੇ ਨਿਮਨਲਿਖਤ ਸਤਰਾਂ ਸਾਨੂੰ ਕਹੀਆਂ ਸਨ, 'ਪੰਜਾਬ ਬਰਫ਼ ਦੀ ਡਲੀ ਵਾਂਗ ਖੁਰ ਰਿਹਾ ਹੈ, ਮੈਨੂੰ ਨਹੀਂ ਲਗਦਾ ਇਹ ਬਹੁਤਾ ਚਿਰ ਬਚੇਗਾ, ਉਦੋਂ ਬਰਫ਼ ਦੀ ਡਲੀ ਵਾਂਗ ਪੰਜਾਬ ਦਾ ਖੁਰਨਾ ਸ਼ਬਦ ਦੀ ਸੂਝ ਸ਼ਾਇਦ ਮੈਨੂੰ ਵੀ ਨਹੀਂ ਸੀ, ਪਰ ਹੁਣ ਪ੍ਰਤੱਖ ਹੋ ਗਿਆ ਹੈ। ਕੰਵਲ ਅਗਾਂਹ ਬੋਲਦਾ ਗਿਆ, ਉਸ ਨੇ ਦੱਸਿਆ ਕਿ (1998) ਪੰਜਾਬ ਦੀ ਜਵਾਨੀ ਨਸ਼ਿਆਂ ਤੇ ਬਚਦੀ ਖੁਚਦੀ ਬਾਹਰ ਨੂੰ ਜਾ ਰਹੀ ਹੈ। ਧਰਤੀ ਹੇਠਲਾ ਪੀਣਯੋਗ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਕੰਵਲ ਨੇ ਦੱਸਿਆ ਕਿ ਉਸ ਨੇ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਨੇਕਾਂ ਵਾਰ ਕਿਹਾ ਕਿ ਪੰਜਾਬ ਵਿਚ ਤਿੰਨ ਝੀਲਾਂ ਬਣਵਾਦੇ, ਜਿਸ ਵਿਚ ਮੀਂਹ ਦਾ ਪਾਣੀ ਸਾਂਭਿਆ ਜਾ ਸਕੇ, ਹੋਰ ਨਹੀਂ ਤਾਂ ਚਲੋ ਪੰਜਾਬ ਕੋਲ ਪਾਣੀ ਹੀ ਬਚਿਆ ਰਹਿ ਜਾਵੇਗਾ। ਇਕ ਵਾਰ ਮਾਹਿਲਪੁਰ ਪ੍ਰਵਾਸੀ ਮਜ਼ਦੂਰਾਂ ਦੇ ਬਾਰੇ ਸੰਮੇਲਨ ਤੇ ਬੋਲਦਿਆਂ ਕੰਵਲ ਨੇ ਕਿਹਾ ਸੀ, ਇਨਾਂ ਲੀਡਰਾਂ ਨੂੰ ਕੋਈ ਖਾਰੇ ਪਾਣੀ ਵਿਚ ਸੁੱਟ ਆਵੇ, ਇਨਾਂ ਪੰਜਾਬ ਦਾ ਬੇੜਾ ਬਿਠਾਲਣ ਵਿਚ ਕੋਈ ਕਸਰ ਨਹੀਂ ਛੱਡੀ।

20 ਸਾਲ ਪਹਿਲਾਂ ਕੀਤੀਆਂ ਕੰਵਲ ਦੀਆਂ ਗੱਲਾਂ ਤੇ ਸਮੇਂ ਸਮੇਂ ਤੇ ਹੋਈਆਂ ਉਸ ਨਾਲ ਪਰਿਵਾਰਕ ਤੇ ਸਾਹਿਤਕ ਮਿਲਣੀਆਂ ਵਿਚ ਕੰਵਲ ਹਰ ਵਾਰ ਪੰਜਾਬ ਲਈ ਦੁਹੱਥੜ ਮਾਰ ਪਿੱਟਦਾ ਮੈਂ ਆਪ ਅੱਖੀਂ ਵੇਖਿਆ ਹੈ। ਉਸ ਨੂੰ ਪੰਜਾਬ ਦਾ ਫਿਕਰ ਦਿਨ ਰਾਤ ਸੀ, ਉਸ ਨੇ ਸਾਨੂੰ ਜਗਾਉਣ ਲਈ ਤੇ ਪੰਜਾਬ ਦੇ ਹਾਲਾਤਾਂ ਤੇ ਬਹੁਤੀਆਂ ਨਹੀਂ ਤਾਂ ਪੰਜ ਛੇ ਪੁਸਤਕਾਂ ਲਿਖੀਆਂ ਹਨ, ਪਰ ਅਫ਼ਸੋਸ ਅਸੀਂ ਕਿਸੀ ਨੇ ਪੜੀਆਂ ਨਹੀਂ, ਇਥੋਂ ਤੱਕ ਕਿ ਖਰੀਦੀਆਂ ਵੀ ਨਹੀਂ। ਪੰਜਾਬੀਓ ਜੀਣਾ ਹੈ ਕਿ ਮਰਨਾ, 2008 ਤੇ ਪੰਜਾਬ ਦਾ ਸੱਚ ਉਸ ਦੇ ਦੁੱਖ ਦਾ ਵੇਗ ਹੈ। 1999 ਵਿਚ ਛਪੀ ਉਸ ਦੀ ਪੁਸਤਕ ਖੂਨ ਦੇ ਸੋਹਿਲੇ ਮਾਣੀਅਹਿ ਨਾਨਕ ਭਾਗ ਪਹਿਲਾ ਤੇ ਦੂਜਾ, ਇਹ ਉਹ ਪੁਸਤਕ ਹੈ ਜੇ ਅਸੀਂ ਪੜ ਲਹੀਏ ਜੋ ਸਾਡੇ ਰਾਜਨੀਤਕ ਪਰਿਪੇਖ ਦੇ ਭੂਤ, ਭਵਿੱਖ ਅਤੇ ਵਰਤਮਾਨ ਦੀ ਤਰਜਮਾਨੀ ਕਰਦੀ ਹੈ। ਸੂਖਮ ਸੂਝ ਪੜ ਕੇ ਦੁੱਖ ਵੀ ਵਿਅਕਤ ਕਰਦੀ ਹੈ ਅਤੇ ਹਾਅ ਦਾ ਨਾਹਰਾ ਵੀ ਮਾਰਦੀ ਹੈ ਤੇ ਹੋਣੀ ਨੂੰ ਸਵੀਕਾਰ ਕਰਨ ਦੀ ਹਿੰਮਤ ਦੇਂਦੀ ਹੈ।

ਜਸਵੰਤ ਸਿੰਘ ਕੰਵਲ ਹੋਕਾ ਦੇ ਕੇ ਤੁਰ ਗਿਆ। ਹਰ ਸੰਮੇਲਨ, ਹਰ ਚਾਰ ਬੰਦਿਆਂ ਦੇ ਬੈਠੇ ਇਕੱਠ ਵਿਚ ਉਸ ਨੇ ਪੁੱਛਾਂ ਦੇਣ ਵਾਲੇ ਬਾਬੇ ਵਾਂਗ, ਪੰਜਾਬ ਦਾ ਭਵਿੱਖ ਰੋ ਰੋ ਦੱਸਿਆ, ਉਚੀ ਉੱਚੀ ਬੋਲ ਬੋਲ ਦੱਸਿਆ। ਪਰ ਅਫ਼ਸੋਸ ਕਿਸੇ ਨਹੀਂ ਸੁਣਿਆ, ਕਿਸੇ ਨੇ ਮੰਨਿਆ ਨਹੀਂ। ਉਸ ਮੁਤਾਬਕ ਪੰਜਾਬੀ ਮਰਨਾ ਤਾਂ ਜਾਣਦੇ ਹਨ ਪਰ ਜੀਣਾ ਨਹੀਂ। ਤਾਂ ਹੀ ਪੰਜਾਬ ਨੂੰ ਏਨੀਆਂ ਅਲਾਮਤਾਂ ਨੇ ਘੇਰ ਲਿਆ ਹੈ, ਨਸ਼ਾ, ਬੇਰੁਜ਼ਗਾਰੀ, ਲੀਡਰਸ਼ਿਪ ਦੀ ਘਾਟ, ਪੰਜਾਬ ਦਾ ਪੌਣ ਪਾਣੀ ਖਤਮ, ਹਰ ਘਰ ਬਿਮਾਰੀ ਤੇ ਮੌਤ ਨਾਲ ਜਕੜਿਆ ਪਿਆ, ਮਹਿੰਗਾਈ ਸਰਕਾਰਾਂ ਦੀ ਅਣਗਹਿਲੀ ਤੇ ਦੁਸ਼ਟ ਨੀਤੀਆਂ ਪੰਜਾਬ ਨੂੰ ਖੋਖਲਾ ਬਣਾ ਗਈਆਂ ਹਨ। ਕੋਈ ਪੰਜਾਬ ਵਿਚ ਰਹਿਣਾ ਨਹੀਂ ਚਾਹੁੰਦਾ। ਕੰਵਲ ਪੰਜਾਬ ਤੇ ਕਬਜ਼ਾ ਕਰੀ ਬੈਠੇ ਬਾਬਾਵਾਦ ਤੇ ਡੇਰਾਵਾਦ ਦੇ ਸਖ਼ਤ ਵਿਰੁਧ ਸੀ। ਰਾਜਨੀਤਕ ਪਾਰਟੀਆਂ ਦਾ ਵੋਟ ਬੈਂਕ ਉਨਾਂ ਨੂੰ ਹੋਰ ਪ੍ਰਫੁੱਲਤ ਕਰ ਰਿਹਾ ਹੈ।

ਚੰਗਾ ਬਾਪੂ ਜੀ ਤੁਹਾਨੂੰ ਆਖਰੀ ਅਲਵਿਦਾ, ਚੰਗਾ ਹੋਇਆ ਸੀ ਕਿ ਮੈਂ ਤੁਹਾਨੂੰ 2019 ਮਾਰਚ ਵਿਚ ਮਿਲ ਆਈ ਸੀ। ਨਹੀਂ ਤਾਂ ਮਨ ਵਿਚ ਤੁਹਾਨੂੰ ਨਾ ਮਿਲਣੇ ਦਾ ਰੰਜ ਰਹਿ ਜਾਣਾ ਸੀ। ਕਦੀ ਕਦੀ ਕੰਵਲ ਨਾਲ ਗੱਲਾਂ ਕਰਦਿਆਂ ਮਨ ਵਿਚ ਜੋਸ਼ ਭਰ ਆਉਣਾ ਅਤੇ ਆਪਣੇ ਆਪ ਨੂੰ ਲੱਗਣਾ ਕਿ ਮੈਂ ਵੀ ਪੰਜਾਬ ਦੀ ਫਿਕਰ ਸਲਾਮਤੀ ਲਈ ਬਾਪੂ ਵਾਂਗ ਲਿਖਣਾ ਪੜਨਾ ਹੈ, ਪੰਜਾਬ ਨੂੰ ਬਚਾਉਣ ਲਈ ਹੰਭਲਾ ਮਾਰਨਾ ਹੈ, ਪਰ ਲਗਦਾ ਹੈ ਦੁਨੀਆਂ ਦੇ ਤੇ ਜਿੰਦੜੀ ਦੇ ਝਮੇਲਿਆਂ ਨੇ ਫਿਕਰਾਂ ਜੋਗੇ ਹੀ ਰਹਿਣ ਦੇਣਾ ਹੈ।

ਜਸਵੰਤ ਸਿੰਘ ਕੰਵਲ ਖੂਬਸੂਰਤ ਸ਼ਖਸੀਅਤ ਸੀ। ਪਿਆਰ ਸਤਿਕਾਰ ਤੇ ਖੁਸ਼ਬੂ ਨਾਲ ਜਰਖੇਜ਼ ਇਨਸਾਨ। ਮੈਨੂੰ ਯਾਦ ਹੈ ਪਿਛਲੇ ਦਸ ਬਾਰਾਂ ਕੁ ਸਾਲਾਂ ਦੌਰਾਨ ਮੈਂ ਉਸ ਨੂੰ ਜਿੰਨੀ ਕੁ ਵਾਰ ਵੀ ਮਿਲੀ ਹੋਵਾਂਗੀ, ਉਸ ਦੇ ਮੂੰਹੋਂ ਅਸੀਸਾਂ ਦੀ ਲੜੀ ਤੇ ਪਿਆਰ ਦੀ ਛਹਿਬਰ ਹੀ ਮਿਲੀ ਹੈ। ਉਸ ਕਹਿਣਾ, ਖੂਬ ਜੀਓ, ਖੂਬ ਜੀਓ, ਖੂਬ ਜੀਓ, ਰੱਜਵਾਂ ਜੀਓ, ਭਰਪੂਰ ਜੀਓ, ਲੰਬੀਆਂ ਉਮਰਾਂ ਮਾਣੋ ਤੇ ਹੋਰ ਉਸ ਦੇ ਅਨੇਕਾਂ ਅਸੀਸਾਂ ਵਾਲੇ ਅਹਿਸਾਸ, ਸਿਰ ਤੇ ਹੱਥ ਰੱਖਣਾ ਜੋ ਸਿਰਫ਼ ਮੈਂ ਮਹਿਸੂਸ ਕਰ ਸਕਦੀ ਹਾਂ। ਇਹ ਪਿਆਰ ਮੁਹੱਬਤ ਤੇ ਸਤਿਕਾਰ ਦਾ ਵੇਗ ਕਦੀ ਕਿਸੇ ਕਾਗਜ਼ ਕਲਮ ਦੇ ਹਿੱਸੇ ਨਹੀਂ ਆਇਆ।

ਪੰਜਾਬੀਅਤ ਦਾ ਬਾਪੂ ਤੁਰ ਗਿਆ, ਉਹ ਹਰ ਪਲ, ਹਰ ਘੜੀ ਯਾਦ ਆਵੇਗਾ। ਸਾਹਿਤ ਦਾ ਸਿਰਮੌਰ ਖਿਡਾਰੀ ਆਪਣੀ ਵਾਰੀ ਤੇ ਸੈਂਚੁਰੀ ਪੂਰੀ ਕਰਕੇ ਆਪਣੇ ਰਾਹੇ ਪੈ ਗਿਆ। ਮਿੱਤਰਾਂ, ਪਿਆਰਿਆਂ ਤੇ ਪੰਜਾਬੀਆਂ ਦੀ ਬਾਣੀ ਸਦਾ ਦਿਲਾਂ ਵਿਚ ਜਗਦਾ ਵਸਦਾ ਤੇ ਧੜਕਦਾ ਰਹੇਗਾ। ਪੂਰਾ ਸ਼ੱਕ ਤੇ ਯਕੀਨ ਹੈ ਕਿ ਹਰ ਪੰਜਾਬੀ ਪੜਨੇ ਲਿਖਣੇ ਬੋਲਣੇ ਤੇ ਸਾਹਿਤਕ ਸੂਝ ਵਾਲੇ ਗਿਆਨੀ ਪੁਰਸ਼ ਨੇ ਉਸ ਦੀ ਮੌਤ ਤੇ ਹਾਅ ਦਾ ਨਾਹਰਾ ਜ਼ਰੂਰ ਮਾਰਿਆ ਹੋਵੇਗਾ। ਇਹ ਕਹਿੰਦਿਆਂ ਲਿਖਣਾ ਖਤਮ ਕਰਦੀ ਹਾਂ ਕਿ ਮਾਪੇ ਤੈਨੂੰ ਘੱਟ ਰੋਣਗੇ, ਬਹੁਤ ਰੋਣਗੇ ਦਿਲਾਂ ਦੇ ਜਾਨੀ।

---

# ਫ਼ਿਕਰ ਤੋਂ ਫ਼ਖ਼ਰ ਤੱਕ ਦੀ ਯਾਤਰਾ



- ਡਾ. ਗੁਰਮਿੰਦਰ ਸਿੱਧੂ

ਉਨੀਵੇਂ ਵਰ੍ਹੇ ਵਿੱਚ ਪੱਬ ਧਰਦਿਆਂ ਹੀ ਮੇਰੇ ਬੇਟੇ ਰਿਸ਼ਮ ਨੇ ਨਵਾਂ ਕਾਈਨੈਟਿਕ ਹਾਂਡਾ ਲਿਆ ਤਾਂ ਉਹਨੂੰ ਮੋਹਾਲੀ ਤੋਂ ਲੁਧਿਆਣੇ ਮਾਸੀ ਦੇ ਘਰ ਜਾਣ ਦਾ ਚਾਅ ਚੜ੍ਹ ਗਿਆ। ਅੱਤਵਾਦ ਦੀਆਂ ਕਹਿਰਵਾਨ ਵਾਰਦਾਤਾਂ ਤੇ ਸੜਕ-ਹਾਦਸਿਆਂ ਤੋਂ ਖ਼ੌਫ਼ਜ਼ਦਾ ਅਸੀਂ ਬਥੇਰਾ ਹੋੜਦੇ ਰਹੇ, ਪਰ ਉਹਦੇ ਚਾਅ ਦੇ ਹੜ੍ਹ ਨੂੰ ਕੋਈ ਵੱਟ-ਬੰਨਾ ਨਾ ਰੋਕ ਸਕਿਆ। ਆਖਿਰ ਉਤਲੇ ਜਿਹੇ ਮਨੋਂ ਆਗਿਆ ਦੇਣੀ ਹੀ ਪਈ। ਚੜ੍ਹਦੀ ਜਵਾਨੀ, ਮੂੰਹਜ਼ੋਰ ਜੋਸ਼, ਜੋ ਠਾਣ ਲਿਆ ਕਰ ਕੇ ਹੀ ਰਹਿਣਾ, ਪਤਾ ਨਹੀਂ ਰਾਤੀਂ ਰਿਸ਼ਮ ਸੁੱਤਾ ਵੀ ਕਿ ਨਾ, ਸਾਝਰੇ ਹੀ ਉੱਠ ਖੜੋਤਾ। ਸਵੇਰੇ ਛੇ ਵਜੇ ਸੂਟ-ਬੂਟ ਕੱਸ ਕੇ ਆ ਗਿਆ।

ਕੁਝ ਖਾ-ਪੀ ਤਾਂ ਜਾ ...' ਮੇਰੇ ਵਾਰ ਵਾਰ ਇਸਰਾਰ ਕਰਨ ਉੱਤੇ ਦੁੱਧ ਦਾ ਗਲਾਸ ਗਟਕਦਾ ਹੋਇਆ ਰਿਸ਼ਮ ਬੋਲਿਆ, ਪਰੌਂਠੇ ਤਾਂ ਹੁਣ ਮਾਸੀ ਦੇ ਹੀ ਖਾਊਂਗਾ ...'

ਵਿਹੜੇ ਵਿੱਚੋਂ ਹੀ ਸਕੂਟਰ ਉੱਤੇ ਲੱਤ ਦਿੱਤੀ ਤੇ ਪਲਾਂ ਵਿੱਚ ਅੱਖੋਂ ਓਹਲੇ। ਪਰਮਾਤਮਾ ਅੱਗੇ ਉਹਦੀ ਖ਼ੈਰ-ਸੁੱਖ ਦੀ ਜੋਦੜੀ ਕਰਦਿਆਂ ਕਮਰੇ ਵਿੱਚ ਆਈ ਤੇ ਆਪਣੀ ਭੈਣ ਪਰਮਿੰਦਰ ਨੂੰ ਫੋਨ ਡਾਇਲ ਕਰ ਦਿੱਤਾ, ਆਉਂਦੇ ਤੇਰਾ ਭਾਣਜਾ ਉੱਡਿਆ ਨਵੇਂ ਸਕੂਟਰ 'ਤੇ, ਉਹਦੇ ਉੱਪੜਦੇ ਈ ਖ਼ਬਰ ਕਰ ਦਈਂ ...'

ਗਿਆਰਾਂ ਕੁ ਵਜੇ ਤੱਕ ਬੇਟੇ ਦਾ ਫੋਨ ਨਾ ਆਇਆ ਤਾਂ ਪਰੇਸ਼ਾਨੀਆਂ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ।

ਕਿਉਂ ਟੈਂਸ਼ਨ ਕਰੀ ਜਾਨੀ ਐਂ? ਲੱਗਿਆ ਹੋਊ ਮਾਸੀ ਨਾਲ ਜੱਕੜ ਮਾਰਨ ਡਿਹਾ। ਥੋੜਾ ਸਬਰ ਰੱਖਿਆ ਕਰ।' ਮੇਰਾ ਜੀਵਨ ਸਾਥੀ ਡਾ. ਬਲਦੇਵ ਇੱਕ ਕੁਰਸੀ ਉੱਤੇ ਚੜ੍ਹ ਕੇ ਬੋਗਨਵਿਲੇ ਦੀਆਂ ਡਾਲੀਆਂ ਥਾਂ-ਸਿਰ ਕਰਦਾ ਬੋਲਿਆ।

ਦੋ ਕੁ ਵਜੇ ਘੰਟੀ ਖੜਕੀ, ਛੋਟੀ ਭੈਣ ਦੀ ਬੁਝੀ ਬੁਝੀ ਜਿਹੀ 'ਵਾਜ ਆਈ, ਭੈਣ ਜੀ! ਅਜੇ ਤੱਕ ਨਹੀਂ ਆਇਆ ਰਿਸ਼ਮ, ਮੈਂ ਤਾਂ ਤਿੰਨ ਵਾਰ ਚੌਂਕ ਤੱਕ ਵੀ ਗੇੜਾ ਲਾ ਆਈ ਆਂ।'

ਜਾਹ ਜਾਂਦੀਏ! ਕਿਤੇ ਉਹੀ ਗੱਲ ਨਾ ਹੋਵੇ! ਮੇਰੀ ਦੇਹ ਜਿਵੇਂ ਮਿੱਟੀ ਹੋ ਕੇ ਕਿਰ ਗਈ। ਕੰਨ ਸਾਂ-ਸਾਂ ਕਰਨ ਲੱਗੇ।

ਫਿਕਰ ਦੀਏ ਪੰਡੇ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ, ਰਾਹ ਵਿੱਚ ਕਿਸੇ ਦੋਸਤ ਦੇ ਰੁਕ ਗਿਆ ਹੋਣੈ।' ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ ਉੱਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ।

ਪਰ ਹੁਣ ਤਾਂ ਅੱਠ ਘੰਟੇ ਹੋ 'ਗੇ ਗਏ ਨੂੰ, ਹੁਣ ਤੱਕ ਤਾਂ ਪਹੁੰਚਣਾ ਚਾਹੀਦਾ ਸੀ।'

ਵਾਹਿਗੁਰੂ ਉੱਤੇ ਭਰੋਸਾ ਰੱਖ, ਕੁਛ ਨਹੀਂ ਹੁੰਦਾ ਤੇਰੇ ਪੁੱਤ ਨੂੰ।'

ਪਰ ਬੋਲ ਬਲਦੇਵ ਦੇ ਵੀ ਭਰੜਾਏ ਹੋਏ ਸਨ।

ਸੈੱਲ ਫੋਨ ਤਾਂ ਉਦੋਂ ਹੁੰਦੇ ਹੀ ਨਹੀਂ ਸਨ, ਜੋ ਸਿੱਧਾ ਰਿਸ਼ਮ ਨੂੰ ਮਿਲਾ ਲੈਂਦੇ। ਬੈਠੇ ਪਾਠ ਕਰਦੇ ਰਹੇ। ਬਲਦੇਵ ਰਿਸ਼ਮ ਦੇ ਦੋਸਤਾਂ ਦੇ ਘਰੀਂ ਜਾ ਆਇਆ, ਮੈਂ ਗੁਰਦੁਆਰੇ ਹੋ ਆਈ। ਅਸੀਂ ਤੇ ਮੇਰੀ ਭੈਣ-ਜੀਜੇ ਨੇ ਏਧਰੋਂ ਉੱਧਰੋਂ ਇਸ ਸੜਕ ਉੱਤੇ ਹੋਏ ਕਿਸੇ ਐਕਸੀਡੈਂਟ ਬਾਰੇ ਵੀ ਪਤਾ ਕੀਤਾ, ਪਰ ਕੋਈ ਉੱਘ-ਸੁੱਘ ਨਾ ਮਿਲੀ।

ਮੈਨੂੰ ਮੁੜ ਮੁੜ ਕੇ ਉਹ ਕੁਲੱਛਣੀ ਘੜੀ ਯਾਦ ਆ ਰਹੀ ਸੀ, ਜਦੋਂ ਸੀ.ਆਰ.ਪੀ. ਵਾਲੇ ਉਹਨੂੰ ਕਾਫ਼ੀ ਦੂਰ ਤੱਕ ਘੜੀਸਦੇ ਹੋਏ ਸੜਕ ਦੇ ਦੂਜੇ ਪਾਸੇ ਖੜ੍ਹੇ ਆਪਣੇ ਅਫ਼ਸਰ ਕੋਲ ਲੈ ਗਏ ਸਨ। ਵਿਸ਼ੇਸ਼ ਵਰਦੀ-ਹੁਕਮ ਲਾਗੂ ਹੋਣ ਕਰਕੇ ਉਹ ਕੇਸਰੀ ਪਗੜੀ ਬੰਨੀ ਸਾਈਕਲ ਉੱਤੇ ਆਪਣੇ ਸਕੂਲ ਜਾ ਰਿਹਾ ਸੀ ਕਿ ਅਗਲਿਆਂ ਨੂੰ ਕੋਈ ਸ਼ੱਕ ਹੋ ਗਿਆ। ਉਸ ਘੜੀ ਉਹਦੇ ਬਸਤੇ ਵਿੱਚੋਂ ਨਿਕਲਿਆ ਸ਼੍ਰੇਣੀ +1 ਦਾ ਸਕੂਲੀ ਪਛਾਣ-ਕਾਰਡ ਹੀ ਉਹਨੂੰ ਬਚਾ ਸਕਿਆ ਸੀ। ਉਹਨੀਂ ਦਿਨੀਂ ਚੰਗੇਰੀ ਵਿੱਦਿਆ ਹਾਸਿਲ ਕਰਨ ਲਈ ਰਿਸ਼ਮ ਕਿਸੇ ਜਮਾਤੀ ਨਾਲ ਚੰਡੀਗੜ੍ਹ ਕਿਰਾਏ ਦੇ ਚੁਬਾਰੇ ਵਿੱਚ ਰਹਿੰਦਾ ਸੀ। ਸਗਲੀਆਂ ਬਿਰਤੀਆਂ ਨੂੰ ਚੌਕੰਨਾ ਕਰਦੀ ਇਸ ਹਿਰਦੇਵੇਧਕ ਘਟਨਾ ਦੀ ਸੋਅ ਮਿਲੀ ਤਾਂ ਅਸੀਂ ਤਾਬੜਤੋੜ ਰਾਜਪੁਰੇ ਵਾਲੇ ਮਕਾਨ ਨੂੰ ਜਿੰਦਾ ਲਾ ਕੇ ਮੋਹਾਲੀ ਆ ਟਿਕੇ ਸਾਂ ਤੇ ਮੁੰਡੇ ਨੂੰ ਆਪਣੇ ਖੰਭਾਂ ਹੇਠ ਲੁਕੋ ਲਿਆ ਸੀ। ਫਿਰ ਜਦੋਂ ਤੱਕ ਮੇਰੀ ਤਬਦੀਲੀ ਮੋਹਾਲੀ ਨੇੜਲੀ ਡਿਸਪੈਂਸਰੀ ਵਿੱਚ ਨਹੀਂ ਹੋ ਗਈ, ਮੈਂ ਰੋਜ਼ ਦੋ-ਤਿੰਨ ਬੱਸਾਂ ਬਦਲ ਕੇ ਰਾਜਪੁਰੇ ਸਿਵਲ ਹਸਪਤਾਲ ਪਹੁੰਚਦੀ ਸਾਂ। ਬਲਦੇਵ ਦੀ ਡਿਸਪੈਂਸਰੀ ਵਾਲਾ ਪੰਧ ਵੀ ਲੰਮੇਰਾ ਹੋ ਗਿਆ ਸੀ।

ਫਿਰ ਉਹ ਵਾਕਿਆ ਦਿਮਾਗ ਵਿੱਚ ਖ਼ਲਲ ਪਾਉਣ ਲੱਗਿਆ ਜਦੋਂ ਮੈਂ ਉਹਨੂੰ ਇੱਕ ਰਾਤ ਤੰਦੂਰ ਉੱਤੇ ਰੋਟੀਆਂ ਲੁਆਉਣ ਭੇਜ ਬੈਠੀ ਸਾਂ ਤੇ ਰਾਹ ਵਿੱਚ ਦੋਹ ਸਿੰਘਾਂ ਨੇ ਉਹਨੂੰ ਪੰਥ ਦੇ ਭਲੇ ਖ਼ਾਤਿਰ ਆਪਣੇ ਨਾਲ ਰਲਣ ਲਈ ਜ਼ੋਰ ਦਿੱਤਾ ਸੀ। ਉਹ 'ਕੋਈ ਨਾ, ਸਲਾਹ ਕਰੂੰਗਾ' ਦਾ ਬਹਾਨਾ ਲਾ ਕੇ ਤੇ ਉਹਨਾਂ ਨੂੰ ਘਚਾਨੀ ਜਿਹੀ ਦੇ ਕੇ ਪੁੱਠੇ ਰਸਤਿਓਂ ਘਰ ਆ ਗਿਆ ਸੀ।

ਹੇ ਸਰਬਸ਼ਕਤੀਮਾਨ! ਸੁੱਖ ਰੱਖੀਂ! ਤੂੰ ਹੀ ਬਖਸ਼ਿਐ, ਹੁਣ ਉਹਦਾ ਵਾਲ ਵਿੰਗਾ ਨਾ ਹੋਣ ਦੇਵੀਂ।' ਮੇਰੇ ਕੋਲ ਇਸ ਅਰਦਾਸ ਤੋਂ ਸਿਵਾ ਕਰਨ ਲਈ ਹੋਰ ਕੁਝ ਵੀ ਨਹੀਂ ਸੀ। ਜਿਸ ਕੇ ਸਿਰ ਊਪਰ ਤੂੰ ਸੁਆਮੀ ...' ਦੀ ਟੇਪ ਲਾ ਕੇ ਮੈਂ ਆਪਣੇ ਡੁੱਬਦੇ ਦਿਲ ਨੂੰ ਠੁੰਮਣਾ ਦੇ ਰਹੀ ਸਾਂ।

ਉਹਦੇ ਦੋਸਤ ਤੇ ਕੁਝ ਹੋਰ ਹਮਦਰਦ ਸਾਡੇ ਘਰ ਆ ਕੇ ਬੈਠ ਗਏ। ਹਰ ਕੋਈ ਆਪੋ-ਆਪਣੀ ਸਲਾਹ ਦਿੰਦਾ। ਨੇੜੇ-ਤੇੜੇ ਦੇ ਹਸਪਤਾਲਾਂ ਵਿੱਚ ਫੋਨ ਕੀਤੇ, ਮੈਂ ਕਦੇ ਅੰਦਰ ਜਾਂਦੀ ਕਦੇ ਬਾਹਰ, ਸੋਚਣ-ਸ਼ਕਤੀ ਬਿਲਕੁਲ ਹੀ ਜਵਾਬ ਦੇ ਗਈ ਸੀ। ਉਹਨੀਂ ਦਿਨੀਂ ਪੁਲੀਸ ਤੱਕ ਪਹੁੰਚ ਕਰਨੀ ਕਿਸੇ ਮੁਸੀਬਤ ਨੂੰ ਸੱਦਾ ਦੇਣ ਵਰਗੀ ਗਲਤੀ ਸੀ।

ਸ਼ਾਮੀਂ ਸੱਤ ਕੁ ਵਜੇ ਮੇਰੀ ਭੈਣ ਟੱਲੀ ਵਾਂਗ ਟਣਕੀ, ਲੈ ਪਹੁੰਚ ਗਿਆ ਹੈ ਤੇ ਇਸੇ ਤੋਂ ਸੁਣ ਇਹਦੀ ਹੱਡਬੀਤੀ ...'

ਮੈਂ ਜਿਵੇਂ ਕਿਸੇ ਸੁਨਾਮੀ ਦੀਆਂ ਛੱਲਾਂ ਵਿੱਚੋਂ ਕੰਢੇ ਉੱਤੇ ਆ ਲੱਗੀ, ਬਲਦੇਵ ਦੀਆਂ ਅੱਖਾਂ ਵਿੱਚ ਡੱਕੇ ਹੰਝੂ ਗੱਲਾਂ ਉੱਤੇ ਉੱਤਰ ਆਏ। ਅੱਗੋਂ ਰਿਸ਼ਮ ਦੇ ਮਾਣ-ਮੱਤੇ ਬੋਲ ਸਨ, ਮੰਮੀ! ਮੈਂ ਤਾਂ ਬੜੇ ਮਜ਼ੇ ਨਾਲ ਸਕੂਟਰ ਉੱਤੇ ਫਰਾਟੇ ਮਾਰਦਾ ਜਾ ਰਿਹਾ ਸੀ, ਮੋਰਿੰਡੇ ਤੋਂ ਥੋੜਾ ਪਹਿਲਾਂ ਪਿਸ਼ਾਬ ਦੀ ਹਾਜਤ ਹੋਈ, ਕਾਈਨੈਟਿਕ ਸੜਕ ਕਿਨਾਰੇ ਖੜ੍ਹਾ ਕਰਕੇ ਮੈਂ ਪਰਾਂ ਝਾੜੀਆਂ ਵੱਲ ਚਲਿਆ ਗਿਆ। ਮੱਧਮ ਜਿਹੀ ਹੂੰਅ ... ਹੂੰਅ ਸੁਣ ਰਹੀ ਸੀ, ਉੱਥੇ ਜਾ ਕੇ ਦੇਖਿਆ ਤਾਂ ਡਿੱਗੇ ਹੋਏ ਮੋਟਰਸਾਈਕਲ ਕੋਲ ਇੱਕ ਬੰਦਾ ਕਰਾਹ ਰਿਹਾ ਸੀ ... ਜ਼ਖ਼ਮੀ ...'

ਅੱਛਾ ...? ...ਫੇਰ? ਬਲਦੇਵ ਨੂੰ ਕੰਨ ਨੇੜੇ ਕਰਕੇ ਸੁਣਨ ਦੀ ਕੋਸ਼ਿਸ਼ ਕਰਦੇ ਦੇਖ ਮੈਂ ਫੋਨ ਨੂੰ ਸਪੀਕਰ ਉੱਤੇ ਲਾ ਲਿਆ।

ਬਾਕੀ ਸਫ਼ਾ 32 'ਤੇ

# ਗੁਰਦੁਆਰਾ ਮੰਜੀ ਸਾਹਿਬ ਆਲਮਗੀਰ

**- ਕਰਨੈਲ ਸਿੰਘ**

ਗੁਰਦੁਆਰਾ ਮੰਜੀ ਸਾਹਿਬ ਆਲਮਗੀਰ, ਲੁਧਿਆਣਾ-ਮਾਲੇਰਕੋਟਲਾ ਰੋਡ 'ਤੇ ਸ਼ਹਿਰ ਤੋਂ ਤਕਰੀਬਨ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰੇਲ ਗੱਡੀ ਰਾਹੀਂ ਇਹ ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਰੇਲਵੇ ਸਟੇਸ਼ਨ ਗਿੱਲ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੱਖਣ ਵੱਲ ਹੈ।

ਗੁਰਦੁਆਰਾ ਆਲਮਗੀਰ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਸਾਹਿਬ ਮਾਛੀਵਾੜੇ ਤੋਂ ਤਲਵੰਡੀ ਸਾਬੋ ਨੂੰ ਜਾਂਦਿਆਂ ਉੱਚ ਦੇ ਪੀਰ ਦੇ ਰੂਪ ਵਿਚ ਪਲੰਘ 'ਤੇ ਸਵਾਰ ਹੋ ਕੇ 14 ਪੋਹ ਸੰਮਤ 1761 ਬਿਕਰਮੀ ਸੰਨ 1704 ਈ. ਨੂੰ ਇਸ ਸਥਾਨ 'ਤੇ ਪੁੱਜੇ। ਇਹ ਨਗਰ 17ਵੀਂ ਸਦੀ ਦੇ ਦੂਜੇ ਅੱਧ ਵਿਚ ਵਸਣਾ ਸ਼ੁਰੂ ਹੋਇਆ ਸੀ। ਇਕ ਦਿਨ ਪਿੰਡ ਧਾਂਦਰਾ ਦੇ ਚੌਧਰੀ ਦੀ ਧੀ ਦਾ ਮੁਕਲਾਵਾ ਜਾ ਰਿਹਾ ਸੀ। ਉਸੇ ਦਿਨ ਲੁਧਿਆਣੇ ਦਾ ਨਵਾਬ ਵੀ ਅਚਾਨਕ ਉਧਰੋਂ ਲੰਘ ਰਿਹਾ ਸੀ। ਉਸ ਦੇ ਅਹਿਲਕਾਰਾਂ ਨੇ ਉਸ ਨੂੰ ਦੱਸਿਆ ਕਿ ਧਾਂਦਰਾ ਦੇ ਚੌਧਰੀ ਦੀ ਧੀ, ਜੋ ਬਹੁਤ ਖੂਬਸੂਰਤ ਹੈ, ਉਹ ਅੱਜ ਮੁਕਲਾਵੇ ਜਾ ਰਹੀ ਹੈ। ਇਹ ਸੁਣ ਕੇ ਨਵਾਬ ਨੇ ਉਸ ਲੜਕੀ ਨੂੰ ਚੁੱਕ ਕੇ ਲਿਆਉਣ ਦਾ ਹੁਕਮ ਦਿੱਤਾ। ਪਿੰਡ ਦੇ ਲੋਕਾਂ ਨੇ ਨਵਾਬ ਦੇ ਸਿਪਾਹੀਆਂ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਿਪਾਹੀ ਲੜਕੀ ਨੂੰ ਜਬਰੀ ਚੁੱਕ ਕੇ ਲੈ ਗਏ। ਉਨੀਂ ਦਿਨੀਂ ਬਾਦਸ਼ਾਹ ਔਰੰਗਜ਼ੇਬ ਵੀ ਇਧਰੋਂ ਲੰਘ ਰਿਹਾ ਸੀ। ਇਲਾਕੇ ਦੇ ਲੋਕ ਇਕੱਠੇ ਹੋ ਕੇ ਇਸ ਦੇ ਕੈਂਪ ਜਾ ਫਰਿਆਦੀ ਹੋਏ। ਬਾਦਸ਼ਾਹ ਔਰੰਗਜ਼ੇਬ ਨੇ ਉਸ ਸਮੇਂ ਅਹਿਦੀਏ ਨੂੰ ਭੇਜ ਕੇ ਨਵਾਬ ਨੂੰ ਤਲਬ ਕਰ ਲਿਆ। ਨਵਾਬ ਬਾਦਸ਼ਾਹ ਅੱਗੇ ਪੇਸ਼ ਹੋਇਆ ਤੇ ਉਸ ਨੂੰ ਲੜਕੀ ਨੂੰ ਜ਼ਬਰਦਸਤੀ ਚੁੱਕ ਕੇ ਲਿਜਾਣਾ ਮੰਨ ਲਿਆ। ਬਾਦਸ਼ਾਹ ਨੇ ਉਸੇ ਵੇਲੇ ਆਪਣੀ ਤਲਵਾਰ ਨਾਲ ਉਸ ਦਾ ਸਿਰ ਲਾਹ ਦਿੱਤਾ ਤੇ ਲੜਕੀ ਨੂੰ ਉਸ ਦੇ ਵਾਰਸਾਂ ਦੇ ਹਵਾਲੇ ਕਰ ਦਿੱਤਾ। ਲੋਕਾਂ ਨੇ ਅਕੀਦਤ ਵਜੋਂ ਇਸ ਇਲਾਕੇ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਦੇ ਪਿਛੋਕੜ ਵਿਚ 'ਆਲਮਗੀਰ' ਦਾ ਨਾਂ ਦੇ ਦਿੱਤਾ।

ਮਹਾਨ ਕੋਸ਼ ਕਰਤਾ ਭਾਈ ਕਾਨ ਸਿੰਘ ਨਾਭਾ ਅਨੁਸਾਰ ਆਲਮਗੀਰ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੁਨੀਆਂ ਨੂੰ ਕਾਬੂ ਰੱਖਣ ਵਾਲਾ, ਜਗਤ ਜਿੱਤਣ ਵਾਲਾ, ਔਰੰਗਜ਼ੇਬ ਦਾ ਇਕ ਖਿਤਾਬ। ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ, "ਆਲਮਗੀਰ ਅਹੈਂ ਤੂੰ ਏਕ।"

ਗੁਰੂ ਗੋਬਿੰਦ ਸਿੰਘ ਜੀ ਦੇ ਆਲਮਗੀਰ ਦਰਸ਼ਨ ਦੇਣ ਦੀ ਤਵਾਰੀਖ ਬਾਰੇ ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਵਿਚ ਜ਼ਿਕਰ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਲੱਲ, ਕੁੱਬਾ, ਕਟਾਣਾ, ਰਾਮਪੁਰ ਤੋਂ ਹੁੰਦੇ ਹੋਏ ਕਨੇਚ ਗਏ ਤੇ ਉੱਥੋਂ ਆਲਮਗੀਰ ਆਏ। ਆਲਮਗੀਰ ਪਿੰਡ ਦੇ ਘੋੜਿਆਂ ਦੇ ਵਪਾਰੀ ਭਾਈ ਨਗਾਹੀਆ ਸਿੰਘ ਨੇ ਗੁਰੂ ਜੀ ਨੂੰ ਘੋੜਾ ਭੇਟ ਕੀਤਾ। ਗੁਰੂ ਜੀ ਨੇ ਨਬੀ ਖਾਂ ਤੇ ਗਨੀ ਖਾਂ ਨੂੰ ਪਲੰਘ ਦੇ ਕੇ ਵਾਪਸ ਭੇਜ ਦਿੱਤਾ। ਆਪ ਨੇ ਗੋਹੇ ਚੁਗਦੀ ਮਾਈ ਨੂੰ ਪੁੱਛਿਆ, "ਮਾਈ ਜੀ! ਇੱਥੇ ਕਿਤੇ ਇਸ਼ਨਾਨ ਕਰਨ ਨੂੰ ਜਲ ਮਿਲ ਸਕਦਾ ਹੈ" ਤਾਂ ਮਾਈ ਨੇ ਕਿਹਾ, "ਪੀਰ ਜੀ! ਇਹ ਥੇਹ ਦੀ ਧਰਤੀ ਹੈ, ਇੱਥੇ ਜਲ ਨਹੀਂ ਹੈ। ਦੂਰ ਇਕ ਖੂਹ ਹੈ ਪਰ ਉੱਥੇ ਇਕ ਬਹੁਤ ਵੱਡੀ ਸਰਾਲ ਰਹਿੰਦੀ ਹੈ, ਉਥੇ ਕੋਈ ਨਹੀਂ ਜਾ ਸਕਦਾ। ਗੁਰੂ ਜੀ ਨੇ ਤੀਰ ਮਾਰ ਕੇ ਸਰਾਲ ਦੀ ਮੁਕਤੀ ਕੀਤੀ ਤੇ ਉਹ ਖੂਹ ਵਿਚ ਡਿੱਗ ਪਈ।" ਸਿੱਖ ਪਾਣੀ ਲੈਣ ਗਏ ਤਾਂ ਪਾਣੀ ਖਰਾਬ ਸੀ। ਇਸੇ ਕਰਕੇ ਜਿੱਥੇ ਗੁਰੂ ਜੀ ਆਪ ਬੈਠੇ ਸਨ, ਨੇੜੇ ਜਿਹੇ ਇਕ ਹੋਰ ਤੀਰ ਮਾਰਿਆ ਤਾਂ ਧਰਤੀ ਦੀ ਹਿੱਕ 'ਚੋਂ ਪਵਿੱਤਰ ਜਲ ਦਾ ਸੋਮਾ ਫੁੱਟ ਪਿਆ ਤਾਂ ਸਿੱਖਾਂ ਨੇ ਇਸ਼ਨਾਨ ਕੀਤਾ। ਬਾਅਦ ਵਿਚ ਇੱਥੇ ਹੀ ਸਰੋਵਰ ਤਿਆਰ ਕੀਤਾ ਗਿਆ, ਜੋ 'ਤੀਰਸਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇੱਥੋਂ ਦੇ ਇਕ ਸਿੱਖ ਭਾਈ ਕੀਰਤ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਉਸ ਸਮੇਂ ਖੰਡੇ ਦੀ ਪਾਹੁਲ ਹਾਸਲ ਕੀਤੀ, ਜਦੋਂ ਉਨ੍ਹਾਂ 1699 ਈ. ਨੂੰ ਖਾਲਸਾ ਪ੍ਰਗਟ ਕਰਕੇ ਖੰਡੇ ਦੀ ਪਾਹੁਲ ਸ਼ੁਰੂ ਹੀ ਕੀਤੀ ਸੀ। ਭਾਈ ਦਇਆ ਸਿੰਘ ਤੇ ਉਸ ਦੇ ਤਿੰਨ ਸਾਥੀ ਪਹਿਲਾਂ ਹੀ ਕੀਰਤ ਸਿੰਘ ਕੋਲ ਰਾਤ ਕੱਟ ਕੇ ਅੱਗੇ ਜਾ ਚੁੱਕੇ ਸਨ ਤੇ ਉਸ ਨੂੰ ਸਮਝਾ ਗਏ ਸਨ ਕਿ ਉਹ ਉੱਚ ਦੇ ਪੀਰ ਨੂੰ ਮੱਥਾ ਟੇਕਣ ਨਾ ਜਾਵੇ। ਜੇ ਗੁਰੂ ਜੀ ਆਪ ਬੁਲਾਉਣ ਤਾਂ ਬੇਸ਼ੱਕ ਚਲਾ ਜਾਵੇ। ਆਲਮਗੀਰ ਵਿਚ 'ਉੱਚ ਦੇ ਪੀਰ' ਦਾ ਆਉਣਾ ਸੁਣ ਕੇ ਸਭ ਮਾਈ-ਭਾਈ ਉਨ੍ਹਾਂ ਨੂੰ ਨਮਸਕਾਰ ਕਰਨ ਆਏ। ਜਦੋਂ ਸਾਰੇ ਦਰਸ਼ਨ ਕਰਕੇ ਚਲੇ ਗਏ ਤਾਂ ਗੁਰੂ ਸਾਹਿਬ ਨੇ ਇਕ ਮੁਰੀਦ ਨੂੰ ਭੇਜ ਕੇ ਭਾਈ ਕੀਰਤ ਸਿੰਘ ਨੂੰ ਬੁਲਾਇਆ, ਉਹ ਪਰਿਵਾਰ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ। ਉਸ ਨੇ ਗੁਰੂ ਸਾਹਿਬ ਅਤੇ ਪੰਜ ਮੁਰੀਦਾਂ ਨੂੰ ਦੁੱਧ ਛਕਾਇਆ। ਗੁਰੂ ਸਾਹਿਬ ਦੇ ਦਰਸ਼ਨ ਕਰਨ ਮਗਰੋਂ ਉਦਾਸੀ ਜ਼ਾਹਿਰ ਕਰਨ ਲੱਗਾ। ਗੁਰੂ ਸਾਹਿਬਾਂ ਉਸ ਨੂੰ ਧੀਰਜ ਦਿੱਤਾ ਤੇ ਅਕਾਲ ਪੁਰਖ ਦੇ ਭਾਣੇ ਵਿਚ ਰਹਿਣ ਵਾਸਤੇ ਆਖਿਆ।

ਗੁਰਦੁਆਰਾ ਮੰਜੀ ਸਾਹਿਬ ਵਾਲੀ ਇਮਾਰਤ ਦੇ ਹੇਠਾਂ ਇਕ ਭੋਰਾ ਬਣਿਆ ਹੋਇਆ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜ ਮੁਰੀਦਾਂ ਨਾਲ 'ਉੱਚ ਦੇ ਪੀਰ' ਦੇ ਰੂਪ ਵਿਚ ਆਲਮਗੀਰ ਪੁੱਜੇ ਸਨ ਤਾਂ ਉਨ੍ਹਾਂ ਦਾ ਪਲੰਘ ਸਭ ਤੋਂ ਪਹਿਲਾਂ ਇਸੇ ਥਾਂ 'ਤੇ ਰੱਖਿਆ ਗਿਆ ਸੀ। ਹੁਣ ਵੀ ਇਸ ਭੋਰੇ ਵਿਚ ਇਕ ਖੂਬਸੂਰਤ ਪਲੰਘ ਰੱਖਿਆ ਹੋਇਆ ਹੈ, ਜਿਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਗੁਰੂਘਰ ਦੇ ਨਿਕਟਵਰਤੀ ਭਾਈ ਨਾਨੂੰ ਸਿੰਘ ਨੇ ਸਭ ਤੋਂ ਪਹਿਲਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਉਨ੍ਹਾਂ ਦੀ ਯਾਦਗਾਰ ਨੂੰ ਵੀ ਸੋਹਣੇ ਤਰੀਕੇ ਨਾਲ ਸਜਾਇਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਨ੍ਹਾਂ ਨੂੰ ਦੱਖਣ ਤੋਂ ਭੇਜਿਆ ਸੀ, ਇਹ ਥਾਂ ਬਾਬਾ ਜੀ ਦਾ ਤਪ ਅਸਥਾਨ ਹੈ ਅਤੇ ਇੱਥੇ ਹੀ ਸਮਾਏ ਸਨ। ਇਸ ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਇਹ ਥਾਂ ਗੁਰਦੁਆਰਾ ਮੰਜੀ ਸਾਹਿਬ ਤੋਂ ਉੱਤਰ ਵੱਲ ਹੈ। ਇਸ ਦੇ ਨਾਲ ਹੀ ਕੁਝ ਕੁ ਫਰਲਾਂਗ 'ਤੇ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਅਸਥਾਨ ਹੈ।

ਜਦੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਥਾਂ 'ਤੇ ਤੀਰ ਮਾਰ ਕੇ ਸੋਮਾ ਪ੍ਰਗਟ ਕੀਤਾ ਤਾਂ ਇਹ ਕੌਤਕ ਦੇਖ ਕੇ ਮਾਈ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਈ ਤੇ ਕਹਿਣ ਲੱਗੀ, "ਪੀਰ ਜੀ! ਤੁਸੀਂ ਤਾਂ ਕਮਾਲ ਦੇ ਪੀਰ ਹੋ।" ਮੇਰੀ ਇਕ ਅਰਜ਼ ਹੈ ਮੈਨੂੰ ਕੋਹੜ ਹੈ, ਮੈਂ ਅਨੇਕਾਂ ਪਾਸੋਂ ਇਲਾਜ ਕਰਵਾਇਆ ਪਰ ਠੀਕ ਨਹੀਂ ਹੋਇਆ। ਆਪ ਇਸ ਦਾ ਇਲਾਜ ਕਰੋ ਅਤੇ ਮੇਰਾ ਰੋਗ ਦੂਰ ਕਰੋ। ਗੁਰੂ ਜੀ ਨੇ ਕਿਹਾ, "ਮਾਤਾ ਜੀ! ਇਸ ਸੋਮੇ ਵਿਚ ਜੋ ਵੀ ਸ਼ਰਧਾ ਨਾਲ ਇਸ਼ਨਾਨ ਕਰੇਗਾ, ਉਸ ਦੇ ਦੁੱਖ-ਦਲਿੱਦਰ ਵਾਹਿਗੁਰੂ ਆਪ ਦੂਰ ਕਰੇਗਾ।" ਗੁਰੂ ਜੀ ਨੇ ਇੱਥੇ ਨੀਲੇ ਬਸਤਰ ਉਤਾਰ ਕੇ ਤਿੰਨ ਦਿਨ ਵਿਸ਼ਰਾਮ ਕੀਤਾ ਤੇ ਬੇਅੰਤ ਸੰਗਤਾਂ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ। ਗੁਰੂ ਜੀ ਨੇ ਭਾਈ ਨਗਾਹੀਆ ਸਿੰਘ ਦੇ ਦਿੱਤੇ ਘੋੜੇ 'ਤੇ ਚੜ੍ਹ ਕੇ ਰਾਏਕੋਟ ਵੱਲ ਚਾਲੇ ਗਏ। ਮਾਈ ਨੇ ਉਸ ਸੋਮੇ ਵਿਚ ਇਸ਼ਨਾਨ ਕੀਤਾ ਤੇ ਬਿਲਕੁਲ ਠੀਕ ਹੋ ਗਈ। ਪਿੰਡ ਜਾ ਕੇ ਸਾਰੀ ਵਿਥਿਆ ਸੁਣਾਈ। ਜਿਸ ਥਾਂ 'ਤੇ ਗੁਰੂ ਜੀ ਦਾ ਮੰਜਾ ਭਾਈ ਗਨੀ ਖਾਂ ਤੇ ਨਬੀ ਖਾਂ ਨੇ ਰੱਖਿਆ ਸੀ, ਉਸ ਥਾਂ 'ਤੇ ਅੱਜ ਸੁੰਦਰ ਛੇ ਮੰਜ਼ਿਲਾ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ ਜਿਸ ਉਪਰ ਸੋਨੇ ਦਾ ਕਲਸ ਚਮਕ ਰਿਹਾ ਹੈ।

ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਦੇ ਮੁੱਖ ਦੁਆਰ 'ਤੇ ਲਿਖਿਆ ਹੈ, "ਸਤਿਨਾਮੁ ਵਾਹਿਗੁਰੂ ਦਰਸ਼ਨੀ ਡਿਓਢੀ 'ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰੂ ਚੇਲਾ'' ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਿਓਂ ਮੰਜੇ 'ਤੇ ਸਵਾਰ ਆਏ, ਐਥੇ ਮਨੀ ਸਿੰਘ ਤੇ ਨਗਾਹੀਆ ਨੇ ਘੋੜਾ ਦਿੱਤਾ।"

ਗੁਰਦੁਆਰਾ ਮੰਜੀ ਸਾਹਿਬ ਅੰਦਰ ਪ੍ਰਵੇਸ਼ ਕਰਦਿਆਂ ਖੱਬੇ ਹੱਥ ਗੁਰਮਤਿ ਲਿਟਰੇਚਰ ਹਾਊਸ, ਗਠੜੀ ਘਰ, ਜੋੜਾ ਘਰ ਤੇ ਪੀਣ ਦਾ ਪਾਣੀ ਹੈ। ਸੱਜੇ ਹੱਥ ਦਫਤਰ, ਕੰਟੀਨ, ਗੁਰੂ ਅਮਰਦਾਸ ਫਰੀ ਡਿਸਪੈਂਸਰੀ, ਲਾਇਬਰੇਰੀ ਤੇ ਯੂਕੋ ਬੈਂਕ ਹੈ।

ਗੁਰਦੁਆਰਾ ਆਲਮਗੀਰ ਵਿਚ ਮੰਜੀ ਸਾਹਿਬ ਦੇ ਬਿਲਕੁਲ ਸਾਹਮਣੇ ਇਕ ਵੱਡਾ ਤੇ ਖੂਬਸੂਰਤ ਹਾਲ ਬਣਿਆ ਹੋਇਆ ਹੈ, ਜਿਸ ਦੀ ਲੰਬਾਈ ਤੇ ਚੌੜਾਈ 127 ਫੁੱਟ ਹੈ। ਇਸ ਦੀਵਾਨ ਅਸਥਾਨ ਬਿਲਕੁਲ ਸਾਊਂਡ ਪਰੂਫ ਹੈ। ਇਸ ਹਾਲ ਵਿਚ ਤਕਰੀਬਨ 10 ਹਜ਼ਾਰ ਸੰਗਤਾਂ ਬੈਠ ਸਕਦੀਆਂ ਹਨ।

ਗੁਰਦੁਆਰਾ ਸਾਹਿਬ ਵਿਖੇ 151 ਫੁੱਟ ਉੱਚਾ ਨਿਸ਼ਾਨ ਸਾਹਿਬ ਦਿਲਾਂ ਨੂੰ ਧੂਹ ਪਾਉਂਦਾ ਹੈ। ਯਾਤਰੂਆਂ ਦੇ ਆਰਾਮ ਵਾਸਤੇ ਕਲਗੀਧਰ ਨਿਵਾਸ ਬਣਿਆ ਹੋਇਆ ਹੈ। ਇਸ ਦੇ ਕਮਰੇ ਖੁੱਲ੍ਹੇ ਤੇ ਹਵਾਦਾਰ ਹਨ। ਯਾਤਰੂਆਂ ਦੇ ਦਵਾ-ਦਾਰੂ ਲਈ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਮਰਦਾਸ ਫਰੀ ਡਿਸਪੈਂਸਰੀ ਵੀ ਕਾਇਮ ਹੈ। ਇਸ ਵਿਚ ਉੱਘੇ ਡਾਕਟਰ ਮਰੀਜ਼ਾਂ ਦਾ ਮੁਫਤ ਇਲਾਜ ਕਰਦੇ ਹਨ ਤੇ ਦਵਾਈਆਂ ਵੀ ਮੁਫਤ ਦਿੰਦੇ ਹਨ।

# ਫ਼ਿਰੋਜ਼ਪੁਰ ਰੇਡ 'ਚ ਭਾਈ ਰਣਧੀਰ ਸਿੰਘ ਦੇ ਜਥੇ ਦੀ ਭੂਮਿਕਾ

**- ਮਲਵਿੰਦਰਜੀਤ ਸਿੰਘ ਵੜੈਚ**

ਪਿਛੋਕੜ: ਅਮਰੀਕਾ-ਕੈਨੇਡਾ ਤੋਂ ਪਰਤੇ ਕੁਝ ਚੋਟੀ ਦੇ ਗ਼ਦਰੀ ਆਗੂ ਜਿਵੇਂ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਉਪ ਪ੍ਰਧਾਨ ਬਾਬਾ ਸ਼ੇਰ ਸਿੰਘ ਵੇਈਂ ਪੋਈ ਜਹਾਜ਼ੋਂ ਉਤਰਦਿਆਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ; ਇਸ ਖ਼ਲਾਅ ਦੀ ਪੂਰਤੀ ਲਈ ਵਿਸ਼ਨੂੰ ਗਣੇਸ਼ ਪਿੰਗਲੇ, ਲਾਲਾ ਰਾਮਸਰਨ ਦਾਸ ਤਲਵਾੜ ਅਤੇ ਕਰਤਾਰ ਸਿੰਘ ਸਰਾਭਾ ਦੇ ਉੱਦਮ ਨਾਲ ਬੰਗਾਲੀ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਨੂੰ ਪਾਰਟੀ ਦੀ ਕਮਾਂਡ ਸੌਂਪ ਦਿੱਤੀ ਗਈ ਸੀ। ਬੋਸ ਆਪਣੇ ਨੇੜਲੇ ਸਾਥੀ ਸੁਚਿੰਦਰ ਨਾਥ ਸਾਨਿਆਲ ਨਾਲ ਪਾਰਟੀ ਦੇ ਅੰਮ੍ਰਿਤਸਰ ਅੱਡੇ 'ਤੇ ਪਹੁੰਚਿਆ ਤਾਂ ਉਸ ਨੇ ਅਨੁਭਵ ਕੀਤਾ ਕਿ ਇੱਥੇ ਨਿਰੋਲ ਪੰਜਾਬੀ ਵਸੋਂ ਹੋਣ ਕਰਕੇ ਉਸ ਦੀ ਸ਼ਨਾਖ਼ਤ ਹੋ ਜਾਵੇਗੀ। ਇਸ ਲਈ ਉਸ ਨੇ ਪਾਰਟੀ ਅੱਡਾ ਲਾਹੌਰ ਲੈ ਕੇ ਜਾਣ ਲਈ ਕਿਹਾ ਜਿੱਥੇ ਬਹੁਤ ਸਾਰੇ ਬੰਗਾਲੀ ਰਹਿੰਦੇ ਸਨ। ਲਾਹੌਰ ਵਿੱਚ ਵੀ ਪਾਰਟੀ ਨੇ ਤਿੰਨ-ਚਾਰ ਮਕਾਨ ਕਿਰਾਏ 'ਤੇ ਲਏ ਸਨ ਤਾਂ ਕਿ ਬੋਸ ਦੇ ਠਿਕਾਣੇ ਬਦਲੇ ਜਾਂਦੇ ਰਹਿਣ। ਉੱਧਰ, ਗ੍ਰਿਫ਼ਤਾਰੀਆਂ ਤੋਂ ਬਚੇ ਗ਼ਦਰੀਆਂ ਨੇ ਮਿੱਥੀ ਸਕੀਮ ਮੁਤਾਬਕ ਫ਼ੌਜਾਂ, ਆਮ ਜਨਤਾ ਅਤੇ ਵਿਦਿਆਰਥੀਆਂ ਵਿੱਚ ਗ਼ਦਰੀ ਸਾਹਿਤ ਤੇ ਨਿੱਜੀ ਸੰਪਰਕਾਂ ਰਾਹੀਂ ਗ਼ਦਰ ਦਾ ਪ੍ਰਚਾਰ, ਗੋਲੀ ਗੱਟੇ ਦਾ ਪ੍ਰਬੰਧ ਜਿਹੇ ਸਾਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਦਿਨ-ਰਾਤ ਇੱਕ ਕੀਤਾ ਹੋਇਆ ਸੀ। ਅਦਾਲਤੀ ਰਿਕਾਰਡ ਅਨੁਸਾਰ ਸੂਹੀਏ ਕਿਰਪਾਲ ਸਿੰਘ ਨੇ 14 ਫਰਵਰੀ ਵਾਲੇ ਦਿਨ ਪੁਲੀਸ ਨੂੰ ਇਤਲਾਹ ਭੇਜੀ ਕਿ 21 ਫਰਵਰੀ ਵਾਲੇ ਦਿਨ ਗ਼ਦਰੀ ਵਿਦਰੋਹ ਕਰ ਰਹੇ ਹਨ, ਜੋ ਕਿ ਦਰੁਸਤ ਸੀ ਤੇ ਇਸ ਤਰੀਕ ਨੂੰ ਸਾਰੀਆਂ ਥਾਵਾਂ 'ਤੇ ਰਾਤ ਦੇ ਬਾਰਾਂ ਵਜੇ 'ਗ਼ਦਰ' ਕਰਨਾ ਨਿਸ਼ਚਿਤ ਕੀਤਾ ਗਿਆ ਸੀ ਤੇ ਥਾਂ-ਪੁਰ-ਥਾਂ ਇਸ ਦੀ ਸੂਚਨਾ ਪਹੁੰਚਾ ਦਿੱਤੀ ਗਈ ਸੀ। ਇਸ ਦੌਰਾਨ ਗ਼ਦਰੀ ਆਗੂਆਂ ਨੂੰ ਕਿਰਪਾਲ ਸਿੰਘ ਦੀ ਕਰਤੂਤ ਦਾ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਗ਼ਦਰ ਦੀ ਤਰੀਕ ਦੋ ਦਿਨ ਅਗਾਊਂ ਭਾਵ 19 ਫਰਵਰੀ ਕਰ ਦਿੱਤੀ ਤੇ ਕਿਰਪਾਲ ਸਿੰਘ ਨੂੰ ਮਾਰ-ਮੁਕਾਉਣ ਦਾ ਫ਼ੈਸਲਾ ਲੈ ਲਿਆ। ਕਿਰਪਾਲ ਸਿੰਘ ਨੂੰ ਇਸ ਦੀ ਭਿਣਕ ਲੱਗ ਗਈ ਅਤੇ ਉਸ ਨੇ 19 ਫਰਵਰੀ ਨੂੰ ਸਵੇਰੇ ਪਾਰਟੀ ਦੇ ਅੱਡਿਆਂ 'ਤੇ ਛਾਪੇ ਮਰਵਾ ਦਿੱਤੇ। ਇਸ ਦੇ ਸਿੱਟੇ ਵਜੋਂ ਕਈ ਉੱਘੇ ਗ਼ਦਰੀ ਗ੍ਰਿਫ਼ਤਾਰ ਕਰ ਲਏ ਗਏ। ਰਾਸ ਬਿਹਾਰੀ ਬਚ ਨਿਕਲਣ ਵਿੱਚ ਸਫ਼ਲ ਹੋ ਗਿਆ। ਗ਼ਦਰੀਆਂ ਨੇ ਕਾਫ਼ੀ ਪਹਿਲਾਂ ਤੋਂ ਹੀ ਭਾਈ ਰਣਧੀਰ ਸਿੰਘ ਦਾ ਸਹਿਯੋਗ ਪ੍ਰਾਪਤ ਕੀਤਾ ਹੋਇਆ ਸੀ। ਭਾਈ ਰਣਧੀਰ ਸਿੰਘ ਦੇ ਜਥੇ ਵਿੱਚ ਸ਼ਾਮਲ ਬਾਬਾ ਹਰਭਜਨ ਸਿੰਘ ਅਨੁਸਾਰ, "(ਸ਼ਹੀਦ) ਕਰਤਾਰ ਸਿੰਘ ਸਰਾਭਾ ਨੇ 17 ਫਰਵਰੀ ਨੂੰ ਭਾਈ ਸਾਹਿਬ ਨੂੰ ਉਨ੍ਹਾਂ ਦੇ ਜਥੇ ਨਾਲ ਢੰਡਾਰੀ ਵੱਲ ਨੂੰ ਜਾਂਦਿਆਂ ਗਿੱਲ ਪਿੰਡ ਤੋਂ ਨਿਕਲਦਿਆਂ ਨਵੀਂ ਤਰੀਕ ਬਾਰੇ ਦੱਸ ਦਿੱਤਾ ਸੀ ਤੇ ਸਭ ਕੁਝ ਤੈਅ ਕਰ ਲਿਆ ਸੀ। ਸ਼ਾਮੀਂ ਢੰਡਾਰੀ ਪਹੁੰਚਣ 'ਤੇ ਭਾਈ ਰਣਧੀਰ ਸਿੰਘ ਨੇ 19 ਤਰੀਕ ਵਾਲੇ ਦਿਨ ਫ਼ਿਰੋਜ਼ਪੁਰ ਛਾਉਣੀ ਦੇ ਵਿਦਰੋਹ ਦਾ ਮਤਾ ਪੇਸ਼ ਕੀਤਾ, ਜਿਸ 'ਤੇ ਇੱਕ ਸੰਗੀ ਨੇ ਉਜਰ ਕੀਤਾ ਕਿ "ਖ਼ਾਲਸੇ ਨੂੰ ਰਾਜ ਕਾਜ ਨਾਲ ਕੀ?" ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉੱਥੇ ਰਾਜ ਸਾਂਭਣ ਨਹੀਂ ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖ਼ਤਮ ਕਰਨ ਲਈ ਜਾਣਾ ਹੈ, ਜਿਸ ਨੇ ਸਾਡੇ ਗੁਰਧਾਮ ਰਕਾਬ ਗੰਜ ਦੀ ਕੰਧ ਢਾਹੀ ਸੀ। ਇਹ ਸੁਣ ਕੇ ਕਿਸੇ ਨੇ ਵਿਰੋਧ ਨਹੀਂ ਕੀਤਾ ਅਤੇ ਫ਼ਿਰੋਜ਼ਪੁਰ ਜਾਣ ਦਾ ਮਤਾ ਪਾਸ ਹੋ ਗਿਆ। ਸਭ ਨੂੰ 19 ਤਰੀਕ ਨੂੰ ਨਾਰੰਗਵਾਲ ਜਾਣ ਦੀ ਹਦਾਇਤ ਹੋ ਗਈ।"



"ਫ਼ੇਰ ਅਸੀਂ ਮੁੱਲਾਂਪੁਰ ਤੋਂ ਗੱਡੀ ਫੜ ਕੇ ਫ਼ਿਰੋਜ਼ਪੁਰ ਛਾਉਣੀ ਦੇ ਸਟੇਸ਼ਨ 'ਤੇ ਜਾ ਉੱਤਰੇ ਜਿੱਥੇ ਕਰਤਾਰ ਸਿੰਘ ਸਰਾਭਾ ਪਹਿਲਾਂ ਹੀ ਖੜ੍ਹਾ ਸੀ। ਸਾਡਾ ਜਥਾ ਜੋ ਕਿ ਚਾਲੀ-ਪੰਜਾਹ ਦੀ ਗਿਣਤੀ ਵਿੱਚ ਸੀ, ਤੁਰ ਪਿਆ। ਕਰਤਾਰ ਸਿੰਘ ਸਰਾਭਾ ਮੂਹਰੇ ਤੇ ਜਥਾ ਮਗਰ ਤੁਰੀ ਗਿਆ। ਛਾਉਣੀ ਵਿੱਚ ਗੋਰਿਆਂ ਦੀਆਂ ਬੈਰਕਾਂ ਵਿੱਚੋਂ ਲੰਘ ਕੇ ਸਾਰੇ ਗ਼ਦਰੀ ਚਾਂਦਮਰੀ ਦੇ ਨੇੜੇ ਇਕੱਠੇ ਹੋਏ ਗ਼ਦਰੀਆਂ ਵਿੱਚ ਜਾ ਰਲੇ। ਕਰਤਾਰ ਸਿੰਘ ਸਰਾਭਾ ਸਾਨੂੰ ਉੱਥੇ ਬਿਠਾ ਕੇ ਕਿਲੇ ਵੱਲ ਚਲਾ ਗਿਆ। ਪਤਾ ਨਹੀਂ ਕਿਲਾ ਕਿੰਨੀ ਕੁ ਦੂਰ ਸੀ ਪਰ ਜਦੋਂ ਉਹ ਦੋ ਵਜੇ ਤਕ ਵਾਪਸ ਨਾ ਪਰਤਿਆ ਤਾਂ ਸਭ ਸੱਜਣ ਉਤਾਵਲੇ ਜਾਪੇ। (ਸ਼ਹੀਦ) ਭਾਈ ਗਾਂਧਾ ਸਿੰਘ (ਕੱਚਰ ਭੰਨ) ਮੇਰੇ ਖੱਬੇ ਹੱਥ ਪਿਸਤੌਲ ਲਈ ਖੜ੍ਹਾ ਸੀ ਤੇ ਇਹ ਕਹਿ ਰਿਹਾ ਸੀ ਕਿ ਕੀ ਗੱਲ ਹੈ? ਸਮਾਂ ਹੋ ਗਿਆ ਹੈ ਪਰ ਹੁਕਮ ਨਹੀਂ ਹੋ ਰਿਹਾ। ਇਸੇ ਤਰ੍ਹਾਂ ਹੋਰ ਸੱਜਣ ਵੀ ਕਾਹਲੇ ਪਏ ਹੋਏ ਸਨ ਪਰ ਦੋ ਵਜੇ ਤੋਂ ਕੁਝ ਉਪਰ ਹੋਏ ਤਾਂ ਸਰਾਭੇ ਨੇ ਆ ਕੇ ਦੱਸਿਆ ਕਿ ਜਿਨ੍ਹਾਂ ਫ਼ੌਜੀ ਸਰਦਾਰਾਂ ਅਤੇ ਸਿਪਾਹੀਆਂ ਨਾਲ ਸਾਡੀ ਗੱਲਬਾਤ ਸੀ, ਉਹ ਕਈ ਦਿਨਾਂ ਤੋਂ ਬਾਰਾਂ ਪੱਥਰ (ਬਰਖ਼ਾਸਤ) ਕੀਤੇ ਜਾ ਚੁੱਕੇ ਹਨ। ਹੁਣ ਉੱਥੇ ਕੋਈ ਵੀ ਸਾਡਾ ਸਹਿਯੋਗੀ ਨਹੀਂ ਰਿਹਾ। ਇਸ ਲਈ ਸਭ ਸੱਜਣਾਂ ਨੂੰ ਚਾਹੀਦਾ ਹੈ ਕਿ ਜਿੱਥੇ ਕਿਸੇ ਨੂੰ ਰਾਹ ਲੱਭੇ, ਖਿੰਡ ਜਾਏ।"

"ਕਰਤਾਰ ਸਿੰਘ ਦੀ ਇਹ ਗੱਲ ਭਾਵੇਂ ਸਿਆਣਪ ਵਾਲੀ ਸੀ ਕਿ ਜਦੋਂ ਕੋਈ ਚਾਰਾ ਨਾ ਹੋਵੇ ਤਾਂ ਟੱਕਰ ਲੈ ਕੇ ਮਰਨਾ ਫ਼ਜ਼ੂਲ ਸੀ ਪਰ ਆਜ਼ਾਦੀ ਦੇ ਚਾਹਵਾਨ ਤੇ ਗ਼ਦਰ ਦੇ ਉਡੀਕਵਾਨ ਸੂਰਮੇ ਨਿਰਾਸ਼ ਹੋ ਗਏ। ਉਨ੍ਹਾਂ ਦੀ ਨਿਰਾਸ਼ਾ ਤੇ ਇੱਥੇ ਆਉਣ ਦੀ ਨਾਕਾਮਯਾਬੀ 'ਤੇ ਹੇਠ ਲਿਖੀ ਕਵਿਤਾ ਮੈਂ ਬਾਅਦ ਵਿੱਚ ਲਿਖੀ ਹੈ:

"ਫ਼ਿਰੋਜ਼ਪੁਰ ਛਾਉਣੀ ਦਾ ਗ਼ਦਰ ਫੇਲ ਹੋਣ ਤੋਂ ਬਾਅਦ ਸੂਰਮਿਆਂ ਦੇ ਦਿਲਾਂ 'ਤੇ ਕੀ ਬੀਤੀ:
ਫ਼ੌਜਾਂ ਪਿੰਡੀ ਲਾਹੌਰ ਫ਼ਿਰੋਜ਼ਪੁਰ ਵਿੱਚ
ਤਿਆਰ ਬਰ ਤਿਆਰ ਸੀ ਲੜਨ ਦੇ ਲਈ।
ਕਿਰਪਾਲ ਵਰਗੇ ਨਾ ਜੇ ਗ਼ੱਦਾਰ ਹੁੰਦੇ,ਫ਼ੇਟ
ਬਦਲਦੀ ਨਾ ਗ਼ਦਰ ਕਰਨ ਦੇ ਲਈ।
ਦਰਦੀ ਵੀਰ ਨਾ ਛਾਉਣੀਓਂ ਬਾਹਰ ਆਉਂਦਾ,
ਫ਼ੌਜਾਂ ਤਿਆਰ ਸੀ ਕਿਲੇ ਵਿੱਚ ਵੜਨ ਦੇ ਲਈ।
ਉੱਤੋਂ ਆਨ ਕਰਤਾਰ ਨੇ ਕਿਹਾ ਵੀਰੋ,
ਹੁਣ ਚਾਰਾ ਨਹੀਂ ਕੋਈ ਕਰਨ ਦੇ ਲਈ।
ਯੁੱਧ ਕਰਨ ਦੇ ਦਿਲੀਂ ਅਰਮਾਨ ਰਹਿ ਗਏ,
ਸੀਸ ਧਰੇ ਸੀ ਤਲੀ 'ਤੇ ਮਰਨ ਦੇ ਲਈ।"

(ਹਵਾਲਾ: ਭਾਰਤੀ ਸ਼ਹੀਦਾਂ ਦੀਆਂ ਲਹੂ ਭਿੰਨੀਆਂ ਯਾਦਾਂ ਤੇ ਸਵੈ-ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ, ਪੰਨੇ 98-100)

ਜ਼ਿਕਰਯੋਗ ਹੈ ਕਿ ਫ਼ਿਰੋਜ਼ਪੁਰ ਵਿੱਚ ਸਥਿਤ 26 ਨੰਬਰ ਪੰਜਾਬ ਰੈਜਮੈਂਟ ਜਿਸ 'ਤੇ ਗ਼ਦਰੀਆਂ ਦੀ ਟੇਕ ਸੀ, ਦੇ ਅਫ਼ਸਰਾਂ ਨੂੰ ਕੁਝ ਸਿਪਾਹੀਆਂ ਦੇ ਗ਼ਦਰੀਆਂ ਨਾਲ ਰਲੇ ਹੋਣ ਦਾ ਯਕੀਨ ਹੋ ਗਿਆ ਸੀ। ਇਸ ਲਈ ਉਨ੍ਹਾਂ ਕਿਰਪਾ ਸਿੰਘ (ਲੌਂਗ ਮਾਜਰੀ, ਹੁਸ਼ਿਆਰਪੁਰ), ਲਾਭ ਸਿੰਘ (ਚੱਕ ਵਾਲਿਆਂ, ਲਾਹੌਰ) ਭੁੱਮਣ ਸਿੰਘ (ਕਲੇਰ, ਜਲੰਧਰ) ਅਤੇ ਹਰਨਾਮ ਸਿੰਘ (ਕਾਲਾ ਸੰਘਿਆ, ਕਪੂਰਥਲਾ) ਨੂੰ 19 ਫਰਵਰੀ ਨੂੰ ਨੌਕਰੀਓਂ ਬਰਖ਼ਾਸਤ ਕਰ ਕੇ ਗੱਡੀ ਰਾਹੀਂ ਫ਼ਿਰੋਜ਼ਪੁਰੋਂ ਘਰ ਭੇਜ ਦਿੱਤਾ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਚੜਿਆ ਸੋਧਣਿ ਧਰਤਿ ਲੁਕਾਈ

**- ਜਸਬੀਰ ਕੇਸਰ**

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥੧॥ਰਹਾਉ॥
ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ॥ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥

ਰਾਗ ਧਨਾਸਰੀ ਵਿਚ ਉਚਾਰੇ ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਨੇ ਦੋ ਸ਼ਬਦ ਉਚੇਚੇ ਤੌਰ 'ਤੇ ਵਰਤੇ ਹਨ- 'ਆਦਮੀ' ਪੂਰੇ ਮਨੁੱਖਾਂ ਸਮੇਤ ਆਪਣੇ ਲਈ ਤੇ 'ਸਾਇਰੁ' ਸਿਰਫ ਆਪਣੇ ਲਈ। ਇਨਾਂ ਸਤਰਾਂ ਦਾ ਸੰਖੇਪ ਭਾਵ ਇਹ ਹੈ ਕਿ ਨਾਨਕ ਸਾਇਰੁ ਮਨੁੱਖਾਂ ਨੂੰ ਕਹਿ ਰਿਹਾ ਹੈ ਕਿ ਅਸੀਂ ਸਾਰੇ ਆਦਮੀ ਇਸ ਸੰਸਾਰ ਵਿਚ ਦੋ ਕੁ ਘੜੀਆਂ ਦੀ ਮੋਹਲਤ ਲੈ ਕੇ ਆਏ ਹਾਂ। ਸਾਡਾ ਆਉਣਾ-ਜਾਣਾ ਉਸ 'ਪਰਵਦਗਾਰ' ਦੇ ਹੱਥ ਹੈ, ਇਸ ਲਈ ਸਾਨੂੰ ਉਸ ਦੀ ਸੇਵਾ ਵਿਚ ਲੱਗੇ ਰਹਿਣਾ ਚਾਹੀਦਾ ਹੈ ਜਾਂ ਉਸ ਦੇ ਅਨੁਸਾਰੀ ਹੋ ਕੇ ਜੀਵਨ ਗੁਜ਼ਾਰਨਾ ਚਾਹੀਦਾ ਹੈ।

ਆਪਣੀ ਇਕ ਬਾਣੀ ਪਟੀ (ਰਾਗ ਆਸਾ) ਵਿਚ ਵੀ ਗੁਰੂ ਨਾਨਕ ਦੇਵ ਨੇ ਆਪਣੇ ਨਾਂ ਨਾਲ 'ਸਾਇਰ' ਲਕਬ ਜੋੜਿਆ ਹੈ:

ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਇਸ ਗੱਲੋਂ ਚੇਤੰਨ ਸਨ ਕਿ ਉਹ ਆਪਣਾ ਸੰਦੇਸ਼ ਕਾਵਿਕ ਭਾਸ਼ਾ ਵਿਚ ਦੇ ਰਹੇ ਹਨ। ਇਹ ਕਲਾਮ ਜੋ ਬਾਅਦ ਵਿਚ 'ਗੁਰਬਾਣੀ' ਜਾਂ 'ਗੁਰੂ ਦੀ ਬਾਣੀ' ਕਹਿਲਾਇਆ, ਬੜੇ ਡੂੰਘੇ ਅਰਥਾਂ ਦੀ ਧਾਰਨੀ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖੀ ਜੀਵਨ, ਉਸ ਦੇ ਇਸ ਸ੍ਰਿਸ਼ਟੀ ਵਿਚ ਆਉਣ ਦੇ ਮਨੋਰਥ, ਉਸ ਦੀ ਰਹਿਤਲ, ਉਸ ਦੇ ਸਮਾਜ-ਸੱਭਿਆਚਾਰ ਉੱਪਰ ਲਿਖਿਆ ਇਕ ਵੱਡ-ਆਕਾਰੀ ਮਹਾਂਕਾਵਿ ਹੈ ਜਿਸ ਵਿਚ ਗੁਰੂ ਸਾਹਿਬ ਦਾ ਆਪਣਾ ਜੀਵਨ-ਦਰਸ਼ਨ ਪ੍ਰਤੱਖ ਰੂਪ ਵਿਚ ਉੱਘੜਦਾ ਹੈ। ਇਸ ਜੀਵਨ-ਦਰਸ਼ਨ ਨੂੰ ਉਨਾਂ ਤੋਂ ਬਾਅਦ ਆਉਣ ਵਾਲੇ ਸਿੱਖ ਗੁਰੂਆਂ ਨੇ ਮਾਨਤਾ ਦੇ ਕੇ ਇਸ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਅਤੇ ਇਸ ਦੇ ਆਧਾਰ 'ਤੇ ਹੀ ਇਕ ਨਵਾਂ 'ਧਰਮ-ਦਰਸ਼ਨ' ਜਿਸ ਨੂੰ 'ਸਿੱਖ-ਦਰਸ਼ਨ' ਜਾਂ 'ਸਿੱਖ ਧਰਮ-ਦਰਸ਼ਨ' ਕਿਹਾ ਜਾਂਦਾ ਹੈ, ਹੋਂਦ ਵਿਚ ਆਇਆ।

ਗੁਰੂ ਨਾਨਕ ਦੇਵ ਜੀ ਦੇ ਕਲਾਮ ਦਾ ਸਿਖਰ ਦੇਖਣ ਲਈ ਉਨਾਂ ਦੀਆਂ ਰਚੀਆਂ ਤਿੰਨ ਵਡਮੁੱਲੀਆਂ ਬਾਣੀਆਂ ਦਾ ਜ਼ਿਕਰ ਹੀ ਕਾਫੀ ਹੋਵੇਗਾ: ਰਾਗ ਵਡਹੰਸ ਵਿਚ ਉਨਾਂ ਦਾ ਸ਼ਬਦ 'ਮੋਰੀ ਰੁਣ ਝੁਣ ਲਾਇਆ', ਰਾਗ ਤੁਖਾਰੀ ਵਿਚ ਲਿਖਿਆ 'ਬਾਰਹ ਮਾਹਾ' ਅਤੇ ਧਨਾਸਰੀ ਰਾਗ ਵਿਚ ਲਿਖੀ 'ਆਰਤੀ'। ਗੁਰੂ ਸਾਹਿਬ ਕੁਦਰਤ ਦੇ ਬਹੁਤ ਨੇੜੇ ਸਨ ਤੇ ਅਦਿੱਖ ਸ਼ਕਤੀ ਰਾਹੀਂ ਰਚੀ ਇਸ ਕੁਦਰਤ ਦੇ ਵੱਡੇ ਪ੍ਰਸ਼ੰਸਕ ਸਨ। ਸ਼ੁੱਧ ਹਿਰਦੇ ਵਾਲੇ ਲੋਕ ਜ਼ਰੂਰ ਹੀ ਕੁਦਰਤ ਨਾਲ ਇਕ-ਮਿਕ ਹੁੰਦੇ ਹਨ। 'ਮੋਰੀ ਰੁਣ ਝੁਣ ਲਾਇਆ' ਵਾਲੇ ਸ਼ਬਦ ਦੇ ਅਰਥ ਇਹ ਬਣਦੇ ਹਨ ਕਿ ਸਾਵਣ ਦੇ ਮਹੀਨੇ ਵਿਚ ਜਦੋਂ ਮੀਂਹ ਪੈਂਦਾ ਹੈ, ਮੋਰ ਕੂਕਦੇ ਹਨ, ਇਕ ਬਿਰਹਨ ਆਪਣੇ ਪ੍ਰੀਤਮ ਨੂੰ ਯਾਦ ਕਰ ਰਹੀ ਹੈ ਤੇ ਇਸ ਗੱਲੋਂ ਪ੍ਰੇਸ਼ਾਨ ਹੈ ਕਿ ਅਜਿਹੀ ਮਿੱਠੀ ਰੁੱਤ ਵਿਚ ਉਸ ਦਾ ਪਿਆਰਾ (ਸਹੁ) ਉਸ ਤੋਂ ਦੂਰ ਬੈਠਾ ਹੈ। ਉਸ ਨੂੰ ਆਪਣਾ ਹਾਰ ਸ਼ਿੰਗਾਰ, ਆਪਣੇ ਗੁਣ ਹੇਚ ਲੱਗਦੇ ਹਨ ਕਿਉਂਕਿ ਉਹ ਆਪਣੇ ਪਤੀ ਦੀਆਂ ਨਜ਼ਰਾਂ ਵਿਚ ਪਰਵਾਨ ਨਹੀਂ ਚੜ ਸਕੀ। ਇਸ ਸ਼ਬਦ ਵਿਚ ਸਭ ਤੋਂ ਉੱਤਮ ਅਤੇ ਮੌਲਿਕ ਬਿੰਬ ਇਨਾਂ ਸਤਰਾਂ ਵਿਚ ਬਣਦਾ ਹੈ:

**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**

ਸ੍ਰਿਸ਼ਟੀ, ਕੁਦਰਤ, ਕੁਦਰਤ ਦਾ ਸਮੁੱਚਾ ਵਿਸਥਾਰ ਅਤੇ ਪਾਸਾਰ, ਵਣ-ਤ੍ਰਿਣ, ਰੁੱਤਾਂ ਗੁਰੂ ਸਾਹਿਬ ਨੂੰ ਬਹੁਤ ਮੋਂਹਦੀਆਂ ਅਤੇ ਵਿਸਮਾਦਿਤ ਕਰਦੀਆਂ ਸਨ। ਇਨਾਂ ਬਦਲਦੀਆਂ ਰੁੱਤਾਂ ਦੇ ਨਾਲ ਬਦਲਦੀ, ਰੰਗ ਵਟਾਉਂਦੀ ਰੰਗ ਬਿਰੰਗੀ ਬਨਸਪਤੀ, ਜੀਵ-ਜੰਤੂ ਅਤੇ ਇਸ ਸਾਰੇ ਵਰਤਾਰੇ ਨਾਲ ਮਨੁੱਖੀ ਮਾਨਸਿਕਤਾ 'ਤੇ ਪੈਂਦੇ ਅਸਰਾਂ ਨੂੰ ਉਨਾਂ ਨੇ 'ਬਾਰਹ ਮਾਹਾ' (ਤੁਖਾਰੀ) ਵਿਚ ਜਿਵੇਂ ਬਿਆਨਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਉਹ ਇਕ ਵਾਤਾਵਰਨ ਮਾਹਿਰ ਵਾਂਗ ਇਸ ਸਾਰੇ ਵਰਤਾਰੇ ਨੂੰ ਆਪਣੀ ਕਾਵਿ-ਸ਼ਕਤੀ ਰਾਹੀਂ ਪ੍ਰਗਟ ਕਰਦੇ ਹਨ। ਪ੍ਰਤੀਕ ਤਾਂ ਇਸ ਰਚਨਾ ਵਿਚ ਵੀ ਬਿਰਹਨ ਅਤੇ ਵਿੱਛੜੇ ਪ੍ਰੀਤਮ ਦਾ ਵਰਤਿਆ ਹੈ, ਪਰ ਪ੍ਰਕਿਰਤੀ ਦੀ ਖ਼ੂਬਸੂਰਤੀ ਅਤੇ ਵਿਵਿਧਤਾ ਨੂੰ ਬਿਆਨਦਿਆਂ ਜੋ ਬਿੰਬ ਵਰਤੇ ਹਨ, ਉਹ ਕੁਦਰਤ ਨਾਲ ਇਕਸੁਰ ਹੋਇਆ ਮਹਾਨ ਵਿਅਕਤੀ ਹੀ ਕਰ ਸਕਦਾ ਹੈ:

*** ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥**
*** ਆਸਾੜੁ ਭਲਾ ਸੂਰਜੁ ਗਗਨਿ ਤਪੈ॥**
**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**

* ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥

ਧਨਾਸਰੀ ਰਾਗ ਵਿਚ ਰਚੀ ਆਰਤੀ ਇਕ ਹੋਰ ਅਜਿਹੀ ਰਚਨਾ ਹੈ ਜਿਸ ਵਿਚੋਂ ਅਸੀਂਗੁਰੂ ਨਾਨਕ ਦੇਵ ਦੀ ਬ੍ਰਹਿਮੰਡ ਨਾਲ ਇਕਸੁਰ ਸ਼ਖਸੀਅਤ ਤੇ ਉਨਾਂ ਦੀ ਕਾਵਿ-ਕਲਾ ਦੇ ਸਿਖਰ ਦੇ ਦਰਸ਼ਨ ਕਰਦੇ ਹਾਂ। ਇਸ ਰਚਨਾ ਦੇ ਰਚਨਾਕਾਲ ਬਾਰੇ ਜਨਮ ਸਾਖੀਆਂ ਦੇ ਆਧਾਰ 'ਤੇ ਇਕ ਧਾਰਨਾ ਬਣੀ ਹੋਈ ਹੈ ਕਿ ਗੁਰੂ ਸਾਹਿਬ ਜਦੋਂ ਉਦਾਸੀਆਂ ਕਰਦੇ ਹਿੰਦੂਆਂ ਦੇ ਮਹਾਂ-ਤੀਰਥ ਜਗਨਨਾਥ ਪੁਰੀ ਪਹੁੰਚੇ ਤਾਂ ਉੱਥੇ ਸੰਧਿਆ ਸਮੇਂ ਦੀ ਆਰਤੀ ਹੋ ਰਹੀ ਸੀ। ਗੁਰੂ ਸਾਹਿਬ ਦੇ ਰਬਾਬੀ ਸਾਥੀ ਭਾਈ ਮਰਦਾਨਾ ਦੇ ਮੁਸਲਮਾਨ ਹੋਣ ਕਾਰਨ ਉਨਾਂ ਨੂੰ ਮੰਦਰ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਗੁਰੂ ਸਾਹਿਬ ਦੇ ਕਵੀ-ਮਨ ਵਿਚ ਆਇਆ ਕਿ ਏਨੇ ਵਿਸ਼ਾਲ ਬ੍ਰਹਿਮੰਡ ਦੀ ਆਰਤੀ ਇਕ ਛੋਟੇ ਜਿਹੇ ਥਾਲ ਵਿਚ ਨਿੱਕੇ-ਨਿੱਕੇ ਦੀਵੇ ਰੱਖ ਕੇ ਕਿਵੇਂ ਕੀਤੀ ਜਾ ਸਕਦੀ ਹੈ? ਉਨਾਂ ਨੇ ਮੰਦਰ ਦੇ ਬਾਹਰ ਪਾਣੀ ਦੇ ਕੰਢੇ ਡੇਰਾ ਲਾ ਲਿਆ ਅਤੇ ਬ੍ਰਹਿਮੰਡ ਦੀ ਆਰਤੀ ਗਾਉਣੀ ਸ਼ੁਰੂ ਕਰ ਦਿੱਤੀ:

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥**

ਕਥਾ ਇਹ ਵੀ ਹੈ ਕਿ ਗੁਰੂ ਸਾਹਿਬ ਦੀ ਸੁਰੀਲੀ ਆਵਾਜ਼ ਅਤੇ ਰਬਾਬ ਦਾ ਸੰਗੀਤ ਸੁਣ ਕੇ ਮੰਦਰ ਅੰਦਰਲੇ ਸ਼ਰਧਾਲੂ ਆਪਣੇ ਆਪ ਗੁਰੂ ਸਾਹਿਬ ਵੱਲ ਖਿੱਚੇ ਆਏ ਤੇ ਉਨਾਂ ਦੇ ਆਲੇ-ਦੁਆਲੇ ਭੀੜ ਲੱਗ ਗਈ।

ਗੁਰੂ ਸਾਹਿਬ ਨੇ ਬਹੁਤੀ ਬਾਣੀ ਉਦਾਸੀਆਂ ਸਮੇਂ ਦੇਸ਼-ਦੇਸ਼ਾਂਤਰ ਦਾ ਰਟਨ ਕਰਦਿਆਂਰਚੀ। ਜਿੱਥੇ ਵੀ ਉਹ ਘੜੀ ਪਲ ਲਈ ਰੁਕਦੇ ਜਾਂ ਰਾਤ ਪਈ ਤੋਂ ਵਿਸ਼ਰਾਮ ਕਰਨ ਲਈ ਠਹਿਰਦੇ ਹੋਣਗੇ ਤਾਂ ਉਹ ਆਪਣੀ ਯਾਤਰਾ ਦੇ ਅਨੁਭਵ ਵਿਚੋਂ ਕੁਝ ਨਾ ਕੁਝ ਜ਼ਰੂਰ ਰਚਦੇ ਹੋਣਗੇ। ਇਕ ਚਿੰਤਨਸ਼ੀਲ ਤੇ ਦੇਸ਼-ਦੇਸ਼ਾਂਤਰ ਦਾ ਰਟਨ ਕਰਦੇ ਮਨੁੱਖ ਦਾ ਅਨੁਭਵ ਬਹੁਤ ਵਿਸ਼ਾਲ ਹੁੰਦਾ ਹੈ। ਉੱਤੋਂ ਜੇ ਉਸ ਕੋਲ ਉਸ ਅਨੁਭਵ ਨੂੰ ਪ੍ਰਗਟਾਉਣ ਦੀ ਕਲਾ ਵੀ ਹੋਵੇ, ਵਿਸ਼ੇਸ਼ ਤੌਰ 'ਤੇ ਕਾਵਿਕ ਭਾਸ਼ਾ ਵਿਚ ਤਾਂ ਉਹ ਰਚਨਾ ਗਿਆਨ, ਬੁੱਧੀ, ਭਾਵੁਕਤਾ ਅਤੇ ਸੰਗੀਤ ਦਾ ਸੁਮੇਲ ਬਣ ਕੇ ਇਕ ਅਜਿਹੀ ਕਲਾਸਕੀ ਰਚਨਾ ਬਣ ਜਾਂਦੀ ਹੈ ਜੋ ਸਦੀਆਂ ਤਕ ਲੋਕ-ਮਾਣਸ ਦੇ ਚਿੱਤਰਪਟ 'ਤੇ ਉਕਰੀ ਰਹਿੰਦੀ ਹੈ। ਸਾਖੀਆਂ ਵਿਚ ਇਹ ਵੀ ਆਉਂਦਾ ਹੈ ਕਿ ਜਦੋਂ ਗੁਰੂ ਸਾਹਿਬ ਨੂੰ ਕਾਵਿ-ਆਵੇਸ਼ ਆਉਂਦਾ ਸੀ ਤਾਂ ਉਹ ਭਾਈ ਮਰਦਾਨਾ ਨੂੰ ਕਹਿੰਦੇ ਸਨ 'ਮਰਦਾਨਿਆ ਕੱਢ ਰਬਾਬ'! ਫਿਰ ਭਾਈ ਮਰਦਾਨਾ ਦੀ ਰਬਾਬ ਦੇ ਸੁਰ ਫਿਜ਼ਾ ਵਿਚ ਗੂੰਜਦੇ ਤੇ ਗੁਰੂ ਨਾਨਕ ਵਜਦ ਵਿਚ ਆ ਕੇ ਗਾਉਂਦੇ। ਆਰਤੀ ਵਿਚਲੇ ਅਨੁਭਵ ਬਾਰੇ ਵੀ ਇਹ ਹੋ ਸਕਦਾ ਹੈ ਕਿ ਉਦਾਸੀਆਂ ਦੌਰਾਨ ਕਿਸੇ ਮਿੱਠੀ ਜਿਹੀ ਰੁੱਤੇ, ਟਿਕੀ ਹੋਈ ਚਾਨਣੀ ਰਾਤ ਵਿਚ ਖੁੱਲੇ ਆਸਮਾਨ ਥੱਲੇ ਲੇਟਿਆਂ/ਬੈਠਿਆਂ, ਸੁਖਾਵੀਂ ਵਗਦੀ ਹਵਾ ਦਾ ਆਨੰਦ ਮਾਣਦਿਆਂ ਗੁਰੂ ਸਾਹਿਬ ਨੂੰ ਇਹ ਮਹਿਸੂਸ ਹੋਇਆ ਹੋਵੇ ਕਿ ਸਾਰੀ ਸ੍ਰਿਸ਼ਟੀ ਜਿਵੇਂ ਆਪਣੇ ਰਚਨਹਾਰ ਦੀ ਆਰਤੀ ਉਤਾਰ ਰਹੀ ਹੈ। ਇਹੀ ਅਨੁਭਵ ਜਗਨਨਾਥ ਪੁਰੀ ਦੀ ਸੀਮਤ ਜਗਾ ਵਿਚ, ਸੀਮਤ ਜਿਹੇ ਸਾਧਨਾਂ ਨਾਲ ਪੰਡਤਾਂ ਨੂੰ ਆਰਤੀ ਕਰਦਿਆਂ ਵੇਖ ਕਾਵਿ-ਰੂਪ ਵਿਚ ਪ੍ਰਗਟ ਹੋ ਗਿਆ ਹੋਵੇ।

ਬੰਗਲਾ ਭਾਸ਼ਾ ਦੇ ਮਹਾਨ ਕਵੀ ਸ੍ਰੀ ਰਾਬਿੰਦਰਨਾਥ ਟੈਗੋਰ ਨੇ ਆਰਤੀ ਦਾ ਬੰਗਾਲੀ ਵਿਚ ਅਨੁਵਾਦ ਕੀਤਾ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰੀ ਮਸ਼ਹੂਰ ਪੰਜਾਬੀ ਅਦਾਕਾਰ ਬਲਰਾਜ ਸਾਹਨੀ ਨੇ ਗੁਰੂਦੇਵ ਟੈਗੋਰ ਨੂੰ ਕਿਹਾ ਕਿ ਤੁਸੀਂ ਦੇਸ਼ ਲਈ ਕੌਮੀ ਤਰਾਨਾ ਲਿਖਿਆ ਹੈ। ਕਿਉਂ ਨਹੀਂ ਇਕ ਕੌਮਾਂਤਰੀ ਤਰਾਨਾ ਲਿਖਦੇ ਜੋ ਸਾਰੀ ਦੁਨੀਆਂ ਦੇ ਲੋਕਾਂ ਦਾ ਸਾਂਝਾ ਤਰਾਨਾ ਹੋਵੇ? ਇਸ 'ਤੇ ਗੁਰੂਦੇਵ ਟੈਗੋਰ ਨੇ ਜਵਾਬ ਦਿੱਤਾ ਕਿ ਇਸ ਤੋਂ ਵੀ ਵੱਡਾ ਤਰਾਨਾ- ਪੂਰੀ ਸ੍ਰਿਸ਼ਟੀ ਦਾ ਤਰਾਨਾ ਸੋਲਵੀਂ ਸਦੀ ਵਿਚ ਲਿਖਿਆ ਜਾ ਚੁੱਕਾ ਹੈ ਤੇ ਉਹ ਹੈ ਗੁਰੂ ਨਾਨਕ ਦੀ ਆਰਤੀ। ਇਹ ਹੈ ਮਹਾਂਕਵੀ ਗੁਰੂ ਨਾਨਕ ਨੂੰ ਵੀਹਵੀਂ ਸਦੀ ਦੇ ਇਕ ਗੈਰ-ਪੰਜਾਬੀ ਕਵੀ ਦੀ ਸੱਚੀ ਸ਼ਰਧਾਂਜਲੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੇ ਮੂਲ ਰੂਪ ਵਿਚ ਇਕ ਦਾਰਸ਼ਨਿਕ ਮਹਾਂ-ਕਾਵਿਕ ਰਚਨਾ ਹੈ। ਮਹਾਨ ਕਵੀ ਜਾਂਮਹਾਨ ਲੇਖਕ ਇਕ ਮਹਾਨ ਦਰਸ਼ਨਵੇਤਾ ਵੀ ਹੁੰਦਾ ਹੈ ਜਿਸ ਕੋਲ ਗਿਆਨ ਦਾ ਅਥਾਹ ਭੰਡਾਰ ਹੈ, ਆਪਣੇ ਸਮੇਂ ਤੇ ਉਸ ਤੋਂ ਪਹਿਲੇ ਪ੍ਰਚੱਲਿਤ ਦਾਰਸ਼ਨਿਕ ਵਿਚਾਰਾਂ ਨੂੰ ਉਸ ਨੇ ਚੰਗੀ ਤਰਾਂ ਘੋਖਿਆ, ਪੜਤਾਲਿਆ ਹੁੰਦਾ ਹੈ। ਮਨੁੱਖੀ ਹੋਂਦ ਦੇ ਮੂਲ ਪ੍ਰਸ਼ਨਾਂ ਉੱਪਰ ਉਸ ਨੇ ਗੰਭੀਰ ਚਿੰਤਨ-ਮਨਨ ਕੀਤਾ ਹੁੰਦਾ ਹੈ। ਗੁਰੂ ਸਾਹਿਬ ਦੀ ਸਾਰੀ ਬਾਣੀ ਇਨਾਂ ਮੂਲ ਪ੍ਰਸ਼ਨਾਂ ਨੂੰ ਮੁਖਾਤਬ ਹੈ ਤੇ ਵਾਧਾ ਇਹ ਕਿ ਅਜਿਹੇ ਦਾਰਸ਼ਨਿਕ ਪ੍ਰਸ਼ਨ ਅਤੇ ਉਨਾਂ ਦੇ ਉੱਤਰ ਰਾਗ, ਛੰਦ ਤੇ ਲੈਅ ਦੇ ਬੰਧੇਜ ਵਿਚ ਰਹਿ ਕੇ ਦਿੱਤੇ ਗਏ ਹਨ; ਜਿਵੇਂ ਸ੍ਰਿਸ਼ਟੀ ਕੀ ਹੈ? ਕਦੋਂ ਹੋਂਦ ਵਿਚ ਆਈ? ਮਨੁੱਖ ਤੇ ਬ੍ਰਹਿਮੰਡ ਦਾ ਕੀ ਰਿਸ਼ਤਾ ਹੈ? ਸਮੁੱਚੇ ਬ੍ਰਹਿਮੰਡ ਵਿਚ ਮਨੁੱਖ ਦਾ ਕੀ ਸਥਾਨ ਹੈ? ਇਸ ਸੰਸਾਰ ਵਿਚ ਆ ਕੇ ਮਨੁੱਖ ਦੀ ਕੀ ਭੂਮਿਕਾ ਹੈ?

ਗੁਰੂ ਸਾਹਿਬ ਦੀ ਬਾਣੀ ਇਕੋ ਸਮੇਂ ਅਧਿਆਤਮਕ ਵੀ ਹੈ ਤੇ ਯਥਾਰਥਕ ਵੀ। ਉਹ ਜਿਸ ਸਮਾਜ ਵਿਚ ਵਿਚਰ ਰਹੇ ਸਨ, ਉਸ ਦੀ ਡੂੰਘੀ ਦਾਰਸ਼ਨਿਕ ਸੋਝੀ ਵੀ ਰੱਖਦੇ ਸਨ ਅਤੇ ਉਸ ਦੇ ਯਥਾਰਥ ਨੂੰ ਵੀ ਚੰਗੀ ਤਰਾਂ ਸਮਝਦੇ ਸਨ। ਇਸੇ ਲਈ ਜਦੋਂ ਉਹ ਸਮਾਜਿਕ ਖੇਤਰ ਦੇ ਮਸਲਿਆਂ ਵੱਲ ਆਉਂਦੇ ਹਨ ਤਾਂ ਉਨਾਂ ਦੀਆਂ ਟਿੱਪਣੀਆਂ ਬੜੀਆਂ ਸਟੀਕ ਤੇ ਯਥਾਰਥਕ ਹੁੰਦੀਆਂ ਹਨ। ਇਕ ਗੰਭੀਰ ਦਾਰਸ਼ਨਿਕ ਹੋਣ ਦੇ ਨਾਤੇ ਗੁਰੂ ਨਾਨਕ ਸਾਹਿਬ ਸਾਹਮਣੇ ਇਕ ਬੜਾ ਸਿੱਧਾ ਪਰ ਗੁੰਝਲਦਾਰ ਪ੍ਰਸ਼ਨ ਸੀ: 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' ਸਾਰੀ ਬਾਣੀ ਇਨਾਂ ਦੋ ਪ੍ਰਸ਼ਨਾਂ ਦੇ ਆਲੇ-ਦੁਆਲੇ ਘੁੰਮਦੀਹੈ: ਕੂੜ (ਝੂਠ) ਕਿਵੇਂ ਖਤਮ ਹੋਵੇ? ਸੱਚ ਦੀ ਪ੍ਰਾਪਤੀ ਕਿਵੇਂ ਹੋਵੇ? ਗੁਰੂ ਸਾਹਿਬ ਇਨਾਂ ਦੋਹਾਂ ਪ੍ਰਸ਼ਨਾਂ ਦੇ ਹੱਲ ਵੱਲ ਤੁਰਦੇ ਹੋਏ ਪੂਰੇ ਜਲੌਅ ਵਿਚ ਰੂਪਮਾਨ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਸ੍ਰਿਸ਼ਟੀ, ਦੁਨੀਆਂ, ਪ੍ਰਕਿਰਤੀ ਸਬੰਧੀ ਸਥਾਪਤ ਮਾਨਤਾਵਾਂ ਨੂੰ ਵੰਗਾਰਦੇ ਹਨ। ਉਹ ਉਸ ਵੇਲੇ ਦੇ ਦੂਜੇ ਧਰਮਾਂ ਵਾਂਗ ਦੁਨੀਆਂ ਨੂੰ, ਬ੍ਰਹਿਮੰਡ ਦੇ ਪਾਸਾਰੇ ਨੂੰ ਝੂਠ ਨਹੀਂ ਸਗੋਂ ਸੱਚ ਕਹਿੰਦੇ ਹਨ:

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥**
**ਸਚੇ ਤੇਰੇ ਲੋਅ ਸਚੇ ਆਕਾਰ॥**

ਸ੍ਰਿਸ਼ਟੀ ਅਤੇ ਬ੍ਰਹਿਮੰਡ ਦਾ ਪਾਸਾਰਾ ਉਨਾਂ ਲਈ ਸੱਚ ਹੈ ਕਿਉਂਕਿ ਉਹ ਦਿਸਦਾ ਹੈ, ਮਹਿਸੂਸ ਹੁੰਦਾ ਹੈ, ਮਨੁੱਖ ਇਸ ਪਾਸਾਰੇ ਦਾ ਇਕ ਅੰਗ ਹੈ: 'ਜੋ ਬ੍ਰਹਮੰਡੇ ਸੋਈ ਪਿੰਡੇ'। ਪਰ ਮਨੁੱਖ ਸਦੀਵੀ ਨਹੀਂ; ਬ੍ਰਹਿਮੰਡ ਦੇ ਮੁਕਾਬਲੇ ਉਸ ਦੀ ਜ਼ਿੰਦਗੀ ਬਹੁਤ ਅਲਪ ਹੈ, ਬਸ ਐਵੇਂ ਇਕ ਛਿਣ ਮਾਤਰ, 'ਹਮ ਆਦਮੀ ਹਾਂ ਇਕ ਦਮੀ॥"

ਪਰ ਇਹ 'ਇਕ ਦਮੀ' ਆਦਮੀ ਵੀ ਸੱਚ ਹੈ ਕਿਉਂਕਿ ਉਹ ਉਸ ਸਦੀਵੀ ਸੱਚ ਦੀ ਅੰਸ਼ ਮਾਤਰ ਹੈ। ਬੇਸ਼ੱਕ ਉਹ ਬੁਲਬੁਲੇ ਦੀ ਨਿਆਈਂ ਹੈ ਜਿਵੇਂ ਗੁਰੂ ਤੇਗ ਬਹਾਦਰ ਲਿਖਦੇ ਹਨ "ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥' ਪਰ ਇਹ ਬੁਲਬੁਲਾ ਵੀ ਸੱਚ ਹੈ ਭਾਵੇਂ ਛਿਣ ਭੰਗਰ ਹੈ। ਇਸ ਦੀ ਹੋਂਦ ਦਾ ਆਧਾਰ ਪਾਣੀ ਹੈ ਅਤੇ ਪਾਣੀ ਸੱਚ ਹੈ। ਇਸੇ ਤਰਾਂ ਪੂਰਾ ਜਗਤ ਸੱਚ ਹੈ ਤੇ ਇਸ ਵਿਚ ਉਸ ਸਦੀਵੀ ਸੱਚ ਦਾ ਵਾਸ ਹੈ:

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥**

ਪਰ ਜਿਸ ਸਮਾਜ ਵਿਚ ਗੁਰੂ ਸਾਹਿਬ ਉਸ ਵੇਲੇ ਵਿਚਰ ਰਹੇ ਸਨ ਉਹ ਸਾਰੀਆਂ ਮਾਨਵੀ ਕਦਰਾਂ-ਕੀਮਤਾਂ ਤੋਂ ਸੱਖਣਾ ਤੇ ਏਨਾ ਨਿੱਘਰਿਆ ਹੋਇਆ ਸੀ ਕਿ ਉਸ ਨੂੰ ਮਨੁੱਖੀ ਸਮਾਜ ਕਹਿਣਾ ਮਨੁੱਖ ਦੀ ਤੌਹੀਨ ਕਰਨ ਬਰਾਬਰ ਸੀ। ਉਸ ਸਮਾਜ ਜਾਂ ਉਸ ਯੁੱਗ ਨੂੰ ਗੁਰੂ ਸਾਹਿਬ 'ਕਲਯੁਗ' ਕਹਿੰਦੇ ਹਨ:

**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥**

ਇੱਥੇ ਅਸੀਂ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਨੂੰ ਇਕ ਵੱਡ-ਆਕਾਰੀ ਮਹਾਂਕਾਵਿ ਕਿਹਾ ਹੈ। ਇਹ ਮਹਾਂਕਾਵਿ ਗੁਰੂ ਸਾਹਿਬ ਦੇ ਸਮਕਾਲੀ ਸਮਾਜ ਦਾ ਮਹਾਂਦ੍ਰਿਸ਼ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਹ ਸਮਾਜ ਧਾਰਮਿਕ, ਰਾਜਨੀਤਕ, ਸੱਭਿਆਚਾਰਕ, ਬੌਧਿਕ ਸਾਰੇ ਖੇਤਰਾਂ ਵਿਚ ਨਿੱਘਰਿਆ ਹੋਇਆ ਅਣਮਨੁੱਖੀ ਸਮਾਜ ਸੀ ਅਤੇ ਗੁਰੂ ਨਾਨਕ ਦੇਵ ਦਾ ਇਸ ਸਮਾਜ ਨਾਲ ਕੋਈ ਸਮਝੌਤਾ ਨਹੀਂ ਸੀ। ਕਮਾਲ ਦੀ ਗੱਲ ਹੈ ਕਿ ਬ੍ਰਹਿਮੰਡ, ਕੁਦਰਤ ਅਤੇ ਸ੍ਰਿਸ਼ਟੀ ਦੇ ਵਿਧੀ-ਵਿਧਾਨ ਨਾਲ ਇਕਸੁਰ ਰਹਿਣ ਵਾਲੇ ਸ਼ਾਂਤ-ਚਿੱਤ, ਫਕੀਰਾਨਾ ਸੁਭਾਅ ਵਾਲੇ ਗੁਰੂ ਨਾਨਕ ਆਪਣੇ ਸਮਾਜ ਪ੍ਰਤੀ ਵਿਰੋਧ, ਰੋਹ ਤੇ ਵਿਦਰੋਹ ਨਾਲ ਭਰੇ ਨਜ਼ਰ ਆਉਂਦੇ ਹਨ। ਉਸ ਸਮੇਂ ਦੇ ਸਮੁੱਚੇ ਸਮਾਜਿਕ ਤਾਣੇ-ਬਾਣੇ ਪ੍ਰਤੀ ਉਨਾਂ ਦਾ ਪ੍ਰਤੀਕਰਮ ਜਬਰਦਸਤ ਨਿਖੇਧ ਦਾ ਸੀ ਤੇ ਉਨਾਂ ਦੀ ਵਿਦਰੋਹੀ ਸੁਰ ਬਹੁਤ ਉੱਚੀ ਤੇ ਵੰਗਾਰ ਭਰੀ ਹੈ। ਸਮੇਂ ਦੇ ਤਿੰਨੇ ਧਰਮਾਂ ਦੇ ਅਨੁਯਾਈ ਬ੍ਰਾਹਮਣ ਮੱਤ, ਇਸਲਾਮ ਅਤੇ ਜੋਗ-ਮਤ ਆਪਣੇ ਮੂਲ ਆਸ਼ਿਆਂ ਤੋਂ ਭਟਕ ਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਕੇ ਵਹਿਮੀ-ਭਰਮੀ-ਅਗਿਆਨੀ ਬਣਾ ਰਹੇ ਸਨ। ਧਰਮ ਰਾਜਨੀਤੀ ਦਾ ਹੱਥ-ਠੋਕਾ ਸੀ ਜਿਸ ਦੀ ਆੜ ਵਿਚ ਨਿੱਕੀਆਂ ਨਿੱਕੀਆਂ ਰਿਆਸਤਾਂ ਵਿਚ ਵੰਡੇ ਹਿੰਦੁਸਤਾਨ ਦੇ ਰਾਜੇ ਲੋਕਾਂ ਦੀ ਲੁੱਟ ਕਰ ਰਹੇ ਸਨ। ਗੁਰੂ ਨਾਨਕ ਇਨਾਂ ਤਿੰਨਾਂ ਧਰਮਾਂ ਦੀ ਉਸ ਸਮੇਂ ਦੀ ਸਥਿਤੀ ਦੇ ਵਿਰੋਧ ਵਿਚ ਖੜੇ ਸਨ:

**ਕਾਦੀ ਕੂੜੁ ਬੋਲ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨਾ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥**

ਸਮਾਜਿਕ ਖੇਤਰ ਵਿਚ ਵਿਚਰਦਿਆਂ ਗੁਰੂ ਨਾਨਕ ਇਕ ਸਮਾਜਿਕ ਕਾਰਕੁਨ ਦੇ ਰੂਪ ਵਿਚ ਸਾਡੇ ਰੂਬਰੂ ਹੁੰਦੇ ਹਨ ਜਦੋਂ ਉਹ ਰਾਜਿਆਂ, ਵਜ਼ੀਰਾਂ, ਅਹਿਲਕਾਰਾਂ ਅਤੇ ਪਾਖੰਡੀ ਧਾਰਮਿਕ ਆਗੂਆਂ ਨੂੰ ਅਜਿਹੀ ਰੋਹ ਭਰੀ ਆਵਾਜ਼ ਵਿਚ ਭੰਡਦੇ, ਲਾਹਨਤਾਂ ਪਾਉਂਦੇ ਹਨ:

*** ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥**
*** ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥**

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਰਾਜਨੀਤੀ ਅਤੇ ਪ੍ਰਚੱਲਿਤ ਧਰਮਾਂ ਵਿਚਲੀਆਂ ਊਣਤਾਈਆਂ ਨੂੰ ਪਛਾਣਿਆ। ਉਂਜ ਤਾਂ ਉਨਾਂ ਦੀ ਸਾਰੀ ਬਾਣੀ ਵਿਚ ਹੀ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਦਾ ਸੁਰ ਵਿਆਪਤ ਹੈ, ਪਰ ਜੇ ਵਿਸ਼ੇਸ਼ ਬਾਣੀਆਂ ਦਾ ਜ਼ਿਕਰ ਕਰਨਾ ਹੋਵੇ ਤਾਂ ਤਿੰਨ ਬਾਣੀਆਂ ਦਾ ਉਚੇਚੇ ਤੌਰ 'ਤੇ ਨਾਂ ਲਿਆ ਜਾ ਸਕਦਾ ਹੈ: (ੳ) ਆਸਾ ਦੀ ਵਾਰ (ਅ) ਸਿਧ ਗੋਸਟਿ (ੲ) ਬਾਬਰਵਾਣੀ। ਧਾਰਮਿਕ ਆਗੂਆਂ ਦੀ ਦੋਗਲੀ ਸ਼ਖ਼ਸੀਅਤ ਬਾਰੇ ਉਨਾਂ ਨੇ ਆਸਾ ਦੀ ਵਾਰ ਵਿਚ ਬੜੀ ਸਟੀਕ ਟਿੱਪਣੀ ਕੀਤੀ ਹੈ:

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥

ਅਜਿਹੇ ਦੋਗਲੇ ਧਾਰਮਿਕ ਕਿਰਦਾਰਾਂ ਨੂੰ ਆਪਣੇ ਘਰਾਂ ਦੀਆਂ ਧਾਰਮਿਕ ਰਸਮਾਂ ਲਈ ਭੋਜਨ ਛਕਾਉਣਾ, ਭੋਜਨ ਨੂੰ ਅਪਵਿੱਤਰ ਕਰਨਾ ਹੈ:

**ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥ ਮਤੁ ਭਿਟੈ ਵੇ ਮਤੁ ਭਿਟੈ॥ ਏਹੁ ਅੰਨੁ ਅਸਾਡਾ ਫਿਟੈ॥ ਤਨੁ ਫਿਟੈ ਫੇੜ ਕਰੇਨਿ॥ ਮਨ ਜੂਠੈ ਚੁਲੀ ਭਰੇਨਿ॥**

ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਨੇ ਜਿਸ ਸ਼ਿੱਦਤ ਨਾਲ ਜੰਗ ਦੀ ਭਿਆਨਕਤਾ ਅਤੇ ਤਬਾਹੀ ਦਾ ਜ਼ਿਕਰ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**

ਬਾਬਰ ਵਰਗੇ ਸ਼ਕਤੀਸ਼ਾਲੀ ਮੁਗਲ ਹਮਲਾਵਰ ਦੀ ਫੌਜ ਨੂੰ 'ਪਾਪ ਕੀ ਜੰਞ' ਆਖਣਾ ਗੁਰੂ ਨਾਨਕ ਦੇਵ ਵਰਗੇ ਨਿਡਰ, ਦਲੇਰ ਫਕੀਰ ਦਾ ਹੀ ਕੰਮ ਹੋ ਸਕਦਾ ਹੈ ਜਿਹੜਾ ਮੂਲ ਰੂਪ ਵਿਚ ਧਾਰਮਿਕ ਆਗੂ ਹੁੰਦਾ ਹੋਇਆ ਵੀ ਇਕ ਪ੍ਰਤੀਬੱਧ ਸਮਾਜਿਕ ਕਾਰਕੁਨ ਵਾਂਗ ਰਾਜਿਆਂ ਨੂੰ ਵੰਗਾਰ ਸਕਦਾ ਹੈ। ਉਹ ਉਸ ਸਮੇਂ ਦੇ ਹਿੰਦੁਸਤਾਨੀ ਰਾਜਿਆਂ ਨੂੰ ਵੀ ਨਹੀਂ ਬਖ਼ਸ਼ਦੇ ਜਿਨਾਂ ਦੀ ਆਪਸੀ ਫੁੱਟ, ਅੱਯਾਸ਼ ਜ਼ਿੰਦਗੀ ਅਤੇ ਅਣਖ-ਰਹਿਤ ਮਾਨਸਿਕਤਾ ਕਾਰਨ ਬਾਬਰ ਨੂੰ ਹਮਲਾਵਰ ਹੋਣ ਦਾ ਮੌਕਾ ਮਿਲਿਆ। ਅਜਿਹੇ ਰਾਜਿਆਂ ਨੂੰ ਉਹ ਮੁਰਦੇ ਕਹਿੰਦੇ ਹਨ:

**ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥**

ਗੁਰੂ ਨਾਨਕ ਦੇਵ ਜੀ ਨੇ ਇਸ ਖੰਡਨ ਦੇ ਨਾਲ-ਨਾਲ ਆਪਣੇ ਇੱਛਤ ਸਮਾਜ ਦਾ ਸਰੂਪ ਵੀ ਆਪਣੇ ਇਸ ਮਹਾਂਕਾਵਿ ਵਿਚ ਚਿਤਰਿਆ ਹੈ। ਉਹ ਸਮਾਜ ਜਿਸ ਵਿਚ ਕੋਈ ਦਵੈਤ ਭਾਵ ਨਹੀਂ, ਕੋਈ ਜਾਤ-ਪਾਤ ਨਹੀਂ। ਜਿਸ ਸਮਾਜ ਦਾ ਧਰਮ ਮਨੁੱਖਤਾ ਹੈ ਤੇ ਇਹ ਸਾਰੇ ਸੰਸਾਰ ਦਾ ਸਾਂਝਾ ਧਰਮ ਹੈ। ਇਹ ਸਮਾਜ ਦੇ ਸਾਰੇ ਵਿਅਕਤੀ ਗੁਰਮੁਖ ਹਨ ਅਤੇ ਗੁਰਮੁਖ ਦੀ ਪਰਿਭਾਸ਼ਾ ਹੈ: 'ਗੁਰਮੁਖਿ ਨਾਮੁ ਦਾਨੁ ਇਸਨਾਨੁ'। ਭਾਵ ਉਹ ਸਰੀਰਿਕ, ਸਮਾਜਿਕ ਅਤੇ ਆਤਮਿਕ ਪੱਖੋਂ ਇਕ ਸ਼ੁੱਧ ਇਨਸਾਨ ਹੈ। ਇੱਥੇ ਇੰਨਾ ਕਹਿਣਾ ਹੀ ਕਾਫੀ ਹੋਵੇਗਾ ਕਿ ਗੁਰੂ ਸਾਹਿਬ ਨੇ ਨਾ ਸਿਰਫ ਆਪਣੇ ਸਮਕਾਲੀ ਸਮਾਜ ਦੀ ਆਲੋਚਨਾ ਕੀਤੀ ਸਗੋਂ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਰਾਹ ਵੀ ਸੁਝਾਇਆ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

ਕਾਂਡ 4

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਜਿੱਧਰ ਨੂੰ ਮੂੰਹ ਸਿਰ ਹੋਇਆ ਉੱਧਰ ਨੂੰ ਦਿਸ਼ਾਹੀਣ ਤੁਰ ਪਏ। ਪਰ ਇੰਨਾ ਖਿਆਲ ਰੱਖਿਆ ਕਿ ਸੱਜੇ ਖੱਬੇ ਜਾਂ ਪਿੱਛੇ ਵੱਲ ਨਹੀਂ ਮੁੜੇ ਨੱਕ ਦੀ ਸੇਧ ਨੂੰ ਤੁਰ ਪਏ। ਜੰਗਲ ਸੀ ਕੋਈ ਮੈਦਾਨੀ ਇਲਾਕਾ ਤਾਂ ਹੈ ਨਹੀਂ ਸੀ ਕਿ ਤੁਰਨਾ ਆਸਾਨ ਹੋਵੇ। ਜੰਗਲ ਵਿੱਚ ਤਾਂ ਦਿਨੇ ਤੁਰਨਾ ਮੁਸ਼ਕਲ ਹੁੰਦਾ ਹੈ। ਪਰ ਰਾਤ ਨੂੰ ਤਾਂ ਜੰਗਲ ਵਿੱਚ ਤੁਰਨਾਂ ਉਹ ਵੀ ਦਿਸ਼ਾਹੀਣ ਸਿੱਧਾ ਮੌਤ ਨੂੰ ਸੱਦਾ ਦੇਣਾਂ ਸੀ। ਪਰ ਇਸ ਵਿੱਚ ਹੈਰਾਨੀ ਵਾਲੀ ਗੱਲ ਵੀ ਨਹੀਂ ਸੀ ਕਿਉਂਕਿ ਪਿੱਛੇ ਵੀ ਮੌਤ ਸੀ। ਰਾਹ ਵਿੱਚ ਕੰਡੇਦਾਰ ਝਾੜੀਆਂ ਸਨ ਜਿਹਨਾ ਦੇ ਕੰਡੇ ਵਰਦੀ ਵਿੱਚ ਫ਼ਸ ਜਾਂਦੇ ਤੇ ਉੱਥੇ ਹੀ ਰੁਕ ਕੇ ਪਿੱਛੇ ਮੁੜਕੇ ਕੰਡਿਆਂ ਵਿੱਚੋਂ ਫਸੀ ਵਰਦੀ ਜਾ ਸਟੇਨ ਦਾ ਸਲਿੰਗ ਕੱਢ ਕੇ ਤੁਰਨਾ ਪੈਂਦਾ, ਹੱਥ ਵੀ ਗਿੱਲੇ ਹੋ ਗਏ ਸਨ ਕਿਉਂਕਿ ਕੱਪੜਿਆਂ ਨੂੰ ਝਾੜੀਆਂ ਵਿੱਚੋਂ ਕੱਢਦੇ ਕਈ ਵਾਰ ਕੰਡੇ ਹੱਥ ਵਿੱਚ ਚੁਭ ਜਾਂਦੇ। ਪੀੜ ਹੁੰਦੀ, ਖ਼ੂਨ ਨਿਕਲਦਾ, ਪਰ ਹਨੇਰੇ ਕਾਰਨ ਖ਼ੂਨ ਤਾਂ ਦਿੱਸਦਾ ਨਹੀਂ ਸੀ। ਸਿਰਫ ਹੱਥ ਗਿੱਲੇ ਹੋਣ ਕਰਕੇ ਮਹਿਸੂਸ ਹੁੰਦਾ ਸੀ। ਹੱਥਾਂ ਵਿੱਚ ਪੀੜ ਹੋ ਰਹੀ ਸੀ। ਪਰ ਕਿਸੇ ਨੂੰ ਪੀੜ ਦੀ ਕੋਈ ਪ੍ਰਵਾਹ ਨਹੀਂ ਸੀ। ਬੱਸ ਅੱਗੇ ਵਧਦੇ ਜਾ ਰਹੇ ਸਨ। ਕੇਵਲ ਨੂੰ ਇੱਕ ਪਗਡੰਡੀ ਮਿਲ ਗਈ ਤਾਂ ਬਹੁਤ ਖ਼ੁਸ਼ ਹੋਇਆ ਤੇ ਤੇਜ਼-ਤੇਜ਼ ਚੱਲਣ ਲੱਗ ਪਿਆ। ਪਰ ਫਿਰ ਦਿਲ ਵਿੱਚ ਟ੍ਰੇਨਿੰਗ ਦੇ ਦੌਰਾਨ ਉਸਤਾਦ ਦੀ ਦੱਸੀ ਗੱਲ ਯਾਦ ਆਈ :-

'ਜਦੋਂ ਤੁਸੀਂ ਜੰਗਲ ਵਿੱਚ ਗੁੰਮ ਹੋ ਜਾਵੋ ਤੇ ਦੁਸ਼ਮਨ ਪਿੱਛਾ ਕਰ ਰਿਹਾ ਹੋਵੇ ਤੇ ਇਲਾਕੇ ਤੋਂ ਵੀ ਅਣਜਾਣ ਹੋਵੋ ਤਾਂ ਕਿਸੇ ਰਸਤੇ ਜਾਂ ਡੰਡੀ ਦਾ ਸਹਾਰਾ ਨਾ ਲਵੋ ਹੋ ਸਕਦਾ ਹੈ ਇਹ ਰਸਤਾ ਦੁਸ਼ਮਨ ਦੇ ਘਰ ਨੂੰ ਜਾਂਦਾ ਹੋਵੇ ਜਾਂ ਪੁਲੀਸ ਗਸ਼ਤ ਕਰਦੀ ਹੋਵੇ ਇਸ ਕਰਕੇ ਡੰਡੀ ਜਾਂ ਰਸਤੇ ਤੇ ਸੂਝ ਬੂਝ ਨਾਲ ਚੱਲੋ।' ਇਹ ਸੋਚਕੇ ਕੇਵਲ ਨੇ ਕੰਨ ਚੱਕ ਲਏ ਤੇ ਬੜੀ ਹੁਸ਼ਿਆਰੀ ਨਾਲ ਡੰਡੀ ਤੇ ਤੁਰਨ ਲੱਗਾ। ਸਾਰੀ ਰਾਤ ਡੰਡੀ ਤੇ ਤੁਰਦਾ ਰਿਹਾ! ਤੁਰਦਾ-ਤੁਰਦਾ ਥੱਕ ਕੇ ਡੰਡੀ ਤੋਂ ਪਾਸੇ ਹਟਕੇ ਇੱਕ ਦ੍ਰਖਤ ਥੱਲੇ ਬੈਠ ਗਿਆ, ਸਟੇਨਗੰਨ ਲੱਤਾਂ ਦੇ ਵਿਚਾਲੇ ਰੱਖ ਲਈ। ਬੈਠੇ ਬੈਠੇ ਨੂੰ ਨੀਂਦ ਆਉਣ ਲੱਗ ਪਈ, ਥੋੜੀ ਜਿਹੀ ਅੱਖ ਲੱਗੀ ਪਰ ਫਿਰ ਚੌਕਸ ਹੋ ਗਿਆ। ਬਗੈਰ ਸੰਤਰੀ ਤੋਂ ਖੁੱਲੇ ਜੰਗਲ ਵਿੱਚ ਸੌਣਾ, ਮੌਤ ਨੂੰ ਸੱਦਾ ਦੇਣਾ ਹੈ। ਕਿਤੇ ਗਿੱਦੜ ਚੀਕ ਰਹੇ ਸਨ, ਕਿਤੇ ਬਿੰਡੇ ਬੋਲ ਰਹੇ ਸਨ। ਜੰਗਲ ਦੇ ਜਾਨਵਰ ਅਲੱਗ-ਅਲੱਗ ਅਵਾਜ਼ਾਂ ਕੱਢ ਕੇ ਕਾਲੀ ਬੋਲੀ ਰਾਤ ਨੂੰ ਹੋਰ ਵੀ ਡਰਾਉਣਾ ਬਣਾ ਰਹੇ ਸਨ। ਪਰ ਇਹ ਫ਼ੌਜੀ ਸਨ, ਇਹਨਾ ਨੂੰ ਜਾਨਵਰਾਂ ਆਦਿ ਤੋਂ ਕੀ ਡਰ ਸੀ। ਨਾਲੇ ਕੋਲ ਆਲਾ ਦਰਜੇ ਦੇ ਹਥਿਆਰ ਸਨ। ਕੇਵਲ ਉੱਠਿਆ ਡੰਡੀ ਤੋਂ ਪਾਸੇ ਹਟਕੇ ਡੰਡੀ ਦੇ ਨਾਲ-ਨਾਲ ਤੁਰਨ ਲੱਗਾ। ਗੁੱਟ ਤੇ ਬੱਧੀ ਘੜੀ ਨੇ ਤੜਕੇ ਦੇ ਤਿੰਨ ਵਜਾ ਦਿੱਤੇ ਸਨ। ਹੁਣ ਚੜਾਈ ਸੁਰੂ ਹੋ ਗਈ। ਤੁਰਨਾ ਹੋਰ ਵੀ ਮੁਸ਼ਕਲ ਹੋ ਗਿਆ, ਤੁਰਦੇ-ਤੁਰਦੇ ਦਾ ਸਾਹ ਫੁੱਲ ਗਿਆ। ਚਾਰ ਚੁਫੇਰੇ ਕੁਛ ਨਹੀਂ ਸੀ ਦਿਸਦਾ। ਚੜਾਈ ਉੱਚੀ ਹੁੰਦੀ ਚਲੀ ਗਈ। ਪਿਆਸ ਨਾਲ ਗਲ ਸੁੱਕ ਗਿਆ। ਵਾਟਰ ਬੋਤਲ ਵਾਲਾ ਪਾਣੀ ਵੀ ਖ਼ਤਮ ਹੋ ਗਿਆ ਪਰ ਤੁਰਦਾ ਰਿਹਾ! ਮੀਲ ਕੁ ਚੱਲਕੇ ਅੱਗੇ ਦੇਖਿਆ ਕਿ ਇੱਕ ਨਦੀ ਹੈ ਕੇਵਲ ਨੇ ਭੱਜਕੇ ਪਾਣੀ ਪੀਤਾ ਅਤੇ ਵਾਟਰ ਬੋਤਲ ਵਿੱਚ ਭਰਿਆ। ਚਾਰ-ਚੁਫੇਰੇ ਦੇਖਿਆ ਨਦੀ ਉਤੇ ਕੋਈ ਪੁਲ ਨਹੀਂ ਸੀ।

'ਚਲੋ ਇੱਕ ਮੰਜ਼ਲ ਤਾਂ ਤਹਿ ਕੀਤੀ' ਕੇਵਲ ਨੇ ਦਿਲ ਵਿੱਚ ਕਿਹਾ। ਹੁਣ ਕਿੱਧਰ ਜਾਵੇ ਸੱਜੇ ਜਾਂ ਖੱਬੇ ਕੁਛ ਸਮਝ ਨਹੀਂ ਸੀ ਆ ਰਿਹਾ।

'ਦਿਨ ਚੜਨ ਤੱਕ ਇੱਥੇ ਹੀ ਅਰਾਮ ਕੀਤਾ ਜਾਵੇ' ਆਪਣੇ ਆਪ ਨੂੰ ਕਿਹਾ ਤੇ ਇੱਕ ਦਰੱਖਤ ਦੀ ਓਟ ਲੈ ਕੇ ਬੈਠ ਗਿਆ। ਥਕੇਵਾਂ ਬਹੁਤ ਹੋ ਚੁੱਕਾ ਸੀ। ਕੁਛ ਖਾਧਾ ਵੀ ਨਹੀਂ ਸਿਰਫ ਪਾਣੀ ਤੇ ਕੰਮ ਚਲਦਾ ਸੀ। ਚਾਰ ਵੱਜ ਗਏ ਚਿੜੀਆਂ ਚੂਕਣ ਦੀਆਂ ਅਵਾਜ਼ਾਂ ਆਉਣ ਲੱਗੀਆਂ। ਹਨੇਰਾ ਵੀ ਥੋੜਾ ਘਟ ਗਿਆ। ਦੂਰ ਕਿਸੇ ਮਸਜਦ ਵਿੱਚੋਂ ਕਿਸੇ ਕਾਜ਼ੀ ਦੀ ਬਾਂਗ ਸੁਣਾਈ ਦਿੱਤੀ ਉਸਨੇ ਕਿਹਾ

'ਅੱਲਾ ਹੂ ਅਕਬਰ' ਹੌਲੀ ਹੌਲੀ ਚਾਨਣ ਹੋਣ ਲੱਗਾ ਚਿੜੀਆਂ ਦੇ ਨਾਲ ਨਾਲ ਕਾਂ ਕਬੂਤਰ ਵੀ ਬੋਲਣ ਲੱਗ ਪਏ। ਕੇਵਲ ਉੱਠਿਆ ਤੇ ਉੱਚੇ ਥੜੇ ਤੇ ਖੜਕੇ ਦੇਖਿਆ ਇੱਕ ਕਾਨਿਆਂ ਦੀ ਕੁੱਲੀ ਦਿਸੀ। ਕੇਵਲ ਕੁੱਲੀ ਵੱਲ ਨੂੰ ਤੁਰ ਪਿਆ, ਜਾ ਕੇ ਦੇਖਿਆ ਕਿ ਇੱਕ ਬੰਦਾ ਅੰਦਰ ਸੁੱਤਾ ਹੋਇਆ ਹੈ। ਨਦੀ ਦੇ ਕਿਨਾਰੇ ਤੇ ਇੱਕ ਛੋਟੀ ਜਿਹੀ ਕਿਸ਼ਤੀ ਰੱਸੇ ਨਾਲ ਬੰਨੀ ਡਿੱਕ ਡੋਲੇ ਖਾ ਰਹੀ ਹੈ। ਸਮਝਣ ਵਿੱਚ ਦੇਰ ਨਾ ਲੱਗੀ ਕਿ ਮਲਾਹ ਹੈ ਕਿਸ਼ਤੀ ਚਲਾਉਂਦਾ ਹੈ। ਉਸਨੂੰ ਹਲੂਣ ਕੇ ਜਗਾਇਆ।

'ਕੌਣ ਸੇ ਭਾਈ?' ਮਲਾਹ ਨੇ ਅੱਖਾਂ ਮਲਦੇ-ਮਲਦੇ ਨੇ ਪੁੱਛਿਆ।

'ਮੈ ਹੂੰ ਭਾਈ ਨਦੀ ਪਾਰ ਕਰਨੀ ਹੈ'

'ਦਿਨ ਤੋ ਚੜਨੇ ਦੋ ਅਭੀ ਟੈਮ ਨੀ'

'ਨਹੀਂ ਭਾਈ ਸਾਬ ਮੁਝੇ ਜਰੂਰੀ ਕਾਮ ਹੈ ਜਲਦੀ ਕਰੋ' ਮਲਾਹ ਨੇ ਜਦੋਂ ਫੌਜੀ ਵਰਦੀ ਵਿੱਚ ਦੇਖਿਆ ਤਾ ਡਰ ਗਿਆ।

'ਫੌਜੀ ਭਾਈ ਮੇਰੇ ਕੋ ਨਸਾ ਪਾਣੀ ਕਰਨੇ ਦੋ! ਖਾਲੀ ਪੇਟ ਨੌਕਾ ਨਹੀਂ ਚਲੇਗੀ!' ਮਲਾਹ ਨੇ ਕਿਹਾ ਤੇ ਪਤੀਲੀ ਵਿੱਚ ਡੋਡੇ ਪਾਉਣ ਲੱਗ ਪਿਆ। ਕੇਵਲ ਸਮਝ ਗਿਆ ਕਿ ਇਹ ਅਮਲੀ ਹੈ ਡੋਡਿਆਂ ਬਗੈਰ ਸਟਾਟ ਨੀ ਹੋਣਾ।




'ਠੀਕ ਆ ਭਾਈ ਔਰ ਏਕ ਗਲਾਸ ਮੇਰੇ ਕੋ ਭੀ'!

'ਠੀਕ ਹੈ ਸਾਬ, ਆਪ ਭੀ ਨਸਾ ਕਰਤੇ ਹੋ'!

'ਹਾਂ ਜਲਦੀ ਕਰੋ'!

'ਬੱਸ ਏਕ ਮਿੰਟ' ਮਲਾਹ ਨੇ ਪਤੀਲੀ ਵਿੱਚ ਪਾਣੀ ਤੇ ਡੋਡੇ ਰੱਖ ਕੇ ਅੱਗ ਬਾਲ ਦਿੱਤੀ, ਕੇਵਲ ਕੁੱਲੀ ਦੇ ਬਾਹਰ ਕੇਵਲ ਹੋਣਾ ਦੀ ਵੌੜ ਲੈਣ ਲੱਗ ਪਿਆ। ਨੇੜੇ ਹੀ ਜੰਗਲ ਵਿੱਚ ਘੁਸਰ ਮੁਸਰ ਹੋ ਰਹੀ ਸੀ। ਕੇਵਲ ਉੱਧਰ ਨੂੰ ਹੋ ਤੁਰਿਆ ਜਿੱਧਰੋਂ ਆਵਾਜ ਆ ਰਹੀ ਸੀ। ਆਵਾਜ਼ ਨੇੜੇ ਹੋ ਗਈ ਕੇਵਲ ਸਟੇਨ ਲੋਡ ਕਰਕੇ ਦ੍ਰਖਤ ਉੱਹਲੇ ਹੋ ਗਿਆ। ਅਵਾਜਾਂ ਹੋਰ ਨੇੜੇ ਹੋ ਗਈਆਂ। ਗੌਰ ਨਾਲ ਦੇਖਿਆ ਤਿੰਨ ਆਦਮੀ ਆ ਰਹੇ ਸਨ। ਕੇਵਲ ਦ੍ਰਖਤ ਦੇ ਤਣੇ ਵਿੱਚ ਦੜ ਗਿਆ। ਉਹ ਤਿੰਨੇ ਦ੍ਰਖਤ ਕਰਾਸ ਕਰਨ ਲੱਗੇ ਤਾਂ ਮੀਕਾ ਪਛਾਣ ਗਿਆ ਕਿ ਇਹ ਤਾਂ ਮੀਕਾ ਐਂਡ ਪਾਰਟੀ ਹੈ। ਮੀਕਾ ਇਕ ਦਮ ਸਾਹਮਣੇ ਆ ਕੇ ਹੱਸਕੇ ਕਹਿੰਦਾ।

'ਥੰਮ ਕੌਣ ਆਤਾ ਹੈ' ਉਹ ਕੇਵਲ ਦੀ ਅਵਾਜ਼ ਪਛਾਣ ਗਏ ਉਹ ਕਹਿੰਦੇ-

'ਭੂਤ' ਆਖ ਕੇ ਮੀਕੇ ਨੂੰ ਜੱਫੀ ਪਾ ਲਈ, ਚਾਰੇ ਇਕੱਠੇ ਹੋ ਗਏ! ਖੁਸ਼ੀ ਦੀ ਕੋਈ ਹੱਦ ਨਾ ਰਹੀ। ਕੇਵਲ ਮਲਾਹ ਕੋਲ ਲੈ ਗਿਆ, ਉਸਨੇ ਡੋਡੇ ਆਪ ਪੀ ਲਏ ਸਨ ਤੇ ਮੀਕੇ ਨੂੰ ਗਲਾਸ ਭਰ ਕੇ ਦੇ ਦਿੱਤਾ। ਮਲਾਹ ਨੇ ਸਾਰਿਆਂ ਨੂੰ ਬੇੜੀ ਵਿੱਚ ਬਿਠਾਇਆ ਤੇ ਨਦੀ ਪਾਰ ਕਰਵਾ ਕੇ ਬੇੜੀ ਵਾਪਸ ਲੈ ਗਿਆ, ਉੱਧਰੋਂ ਦਿਨ ਵੀ ਚੜ ਆਇਆ।

'ਹੁਣ ਇਉਂ ਕਰੋ ਵਰਦੀ ਲਾਹ ਕੇ ਸਿਵਲ ਕੱਪੜੇ ਪਾ ਲਵੋ। ਸਿਰ ਦੇ ਕੇਸ ਖੋਹਲਕੇ ਪਿੱਛੇ ਸਿੱਟ ਲਵੋ ਦਾਹੜੀਆਂ ਵੀ ਖੁੱਲੀਆਂ ਛੱਡ ਲਵੋ ਤਾਂ ਕਿ ਆਪਾਂ ਸਾਧੂ ਸੰਤ ਲੱਗੀਏ' ਮੀਕੇ ਨੇ ਕਿਹਾ ਤਾਂ ਸਾਰਿਆਂ ਨੇ ਆਪਣੇ ਹਥਿਆਰ ਨੇਫਿਆਂ ਵਿੱਚ ਲਕੋ ਲਏ। ਵਰਦੀ ਬਿਲਟ ਆਪੋ ਆਪਣੇ ਬੈਗਾਂ ਵਿੱਚ ਪਾ ਲਈਆਂ। ਹੁਣ ਇਹ ਸੰਨਿਆਸੀ ਸਾਧੂ ਬਣ ਕੇ ਪੰਜਾਬ ਵੱਲ ਵੀਰਾਨ ਇਲਾਕੇ ਵਿੱਚ ਦੀ ਤੁਰੇ ਜਾ ਰਹੇ ਸਨ। ਕੋਈ ਸੜਕ ਨਹੀਂ, ਕੋਈ ਰਾਹ ਨਹੀਂ! ਬੱਸ ਪਗਡੰਡੀਆਂ ਸਨ। ਪਰ ਉਹ ਵੀ ਸੁਨਸਾਨ ਕੋਈ ਆਦਮੀ ਜਾਂ ਜਾਨਵਰ ਨਜ਼ਰ ਨਹੀਂ ਸੀ ਆ ਰਿਹਾ।

'ਯਾਰ ਭੁੱਖ ਬੌਤ ਲੱਗੀ ਆ' ਦਰਸ਼ਨ ਨੇ ਚਾਰ ਚੁਫੇਰੇ ਦੇਖਕੇ ਕਿਹਾ।

'ਬੱਸ ਤੁਰਦੇ ਚੱਲੋ ਕੋਈ ਨਾ ਕੋਈ ਰੱਬ ਦਾ ਭਗਤ ਮਿਲੂਗਾ' ਕੇਵਲ ਨੇ ਕਿਹਾ। ਜਦੋਂ ਅੱਗੇ ਗਏ ਤਾਂ ਫਿਰ ਜੰਗਲ ਆ ਗਿਆ! ਜੰਗਲ ਵਿੱਚ ਤੁਰਦੇ ਗਏ ਅੱਗੇ ਦੇਖਿਆ ਧੂੰਆਂ ਨਿਕਲਦਾ ਸੀ।

'ਲਓ ਵਈ ਬਣ ਗਿਆ ਕੰਮ!' ਦਰਸ਼ਨ ਨੇ ਖੁਸ਼ ਹੋ ਕੇ ਕਿਹਾ। ਸਾਰੇ ਤੇਜੀ ਨਾਲ ਤੁਰਨ ਲੱਗ ਪਏ ਅੱਗੇ ਇਕ ਸਾਧੂ ਦੀ ਝੌਂਪੜੀ ਸੀ। ਸਾਧੂ ਅੱਖਾਂ ਮੀਚ ਕੇ ਭਗਤੀ ਕਰ ਰਿਹਾ ਸੀ।

'ਰਾਮ ਰਾਮ ਜੀ' ਦਰਸ਼ਨ ਨੇ ਅੱਗੇ ਹੋ ਕੇ ਕਿਹਾ।

'ਜੈ ਭੋਲੇ ਸੰਕਰ!' ਸਾਧੂ ਨੇ ਅੱਖਾਂ ਖੋਲ ਕੇ ਕਿਹਾ। ਸਰ ਕਾਨੇ ਦੀ ਬਣੀ ਚਟਾਈ ਤੇ ਬੈਠਣ ਨੂੰ ਕਿਹਾ।

'ਕਹਾਂ ਸੇ ਆਏ ਹੋ? ਔਰ ਕਹਾਂ ਕੋ ਜਾਨਾ ਹੈ ਭਗਤ ਜਨੋ?' ਸਾਧੂ ਨੇ ਪੁੱਛਿਆ।

'ਹਮ ਤੋਂ ਤੀਰਥੋਂ ਪਰ ਜਾ ਕੇ ਜੀਵਨ ਸਫਲ ਕਰ ਰਹੇ ਹੈਂ ਪਤਾ ਨਹੀਂ ਅਬ ਕੌਨ ਸੇ ਤੀਰਥ ਪਰ ਜਾਨਾ ਹੈ' ਦਰਸ਼ਨ ਨੇ ਕਿਹਾ ਤੇ ਅੰਦਰ ਝਾਕ ਰਿਹਾ ਸੀ ਕਿ ਕੁਛ ਖਾਣ ਨੂੰ ਦੇਊਗਾ ਕਿ ਨਹੀਂ। ਸਾਧੂ ਅੰਦਰੋਂ ਗੁੜ ਅਤੇ ਮੱਕੀ ਦੇ ਭੁੰਨੇ ਹੋਏ ਦਾਣੇ ਲੈ ਆਇਆ ਤੇ ਸਾਰਿਆਂ ਨੂੰ ਵਰਤਾਦਿਆਂ ਕਿਹਾ।

'ਯੇ ਕੱਲ ਕੋਈ ਗੁਰੂ ਕਾ ਪਿਆਰਾ ਦੇ ਗਯਾ ਥਾ ਖਾ ਲੋ'!

'ਆਪ ਖਾਨਾ ਨਹੀਂ ਬਨਾਤੇ?' ਦਰਸ਼ਨ ਨੇ ਪੁੱਛਿਆ! ਸੋਚਿਆ! ਜੇ ਰਾਸ਼ਨ ਹੋਵੇ ਤਾਂ ਚਾਰ ਰੋਟੀਆਂ ਥੱਪ ਲਈਏ।

'ਨਹੀਂ ਭਗਤੋ ਕੋਈ ਦੇ ਜਾਤਾ ਹੈ ਤੋ ਖਾ ਲੇਤਾ ਹੂੰ ਨਹੀਂ ਤੋ ਪਾਨੀ ਪੀਕਰ ਗੁਜ਼ਾਰਾ ਕਰ ਲੇਤਾ ਹੂੰ'! ਸਾਰਿਆਂ ਨੇ ਸੋਚਿਆ ਕਿ 'ਝੋਟਿਆਂ ਵਾਲੇ ਘਰ ਲੱਸੀ ਕਿੱਥੇ' ਏਥੇ ਲੈਣ ਦੇਣ ਨੂੰ ਕੁਛ ਨਹੀਂ ਅੱਗੇ ਚੱਲੀਏ ਸਾਰੇ ਖੜੇ ਹੋ ਗਏ।

'ਅੱਛਾ ਬਾਵਾ ਜੀ ਜੈ ਭੋਲੇ' ਸਾਰਿਆਂ ਨੇ ਕਿਹਾ ਤੇ ਤੁਰ ਪਏ। ਲੀਟਰ-ਲੀਟਰ ਦਾਲ ਤੇ ਕਿੱਲੋ-ਕਿੱਲੋ ਮੀਟ ਖਾਣ ਵਾਲਿਆਂ ਨੂੰ ਗੁੜ ਦੀ ਰੋੜੀ ਨੇ ਕੀ ਕਰਨਾ ਸੀ, ਆਸੇ ਪਾਸੇ ਦੇਖਦੇ ਤੁਰ ਗਏ। ਜੰਗਲ ਖਤਮ ਹੋਇਆ ਤਾਂ ਅੱਗੇ ਖੇਤ ਆ ਗਏ। ਹੁਣ ਕੁਛ ਹੌਂਸਲਾ ਹੋਇਆ ਕਿ ਜੇ ਖੇਤ ਹਨ ਤਾਂ ਨੇੜੇ ਪਿੰਡ ਵੀ ਹੋਵੇਗਾ। ਅੱਗੇ ਇੱਕ ਖਰਬੂਜਿਆਂ ਦਾ ਖੇਤ ਆ ਗਿਆ।

'ਆਹ ਤਾਂ ਵਈ ਗੱਲ ਬਣਗੀ! ਕੱਢ ਲੋ ਕੁੱਖਾਂ' ਆਖ ਕੇ ਦਰਸ਼ਨ ਖਰਬੂਜਿਆਂ ਦੇ ਵਾੜੇ ਵਿੱਚ ਵੜ ਗਿਆ। ਸਾਰਿਆਂ ਨੇ ਰੱਜ-ਰੱਜ ਕੇ ਖਰਬੂਜੇ ਖਾ ਕੇ ਭੁੱਖ ਮਿਟਾਈ।

'ਪੰਡਤਾ ਹੁਣ ਨਾਲ ਵੀ ਦੋ ਦੋ ਲੈ ਲਾ' ਕੇਵਲ ਨੇ ਕਿਹਾ।

'ਲਵਾਂਗੇ ਕੁੰਡੀਆਂ ਲੌਣੀਏ ਜਾਤੇ' ਦਰਸ਼ਨ ਨੇ ਕਿਹਾ ਕਿਉਂਕਿ ਜਦੋਂ ਕੇਵਲ ਦਰਸ਼ਨ ਨੂੰ ਪੰਡਤ ਕਹਿੰਦਾ ਹੁੰਦਾ ਸੀ ਤਾਂ ਦਰਸ਼ਨ ਇਸਨੂੰ ਕੁੰਡੀਆਂ ਲੌਣੀਏ ਜਾਤੇ ਕਹਿ ਕੇ ਛੇੜਦਾ ਸੀ। ਸਾਰਿਆਂ ਨੇ ਦੋ ਦੋ ਖਰਬੂਜੇ ਬੈਗਾਂ ਵਿੱਚ ਪਾ ਲਏ। ਸਾਰਾ ਦਿਨ ਤੁਰਦੇ ਗਏ ਦਿਨ ਛਿਪ ਗਿਆ। ਰਾਤ ਨੂੰ ਇੱਕ ਦਰੱਖਤ ਥੱਲੇ ਖਰਬੂਜੇ ਖਾ ਕੇ ਇੱਕ ਪਹਿਰੇ ਤੇ ਛੱਡ ਕੇ ਸੌਂ ਗਏ। ਦੋ ਦੋ ਘੰਟੇ ਬਾਅਦ ਡਿਊਟੀ ਦੇਣੀ ਸੀ। ਦਿਨ ਚੜਿਆ! ਚਿੜੀਆਂ ਚੂਕੀਆਂ! ਪਹੁ ਫੁੱਟੀ ਆਸ ਕਿਸੇ ਦਾ ਚੰਗਾ ਤੇ ਕਿਸੇ ਦਾ ਮਾੜਾ ਦਿਨ ਚੜਿਆ। ਪੀਣ ਵਾਸਤੇ ਚਾਹ ਤੇ ਖਾਣ ਵਾਸਤੇ ਬ੍ਰੇਕਫਾਸਟ ਨਹੀਂ ਸੀ। ਵਾਟਰ ਬੋਤਲਾਂ ਵਿੱਚ ਰੱਖਿਆ ਪਾਣੀ ਪੀ ਕੇ ਤੁਰ ਪਏ। ਦੋ ਕੁ ਮੀਲ ਤੁਰਨ ਤੋਂ ਬਾਅਦ ਇੱਕ ਪਿੰਡ ਦਿਸਿਆ।

'ਲਓ ਵਈ ਪਿੰਡ ਤਾਂ ਆ ਗਿਆ ਹੁਣ ਏਥੋਂ ਕੋਈ ਬੱਸ ਬੁੱਸ ਜਾਂ ਟ੍ਰੈਕਟਰ ਟਰਾਲੀ ਸ਼ੈਰ ਨੂੰ ਜਾਂਦੀ ਹੋਊ' ਦਰਸ਼ਨ ਨੇ ਕਿਹਾ।

'ਮੈਨੂੰ ਤਾਂ ਭਰਾਵੋ ਬੌਤ ਭੁੱਖ ਲੱਗੀ ਆ' ਕਾਮਰੇਡ ਨੇ ਕਿਹਾ ਉਸਦੇ ਬੁੱਲ ਸੁੱਕੇ ਪਏ ਸਨ। ਬਾਰ-ਬਾਰ ਬੁੱਲਾਂ ਤੇ ਜੀਭ ਫੇਰ ਰਿਹਾ ਸੀ।

'ਮੈਨੂੰ ਤੇਰੇ ਨਾਲੋ ਜਾਦਾ ਭੁੱਖ ਲੱਗੀ ਆ' ਦਰਸ਼ਨ ਨੇ ਕਿਹਾ। ਕਿਉਂਕਿ ਇਹ ਦੋਨੋ ਨਵੇਂ ਸਨ। ਮੀਕਾ ਤੇ ਕੇਵਲ ਪੁਰਾਣੇ ਹੰਢੇ ਹੋਏ ਫ਼ੌਜੀ ਸਨ। ਉਹ ਭੁੱਖ ਤੇਹ ਸਹਿਣੀ ਗਿੱਝੇ ਹੋਏ ਸਨ। ਤੁਰਦੇ ਤੁਰਦੇ ਪਿੰਡ ਦੇ ਬਾਹਰਵਾਰ ਮੰਦਰ ਕੋਲ ਆ ਗਏ ਮੰਦਰ ਵਿੱਚ ਵੜਕੇ ਮੱਥਾ ਟੇਕਿਆ। ਪੰਡਤ ਦੇ ਲੰਮੀ ਧੋਤੀ, ਗਲ ਵਿੱਚ ਮਾਲਾ ਤੇ ਮੱਥੇ ਤੇ ਵੱਡਾ ਸਾਰਾ ਤਿਲਕ ਲਾਇਆ ਸੀ ਤੇ ਹਰੀ ਓਮ ਹਰੀ ਓਮ ਕਰ ਰਿਹਾ ਸੀ। ਉਸਨੇ ਪਤਾਸਿਆਂ ਦਾ ਪ੍ਰਸ਼ਾਦ ਦਿੱਤਾ।

'ਹਰੀ ਓਮ! ਕਹਾਂ ਸੇ ਆਏ ਹੋ ਭਗਤੋ?' ਪੰਡਤ ਨੇ ਪਤਾਸਿਆਂ ਦਾ ਥਾਲ ਰੱਖਕੇ ਪੁੱਛਿਆ।

'ਹਮ ਬਨਾਰਸ ਸੇ ਆਏ ਹੈਂ ਔਰ ਮੇਰਠ ਮੇਂ ਬਿਦਰ ਕੇ ਮੰਦਰ ਕੇ ਦਰਸ਼ਨ ਕਰਨੇ ਹੈਂ' ਮੀਕੇ ਨੇ ਕਿਹਾ।

'ਕੋਈ ਹਮਾਰੇ ਲਾਇਕ ਸੇਵਾ' ਪੰਡਤ ਨੇ ਪੁੱਛਿਆ।

'ਅਗਰ ਖਾਨਾ ਮਿਲ ਜਾਵੇ ਤੋ ਹਮ ਖਾ ਕੇ ਨਿਕਲੇ' ਦਰਸ਼ਨ ਨੇ ਕਿਹਾ।

'ਕਿਉਂ ਨਹੀਂ ਆਪ ਨਹਾ ਧੋ ਲੋ ਮੈ ਗਾਂਓ ਸੇ ਗਜਾ ਕਰਕੇ ਲਾਤਾ ਹੂੰ'

'ਠੀਕ ਹੈ' ਸਾਰਿਆ ਨੇ ਕਿਹਾ। ਪੰਡਤ ਗਜ਼ਾ ਕਰਨ ਚਲਾ ਗਿਆ ਇਹ ਸਾਰੇ ਨਹਾਉਣ ਲੱਗ ਪਏ ਪੰਦਰਾਂ ਕੁ ਮਿੰਟਾਂ ਵਿੱਚ ਇਸ਼ਨਾਨ ਕਰ ਲਿਆ ਅਤੇ ਬਾਹਰ ਤਖਤਪੋਸ਼ ਤੇ ਬੈਠ ਗਏ, ਪੰਡਤ ਜਾ ਚੁੱਕਾ ਸੀ। ਅਚਾਨਕ ਦਸ ਪੰਦਰਾਂ ਬੰਦੇ ਡਾਂਗਾਂ ਗੰਡਾਸੇ ਤੇ ਟਕੂਏ ਲੈ ਕੇ ਇਹਨਾਂ ਤੇ ਹਮਲਾ ਕਰ ਦਿੱਤਾ।

'ਹਮ ਨਹੀਂ ਛੋੜੇਂਗੇ ਪਤਾ ਨਹੀਂ ਕਹਾਂ ਸੇ ਬਦਮਾਸ਼ ਆ ਗਏ ਹੈਂ ਬਾਹਰ ਨਿਕਲੋ ਮੰਦਰ ਸੇ ' ਇਹਨਾਂ ਦੇ ਆਗੂ ਨੇ ਕਿਹਾ ਤੇ ਕਿਰਪਾਨ ਸੂਤ ਲਈ। ਕਈਆਂ ਨੇ ਤਾਂ ਰੋੜੇ ਮਾਰਨੇ ਸੁਰੂ ਕਰ ਦਿੱਤੇ ਇਹ ਮਸਾਂ ਬਚੇ ਸਾਰਿਆਂ ਨੇ ਅੱਖਾਂ ਮਿਲਾਈਆਂ।

'ਠਹਿਰ ਜਾਓ ਸਾਲੋ' ਦਰਸ਼ਨ ਨੇ ਕਿਹਾ ਤੇ ਸਟੇਨ ਸਿੱਧੀ ਕਰ ਦਿੱਤੀ।

'ਭਾਗੋ ਰੇ ਭਾਗੋ ਨਈਂ ਤੋ ਮਾਰੇ ਜਾਏਂਗੇ' ਇਹਨਾਂ ਦੇ ਆਗੂ ਨੇ ਕਿਹਾ ਤੇ ਸਾਰੇ ਭੱਜ ਗਏ।

'ਏਥੇ ਰੁਕਨਾਂ ਖਤਰੇ ਤੋਂ ਖਾਲੀ ਨੀ ਚੱਲੀਏ' ਕੇਵਲ ਨੇ ਆਵਦਾ ਬੈਗ ਸੰਭਾਲਦੇ ਹੋਏ ਨੇ ਕਿਹਾ।

'ਏਹ ਚਲੇ ਗਏ ਆ ਰੋਟੀ ਖਾ ਕੇ ਚੱਲਾਂਗੇ' ਦਰਸ਼ਨ ਨੇ ਕਿਹਾ ਕਿਉਂਕਿ ਉਸਨੂੰ ਬਹੁਤ ਭੁੱਖ ਲੱਗੀ ਸੀ।

'ਏਹ ਚਲੇ ਗਏ ਹੋਰ ਆ ਜਾਣਗੇ ਕੈਂਦੇ ਆ ਫਸੀ ਨੂੰ ਫਟਕਣ ਕੀ ਤੇ ਨਿਕਲੀ ਨੂੰ ਅਟਕਣ ਕੀ' ਕੇਵਲ ਨੇ ਕਿਹਾ ਇਹ ਸੁਣਕੇ ਸਾਰੇ ਬੈਗ ਚੱਕ ਕੇ ਤਿਆਰ ਹੋ ਗਏ ਪਰ ਦਰਸ਼ਨ ਤੇ ਕਾਮਰੇਡ ਪੈਰ ਮਲ ਰਹੇ ਸਨ ਕਿ ਪੰਡਤ ਆ ਜਾਵੇ ਰੋਟੀ ਨਾਲ ਹੀ ਲੈ ਜਾਈਏ ਰਾਹ ਵਿੱਚ ਖਾ ਲਵਾਂਗੇ। ਪਰ ਪੰਡਤ ਨੇ ਵੀ ਰੋਟੀ ਮੰਗ ਕੇ ਲਿਆਉਣੀ ਕਿਹੜਾ ਹੋਟਲ ਤੋਂ ਲਿਆਉਣੀ ਸੀ। ਪੰਡਤ ਨਾ ਆਇਆ ਇਹ ਤੁਰ ਪਏ। ਮੰਦਰ ਦੇ ਬਾਹਰਵਾਰ ਸੁੰਨ ਸਰਾਂ ਸੀ। ਮੰਦਰ ਬਾਹਰਵਾਰ ਸੀ, ਪਿੰਡ ਦੇ ਉੱਤੋਂ ਦੀ ਤੇਜ਼ ਕਦਮਾਂ ਨਾਲ ਤੁਰ ਰਹੇ ਸਨ। ਪਿੰਡ ਕਰਾਸ ਕਰ ਆਏ ਅੱਗੇ ਰਾਹ ਦੇ ਨਾਲ ਹੀ ਖੇਤ ਵਿੱਚ ਘਰ ਪਾਇਆ ਸੀ। ਕਾਫੀ ਵੱਡਾ ਘਰ ਸੀ ਮਾਲ ਡੰਗਰ ਵੀ ਬਹੁਤ ਸੀ। ਘਰ ਦੇ ਬਾਰ ਵਿੱਚ ਇੱਕ ਚਿੱਟੇ ਰੰਗ ਦੀ ਧੋਤੀ ਕਮੀਜ਼ ਪਾਈ ਜਾਟ ਖੜਾ ਸੀ ਉਸਨੇ ਰੋਕ ਲਿਆ।

'ਕਹਾਂ ਜਾ ਰਹੇ ਹੋ ਸਵਾਮੀ ਜੀ?' ਜਾਟ ਨੇ ਹੱਥ ਜੋੜਕੇ ਕਮਾਨ ਵਾਂਗੂੰ ਝੁਕ ਕੇ ਪੁੱਛਿਆ।

'ਹਮ ਤੋ ਮੇਰਠ ਜਾ ਰਹੇ ਹੈਂ'

'ਪੈਦਲ ਹੀ ਜਾਓਗੇ?'

'ਹਾਂ ਹਮਨੇ ਸਾਰੇ ਭਾਰਤ ਕੇ ਮੰਦਰੋਂ ਕੀ ਪੈਦਲ ਯਾਤਰਾ ਕਰਨੀ ਹੈ'

'ਅਗਰ ਬੁਰਾ ਨਾ ਮਾਨੇ ਤੋ ਮੇਰੀ ਏਕ ਬੇਨਤੀ ਹੈ' ਜਾਟ ਨੇ ਹੱਥ ਬੰਨਕੇ ਬੇਨਤੀ ਕੀਤੀ।

'ਬੋਲੋ' ਮੀਕੇ ਨੇ ਕਿਹਾ।

'ਚਾਏ ਪਾਨੀ ਪੀਕਰ ਜਾਨਾ ਆਪਕੀ ਯਾਤਰਾ ਮੇਂ ਹਮਾਰਾ ਭੀ ਕਲਿਆਣ ਹੋ ਜਾਵੇ'

'ਅਬ ਨਹੀਂ ਜਬ ਵਾਪਸ ਲੌਟੇਂਗੇ' ਮੀਕੇ ਨੇ ਕਿਹਾ ਤੇ ਤੁਰਨ ਲੱਗਾ।

'ਇਨਕਾ ਦਿਲ ਕਿਉਂ ਤੋੜਨਾ! ਚਾਏ ਪੀ ਲੋ'! ਦਰਸ਼ਨ ਨੇ ਕਿਹਾ ਕਿਉਂਕਿ ਭੁੱਖ ਨਾਲ ਉਸਦੀ ਬੁਰੀ ਹਾਲਤ ਹੋ ਰਹੀ ਸੀ।

'ਹਾਂ ਹਾਂ ਪਾਂਚ ਮਿੰਟ ਰੁੱਕ ਕੇ ਚਲੇ ਜਾਣਾ ਆਪਕੀ ਕੌਨ ਸੀ ਗਾੜੀ ਛੂਟ ਜਾਏਗੀ' ਜਾਟ ਨੇ ਹੱਥ ਜੋੜ ਕੇ ਤੇ ਹੱਸਕੇ ਕਿਹਾ।

'ਨਹੀਂ ਨਹੀਂ' ਆਖਕੇ ਕੇਵਲ ਤੁਰ ਪਿਆ।

'ਤੂੰ ਤੁਰ ਜਾ ਅਸੀਂ ਇਸਦਾ ਦਿਲ ਨੀ ਤੋੜਨਾ' ਕਾਮਰੇਡ ਨੇ ਕਿਹਾ ਤੇ ਦਰਸ਼ਨ ਨੂੰ ਵੀ ਨਾਲ ਲੈ ਲਿਆ। ਦੋਨੋ ਜਾਟ ਨਾਲ ਤੁਰ ਪਏ। ਆਵਦੀ ਹਾਰ ਮੰਨਦੇ ਹੋਏ ਕੇਵਲ ਤੇ ਮੀਕਾ ਵੀ ਨਾ ਚਾਹੁੰਦੇ ਹੋਏ ਨਾਲ ਤੁਰ ਪਏ, ਨਾਲੇ ਟ੍ਰੇਨਿੰਗ ਦੌਰਾਨ ਉਸਤਾਦ ਦੇ ਸ਼ਬਦ ਯਾਦ ਆਏ-

'ਖਬਰਦਾਰ! ਲੜਾਈ ਵਿੱਚ ਕਿਸੇ 'ਤੇ ਭਰੋਸਾ ਨਹੀਂ ਕਰਨਾ! ਕੋਈ ਵੀ ਆਦਮੀ ਜਾਸੂਸ ਹੋ ਸਕਦਾ ਹੈ' ਪਰ ਇਹਨਾ ਨੂੰ ਕੌਣ ਸਮਝਾਵੇ ਕਿ ਇਹ ਜਾਟ ਆਪਣਾ ਕੀ ਲਗਦਾ ਹੈ? ਆਪਾਂ ਨੂੰ ਕਿਉਂ ਚਾਹ ਪਿਆਊਗਾ? ਜਾਟ ਤਾਂ ਕਿਸੇ ਨੂੰ ਪਾਣੀ ਦੀ ਘੁੱਟ ਵੀ ਨਹੀ ਪਿਆਉਂਦੇ ਚਾਹ ਤਾਂ ਦੂਰ ਦੀ ਗੱਲ! ਕੇਵਲ ਉਹਨਾਂ ਕਬੂਤਰਾਂ ਬਾਰੇ ਸੋਚ ਰਿਹਾ ਸੀ ਜੋ ਕਿ ਜੰਗਲ ਵਿੱਚ ਚੌਲ ਖਾਣ ਬੈਠ ਗਏ ਸਨ। ਜਦੋਂ ਕਿ ਉਹਨਾਂ ਦੇ ਸਰਦਾਰ ਨੇ ਕਿਹਾ ਸੀ ਜੰਗਲ ਵਿੱਚ ਚੌਲ ਕਿੱਥੋਂ ਆਏ? ਏਹ ਕੋਈ ਚਾਲ ਹੈ ਇਹ ਚੌਲ ਨਾ ਖਾਵੋ ਪਰ ਕਬੂਤਰ ਨਾ ਮੰਨੇ ਆਖਰ ਜਾਲ ਵਿੱਚ ਫਸ ਗਏ। ਸੋ ਇਸ ਭੁੱਖੇ ਮਰਦੇ ਇਲਾਕੇ ਵਿੱਚ ਕੋਈ ਪਾਣੀ ਦੀ ਘੁੱਟ ਨਹੀਂ ਪਿਆਉਂਦਾ ਚਾਹ ਤੇ ਪਰੌਂਠੇ ਕਿੱਥੋਂ? ਇਹ ਖਿਆਲ ਆਉਂਦਿਆਂ ਹੀ ਕੇਵਲ ਤ੍ਰਭਕ ਗਿਆ। ਤੇ ਗੁੱਸੇ ਵਿੱਚ ਬੋਲਿਆ-

'ਚੱਲੋ ਓਏ ਮੁੜੋ ਪਿੱਛੇ, ਵੇਲਾ ਹੱਥ ਨੀ ਔਣਾ' ਕਿਉਂਕਿ ਪਿੰਡ ਵੱਲੋਂ ਇੱਕ ਬੱਸ ਆ ਰਹੀ ਸੀ ਮੀਕੇ ਦਾ ਖਿਆਲ ਸੀ ਬੱਸ ਵਿੱਚ ਬੈਠਕੇ ਕੇ ਦੂਰ ਜਾ ਕੇ ਚਾਹ ਪਾਣੀ ਪੀ ਲਵਾਂਗੇ।

'ਸਾਰੀ ਪੰਜ ਮਿੰਟ ਦੀ ਗੱਲ ਆ' ਕਾਮਰੇਡ ਨੇ ਕਿਹਾ।

'ਔਹ ਬੱਸ ਔਂਦੀ ਆ ਚੜ ਚਲਦੇ ਆਂ ਮੰਨ ਜੋ!' ਮੀਕੇ ਨੇ ਵੀ ਦੋਵੇਂ ਹੱਥ ਬੰਨ ਕੇ ਵਾਸਤਾ ਪਾਇਆ।

'ਦਸਾਂ ਮਿੰਟਾਂ 'ਚ' ਬੱਸ ਹੋਰ ਆਜੂ' ਦਰਸ਼ਨ ਨੇ ਕਿਹਾ।

'ਚਲੋ ਸੁਆਮੀ ਜੀ ਚਲੋ' ਜਾਟ ਨੇ ਕਿਹਾ ਮੀਕਾ ਤੇ ਕੇਵਲ ਵੀ ਤੁਰ ਪਏ ਦਰਵਾਜੇ ਦੇ ਨਾਲ ਹੀ ਇੱਕ ਬੈਠਕ ਸੀ। ਉਸ ਵਿੱਚ ਇੱਕ ਮੇਜ ਚਾਰ ਪੰਜ ਕੁਰਸੀਆਂ ਤੇ ਦੋ ਮੰਜੇ ਪਏ ਸਨ। ਹਨੂੰਮਾਨ ਤੇ ਰਾਮ ਚੰਦਰ ਦੀਆਂ ਫੋਟੋ ਲੱਗੀਆਂ ਸਨ। ਫੋਟੋਆਂ ਅੱਗੇ ਬੁਝੀ ਹੋਈ ਧੂਫ ਦੀ ਸਵਾਹ ਪਈ ਸੀ।

'ਬੈਠੋ ਮੈਂ ਚਾਏ ਪਾਨੀ ਲੇਕਰ ਆਤਾ ਹੂੰ' ਆਖਕੇ ਜਾਟ ਚਲਾ ਗਿਆ, ਛੇਤੀ ਚਾਹ ਲੈਕੇ ਆ ਗਿਆ ਜਿਵੇਂ ਪਹਿਲਾਂ ਬਣਾ ਕੇ ਰੱਖੀ ਹੋਵੇ ਤੇ ਪਾਣੀ ਦਾ ਜੱਗ ਦਾ ਜੱਗ ਸੀ। ਪਹਿਲਾਂ ਸਾਰਿਆਂ ਨੇ ਪਾਣੀ ਪੀਤਾ ਫਿਰ ਚਾਹ ਪੀਣ ਲੱਗ ਪਏ।

'ਅਗਰ ਦੋ ਮਿੰਟ ਰੁਕ ਜਾਓ ਤੋ ਦੋ ਦੋ ਪਰਾਠੇ ਲਾ ਦੂੰ' ਜਾਟ ਨੇ ਕਿਹਾ ਤੇ ਚਲਾ ਗਿਆ।

'ਨਹੀਂ ਅਬ ਹਮੇਂ ਜਾਨੇ ਦੋ!' ਕੇਵਲ ਫਟਾ–ਫਟ ਚਾਹ ਪੀ ਕੇ ਖੜਾ ਹੋ ਗਿਆ। ਮੀਕਾ ਬੈਠਾ ਬੈਠਕ ਵਿੱਚ ਸੀ ਪਰ ਧਿਆਨ ਬਾਹਰ ਵੱਲ ਸੀ। ਦੂਰੋਂ ਧੂੜ ਉੱਡਦੀ ਨਜ਼ਰ ਆ ਰਹੀ ਸੀ ਮੀਕੇ ਦਾ ਖਿਆਲ ਸੀ ਕਿ ਇਹ ਬੱਸ ਹੈ ਚਲਦੇ ਆਂ।

'ਜਿੱਥੇ ਚਾਹ ਪੀਤੀ ਆ ਉੱਥੇ ਦੋ ਪਰੌਂਠੇ ਵੀ ਖਾਣ 'ਚ' ਕੀ ਫਰਕ ਪੈਂਦਾ' ਕਾਮਰੇਡ ਨੇ ਕਿਹਾ।

'ਤੁਸੀਂ ਸਮਝਦੇ ਕਿਉਂ ਨੀ? ਮੈਂ ਥੋਡੇ ਨਾਲ ਆਂ ਰੋਟੀ ਮੈਂ ਵੀ ਨਹੀਂ ਖਾਧੀ ਭੁੱਖ ਮੈਨੂੰ ਵੀ ਲੱਗੀ ਆ, ਆਪਾਂ ਕੋਈ ਵਿਆਹ ਨੀ ਆਏ ਮੈਨੂੰ ਕੁਸ਼ ਵੀ ਚੰਗਾ ਨੀ ਲੱਗ ਰਿਹਾ! ਦਿਲ ਘਬਰਾਈ ਜਾਂਦੈ! ਇੱਥੋਂ ਨਿਕਲੋ ਔਹ ਬੱਸ ਵੀ ਔਂਦੀ ਆ' ਕੇਵਲ ਨੇ ਕਿਹਾ ਪਰ ਕਾਮਰੇਡ ਤੇ ਦਰਸ਼ਨ ਟੱਸ ਤੋ ਮੱਸ ਨਹੀਂ ਸਨ ਹੋ ਰਹੇ। ਕੇਵਲ ਤੇ ਮੀਕਾ ਹੱਥ ਬੰਨ ਕੇ ਰੱਬ ਦਾ ਵਾਸਤਾ ਪਾ ਰਹੇ ਸਨ ਪਰ ਇਹ ਸੁਣ ਨਹੀਂ ਸਨ ਰਹੇ!

'ਬੱਸ ਦੋ ਦੋ ਪਰੌਂਠੇ ਫਿਰ ਨੀ ਆਪਾਂ ਰੁਕਦੇ' ਦਰਸ਼ਨ ਨੇ ਕਿਹਾ।

'ਪੰਡਤਾ ਤੂੰ ਸਿਆਣਾ ਬਿਆਣਾ ਬੰਦਾ ਭਲਾਂ ਗਿਆ ਵਕਤ ਕਿਤੇ ਹੱਥ ਔਂਦਾ? ਮੰਨ ਜਾ ਬਾਪੂ ਬੱਸ ਨੇੜੇ ਆ ਗਈ ਆ ਭੱਜ ਚੱਲੀਏ ਅਜੇ ਕੁਸ਼ ਨੀ ਵਿਗੜਿਆ' ਕੇਵਲ ਨੇ ਕਿਹਾ ਏਨੇ ਨੂੰ ਜਾਟ ਪਰੌਂਠੇ ਲੈ ਕੇ ਆ ਗਿਆ ਪਰੌਂਠਿਆਂ ਦੀ ਖੁਸ਼ਬੂ ਕਾਮਰੇਡ ਹੁਣਾਂ ਨੂੰ ਪਾਗਲ ਕਰ ਰਹੀ ਸੀ। ਬੱਸ ਘਰ ਕੋਲ ਰੁਕੀ। ਮੀਕੇ ਤੇ ਕੇਵਲ ਦਾ ਦਿਲ ਕਰਦਾ ਸੀ ਕਿ ਭੱਜਕੇ ਬੱਸ ਬੈਠੀਏ ਪਰ ਮਜਬੂਰ ਸੀ। ਇਹਨਾ ਨੂੰ ਛੱਡ ਕੇ ਨਹੀਂ ਸੀ ਜਾ ਸਕਦੇ! ਬੱਸ ਇੱਕ ਬੰਦਾ ਉਤਾਰ ਕੇ ਚਲੀ ਗਈ, ਦੋਵੇਂ ਹੱਥ ਮਲਦੇ ਰਹਿ ਗਏ। ਸਾਹਮਣੇ ਪਰਾਉਠੇ ਪਏ ਸਨ ਦਿਲ ਕੇਵਲ ਤੇ ਮੀਕੇ ਦਾ ਵੀ ਖਾਣ ਨੂੰ ਕਰਦਾ ਸੀ। ਪਰ ਪਰਾਉਠੇ ਇਸਨੂੰ ਸੱਪ ਦੀ ਜ਼ਹਿਰ ਵਾਂਗ ਦਿਖਾਈ ਦੇ ਰਹੇ ਸਨ। ਅਜੇ ਪਹਿਲੀ ਹੀ ਬੁਰਕੀ ਤੋੜੀ ਸੀ ਕਿ–

'ਹਾਥ ਖੜੇ ਕਰਕੇ ਬਾਹਰ ਆ ਜਾਵੋ ਤੁਮ ਲੋਗੋਂ ਕੋ ਚਾਰੋਂ ਤਰਫ਼ ਪੁਲੀਸ ਨੇ ਘੇਰ ਰੱਖਾ ਹੈ!' ਜਦੋਂ ਸਪੀਕਰ ਵਿੱਚੋਂ ਇਹ ਅਜੀਬ ਅਕਾਸ਼ਵਾਣੀ ਸੁਣੀ ਤਾਂ ਹੱਥੋਂ ਪਰਾਉਠੇ ਡਿੱਗ ਪਏ ਭੁੱਖ ਕਿਸੇ ਦਾਅ ਨੂੰ ਗਈ! ਜਾਟ ਕਿਤੇ ਵੀ ਨਾ ਦਿਸਿਆ। ਦਰਸ਼ਨ ਨੇ ਸਟੇਨ ਤੇ ਮੈਗਜ਼ੀਨ ਫਿੱਟ ਕਰ ਲਿਆ–

'ਆਹ ਕੀ ਕਰਦੈਂ?' ਕੇਵਲ ਨੇ ਦਰਸ਼ਨ ਨੂੰ ਪੁੱਛਿਆ।

'ਕਰਨਾ ਕੀ ਆ ਹੋਰ ਏਦੇ ਚੋਂ ਚਾਹ ਨਿਕਲਨੀ ਆ ਜੋ ਵੀ ਅੱਗੇ ਆਊ ਭੁੰਨ ਦੂੰ ਛੱਲੀ ਵਾਂਗੂੰ' ਦਰਸ਼ਨ ਨੇ ਸਟੇਨ ਦੀ ਨਾਲੀ ਬਾਹਰ ਵੱਲ ਕਰਦੇ ਕਿਹਾ। ਮੀਕੇ ਨੇ ਸੋਚਿਆ ਇਹ ਬਾਮਣ ਭੈੜਾ ਇਸਨੇ ਨੀ ਹਟਣਾ ਕਿਉਂਕਿ ਕਿਸੇ ਨੇ ਕਿਹਾ ਹੈ–

'ਵਗੇ ਪੁਰਾ ਓਹ ਵੀ ਬੁਰਾ, ਜੱਟ ਵਜਾਵੇ ਤੁਰਾ ਓਹ ਵੀ ਬੁਰਾ, ਬਾਮਣ ਦੇ ਹੱਥ ਛੁਰਾ ਓਹ ਵੀ ਬੁਰਾ'

ਪਰ ਏਥੇ ਤਾਂ ਸਟੇਨ ਆ ਜਿਸ ਵਿੱਚ 34 ਗੋਲੀਆਂ ਪੈਂਦੀਆਂ ਇਸਨੇ ਨਹੀਂ ਟਲਨਾ।

'ਦੇਖ ਆਪਣੇ ਕੋਲ ਅਮਨੀਸ਼ਨ ਏਨਾ ਨੀ ਕਿ ਆਪਾਂ ਪੁਲਸ ਜਾ ਫ਼ੌਜ ਨਾਲ ਮੁਕਾਬਲਾ ਕਰ ਸਕੀਏ।' ਮੀਕੇ ਨੇ ਬਾਹਰ ਦੇਖਕੇ ਕਿਹਾ ਕਿਉਂਕਿ ਬਾਹਰ ਸਾਰੇ ਪਿੰਡ ਨੂੰ ਪੁਲੀਸ ਨੇ ਘੇਰ ਰੱਖਿਆ ਸੀ। ਸਾਰਾ ਪਿੰਡ ਸੁੱਸਰੀ ਵਾਂਗੂੰ ਸੁੱਤਾ ਪਿਆ ਸੀ। ਕੋਈ ਕੁੱਤਾ ਵੀ ਨਹੀਂ ਸੀ ਭੌਂਕ ਰਿਹਾ।

'ਫਿਰ ਆਪਾਂ ਨੂੰ ਏਹ ਲੋਹਾ ਚੱਕਣ ਦਾ ਕੀ ਫੈਦਾ?' ਕਾਮਰੇਡ ਵਿੱਚੋਂ ਬੋਲਿਆ।

'ਏਹ ਆਵਦੇ ਬਚਾਅ ਵਾਸਤੇ ਆ ਕਿਸੇ ਨੂੰ ਮਾਰਨ ਵਾਸਤੇ ਨੀ ਨਾਲੇ ਆਪਣੀ ਏਨਾ ਨਾਲ ਕੀ ਦੁਸਮਣੀ ਆ? ਮਾਰਾ ਮਾਰੀ 'ਚ' ਫੈਦਾ ਨੀ ਜੇ ਬਚਗੇ ਤਾਂ ਵੀ ਲੱਖ ਵੱਟਿਆ?' ਕੇਵਲ ਨੇ ਸਮਝਾਇਆ। ਪਰ ਦਰਸ਼ਨ ਹਟਣ ਵਾਲਾ ਨਹੀਂ ਸੀ ਬਾਹਰ ਸਟੇਨ ਲੈ ਕੇ ਬੈਠਕ ਤੇ ਚੜਨ ਵਾਸਤੇ ਬਾਰ ਬਾਰ ਬਾਹਰ ਨੂੰ ਭੱਜਦਾ ਸੀ ਪਰ ਮੀਕੇ ਦਾ ਫੜਕੇ ਰੱਖਿਆ ਸੀ।

'ਸਾਲਾ ਮੇਰਾ ਜਾਟ ਕਿੱਧਰ ਗਿਆ ਏਦੀ ਭੈਣ ਦੇ ਪਰੌਂਠੇ 'ਚ. . .' ਦਰਸ਼ਨ ਨੇ ਗਾਲ ਕੱਢੀ ਉਹ ਹੱਥਾਂ ਤੇ ਦੰਦੀਆਂ ਵੱਢ ਰਿਹਾ ਸੀ। ਸੋਚਦਾ ਸੀ ਜੇ ਜਾਟ ਦਿਸ ਜਾਵੇ ਤਾਂ ਖਲਾਰ ਦੇਵਾਂ ਖੱਖੜੀ ਵਾਂਗੂੰ ਪਰ ਜਾਟ ਚਲਾਕ ਸੀ ਭੱਜ ਗਿਆ!

'ਮੈਨੂੰ ਤਾਂ ਓ ਪੁਲਸ ਵਾਲਾ ਲਗਦਾ ਸੀ' ਕੇਵਲ ਨੇ ਕਿਹਾ।

'ਤੇ ਪੈਲਾਂ ਨਾ ਦੱਸਿਆ' ਦਰਸ਼ਨ ਨੇ ਗੁੱਸੇ ਨਾਲ ਕਿਹਾ।

'ਥੋਨੂੰ ਦੱਸੀ ਤਾਂ ਜਾਂਦੇ ਸੀ ਰੋਟੀ ਰਾਟੀ ਨੂੰ ਰੈਣ ਦਿਓ! ਤੁਸੀਂ ਮੰਨੇ ਨੀ' ਮੀਕੇ ਨੇ ਕਿਹਾ

'ਤੂੰ ਤਾਂ ਐਵੇਂ ਫੋਕੇ ਫੈਰ ਜੇ ਕਰੀ ਜਾਂਦਾ ਸੀ, ਸਿੱਧਾ ਫੈਰ ਨੀ ਕੀਤਾ' ਕਾਮਰੇਡ ਨੇ ਕਿਹਾ।

'ਤੁਮੇਂ ਪਾਂਚ ਮਿੰਟ ਦੀਏ ਜਾਤੇ ਹੈ ਅਪਨੇ ਆਪ ਕੋ ਪੁਲੀਸ ਕੇ ਹਵਾਲੇ ਕਰ ਦੋ' ਸਪੀਕਰ ਵਿੱਚ ਫਿਰ ਆਵਾਜ਼ ਆਈ।

'ਹੁਣ ਕੀ ਕਰੀਏ' ਦਰਸ਼ਨ ਨੇ ਪੁੱਛਿਆ।

'ਹੁਣ ਪਰੌਂਠੇ ਮੰਗਵਾਵੋ!' ਕੇਵਲ ਨੇ ਕਿਹਾ ਕੇਵਲ ਸਤਿਆ ਪਿਆ ਸੀ।

'ਮੈਂ ਕੱਲਾ ਨੀ ਸੀ ਤੇਰਾ ਪਿਓ ਕੁੰਡੀਆਂ ਲੌਣੀ ਜਾਤ ਵੀ ਸੀ ਕਾਮਰੇਡ ਕੈਂਦਾ ਸੀ ਆਲੂਆਂ ਵਾਲੇ ਪਰੌਂਠੇ ਖਾਣੇ ਆ' ਦਰਸ਼ਨ ਨੇ ਗੁੱਸੇ ਨਾਲ ਕਿਹਾ। ਫਿਰ ਸਪੀਕਰ ਵਿੱਚ ਪੇਸ਼ ਹੋਣ ਵਾਸਤੇ ਕਿਹਾ–

'ਮੈਂ ਪਾਂਚ ਤੱਕ ਗਿਨਤੀ ਕਰੂੰਗਾ, ਅਪਨੇ ਆਪ ਕੋ ਹਮਾਰੇ ਸਾਮਨੇ ਪੇਸ਼ ਨਹੀਂ ਕੀਆ ਤੋ ਹਮ ਭੂੰਨ ਕੇ ਰੱਖ ਦੇਂਗੇ' ਇਹ ਸੁਣਕੇ ਸਾਰੇ ਬਾਹਵਾਂ ਖੜੀਆਂ ਕਰਕੇ ਬੈਠਕ ਵਿੱਚੋ ਬਾਹਰ ਆ ਗਏ। ਤਿੰਨ ਕੁ ਸੌ ਗਜ ਤੇ ਪੁਲੀਸ ਸੀ। ਉਹ ਭੱਜ ਕੇ ਆਏ ਇਹਨਾਂ ਦੇ ਹਥਿਆਰ ਕਬਜ਼ੇ ਵਿੱਚ ਲੈ ਕੇ ਹੱਥਕੜੀਆਂ ਲਾ ਦਿੱਤੀਆਂ। ਇਹ ਚਾਰ ਸਨ ਤੇ ਪੁਲੀਸ ਵਾਲੇ ਚਾਰ ਹਜ਼ਾਰ ਦੇ ਲਗਭਗ। ਪੁਲੀਸ ਤਾਂ ਇਉਂ ਸਰਚ ਲਾਈਟਾਂ ਲਈ ਫਿਰਦੀ ਸੀ ਜਿਵੇਂ ਚੰਬਲ ਘਾਟੀ ਦੇ ਡਾਕੂ ਫੜਨੇ ਹੋਣ! ਇੱਕ ਕਿਲੋਮੀਟਰ ਤੱਕ ਘੇਰਾ ਸੀ।

'ਇਨਕੋ ਮੇਰੀ ਗਾੜੀ ਮੇਂ ਬਿਠਾਵੋ' ਐਸ ਐਸ ਪੀ ਨੇ ਕਿਹਾ ਜੋ ਹਿੰਦੂ ਸੀ। ਚਾਰੇ ਐਸ ਐਸ ਪੀ ਦੀ ਗੱਡੀ ਵਿੱਚ ਬੈਠ ਗਏ।

'ਮੇਰਾ ਨਾ ਕਮਲ ਸ਼ਰਮਾਂ ਹੈ ਮੈਂ ਵੀ ਪੰਜਾਬ ਦਾ ਹਾਂ' ਐਸ ਐਸ ਪੀ ਨੇ ਕਿਹਾ।

'ਸਾਬ ਜੀ ਐਨੀ ਪੁਲੀਸ ਕਾਦੇ ਵਾਸਤੇ ਅਸੀਂ ਕੋਈ ਚੋਰ ਨੀ ਕੋਈ ਡਾਕੂ ਨੀ' ਮੀਕੇ ਨੇ ਪੁੱਛਿਆ।

'ਪੁੱਛੋ ਨਾ ਜਵਾਨੋ ਤੁਸੀ ਚਾਰਾਂ ਨੇ ਸਾਡੀ ਸਾਰੀ ਪੁਲਸ ਨੂੰ ਵਖਤ ਪਾ ਰੱਖਿਆ ਸੀ, ਜੇ ਤੁਸੀਂ ਅੱਜ ਨਾ ਫੜੇ ਜਾਂਦੇ ਤਾਂ ਸਾਡੀ ਖੈਰ ਨਹੀਂ ਸੀ' ਐਸ ਐਸ ਪੀ ਨੇ ਪਿੱਛੇ ਦੇਖਕੇ ਕਿਹਾ।

'ਸਾਬ ਜੀ ਥੋਡਾ ਜਿਲਾ ਕੇੜਾ?' ਕੇਵਲ ਨੇ ਪੁੱਛਿਆ ਕਿ ਸ਼ਾਇਦ ਮੋਗੇ ਦਾ ਹੋਵੇ।

'ਮੇਰਾ ਜਿਲਾ ਜਲੰਧਰ ਤੇ ਨਾਨਕੇ ਅੰਮ੍ਰਿਤਸਰ!' ਐਸ ਐਸ ਪੀ ਨੇ ਕਿਹਾ।

'ਸਾਬ ਜੀ ਫ਼ੌਜ ਨੇ ਦਰਬਾਰ ਸੈਬ ਤੇ ਹਮਲਾ ਕਰਕੇ ਠੀਕ ਨੀ ਕੀਤਾ' ਕਾਮਰੇਡ ਨੇ ਕਿਹਾ।

'ਫ਼ੌਜ਼ ਤੇ ਪੁਲੀਸ ਏਹ ਸਾਰੇ ਹੁਕਮ ਦੇ ਗੁਲਾਮ ਆ ਜਿੱਧਰ ਆਡਰ ਦਿੱਤਾ ਤੁਰ ਪੇ ਜੇ ਨਾ ਤੁਰੇ ਤਾਂ ਗੱਦਾਰ ਗਰਦਾਨ ਦਿੰਦੇ ਆ!' ਐਸ ਐਸ ਪੀ ਨੇ ਆਵਦੀ ਸਾਈਡ ਲੈਂਦੇ ਹੋਏ ਨੇ ਕਿਹਾ।

'ਪਰ ਸਾਬ ਜੀ ਅੰਬਰਸਰ ਦੇ ਡੀ ਸੀ ਨੇ ਤਾਂ ਦਰਬਾਰ ਸੈਬ ਤੇ ਹਮਲਾ ਕਰਨ ਤੇ ਸਾਈਨ ਨੀ ਸੀ ਕੀਤੇ ਓਹ ਵੀ ਤਾਂ ਪੁਲਸ ਵਾਲਾ ਸੀ।'

'ਕਈ ਹੈਗੇ ਆ ਇਹੋ ਜਿਹੇ ਸੂਰਮੇ ਪਰ ਰਾਤੋ ਰਾਤ ਛੁੱਟੀ ਭੇਜਕੇ ਦੂਜੇ ਅਫਸਰ ਤੋਂ ਸਾਈਨ ਕਰਵਾ ਕੇ ਹਮਲਾ ਕਰਵਾਤਾ' ਐਸ ਐਸ ਪੀ ਨੇ ਬਹੁਤ ਭਾਵੁਕ ਹੋ ਕੇ ਕਿਹਾ।

'ਐਸੀ ਪਵਿੱਤਰ ਜਗਾ 'ਤੇ ਹਮਲਾ ਕਰਵਾਤਾ ਪਾਪੀਆਂ ਨੇ ਆਵਦੀ ਚੌਧਰ ਵਾਸਤੇ' ਮੀਕੇ ਨੇ ਕਿਹਾ।

'ਏਹ ਸਾਰੀ ਦੁਨੀਆਂ ਕੁਰਸੀਆਂ ਵਾਸਤੇ ਭੱਜੀ ਫਿਰਦੀ ਆ ਕਿਸੇ ਨੂੰ ਕਿਸੇ ਧਰਮ ਸਥਾਨ ਨਾਲ ਨਹੀਂ, ਕਿਸੇ ਨੂੰ ਕਿਸੇ ਦੇ ਮਰੇ ਦੀ ਗਮੀਂ ਨਹੀਂ'! ਐਸ ਐਸ ਪੀ ਨੇ ਗੰਭੀਰ ਹੋ ਕੇ ਕਿਹਾ।

'ਥੋਨੂੰ ਪਤਾ ਤੁਸੀਂ ਅੱਜ ਕਿਵੇਂ ਬਚਗੇ' ਐਸ ਐਸ ਪੀ ਨੇ ਫਿਰ ਕਿਹਾ।

'ਥੋਡੇ ਕਰਕੇ' ਕੇਵਲ ਨੇ ਕਿਹਾ।

'ਮੇਰੇ ਕਰਕੇ ਨਹੀਂ! ਅੱਜ ਪੁਲੀਸ ਦੀ ਕਮਾਂਡ ਇੱਕ ਸਿੱਖ ਫ਼ੌਜੀ ਅਫਸਰ ਕਰ ਰਿਹਾ ਸੀ। ਇਸ ਵਾਸਤੇ ਅਸੀਂ ਗੋਲੀ ਨਹੀਂ ਚਲਾਈ ਕਿਉਂਕਿ ਅਸੀਂ ਫ਼ੌਜੀ ਅਫਸਰ ਦੇ ਆਡਰ ਤੋਂ ਬਗੈਰ ਗੋਲੀ ਨਹੀਂ ਸੀ ਚਲਾ ਸਕਦੇ' ਐਸ ਐਸ ਪੀ ਨੇ ਕਿਹਾ। ਜੇ ਐਸ ਐਸ ਪੀ ਪਾਡੀ ਮਾਰਨ ਵਾਲਾ ਹੁੰਦਾ ਤਾਂ ਆਖ ਦਿੰਦਾ ਕਿ ਮੈਂ ਥੋਨੂੰ ਬਚਾਇਆ ਪਰ ਉਹ ਪਾਡੀ ਮਾਰਨ ਵਾਲਾ ਨਹੀਂ ਸੀ। ਉਸਦੀ ਗੱਲ ਸੁਣਕੇ ਸਾਰਿਆਂ ਨੇ ਰੱਬ ਦਾ ਸ਼ੁਕਰ ਮਨਾਇਆ। ਬਾਅਦ ਦੁਪਹਿਰ ਨਹਿਰ ਕੋਲ ਇੱਕ ਗੈਸਟ ਹਾਊਸ ਵਿੱਚ ਪਹੁੰਚ ਗਏ। ਉੱਥੇ ਹੋਰ ਵੀ ਬਹੁਤ ਧਰਮੀ ਫੌਜੀ ਸੀ। ਪੱਤਰਕਾਰ ਗਲਾਂ ਵਿੱਚ ਕੈਮਰੇ ਲਮਕਾਈ ਇਓਂ ਬੈਠੇ ਸਨ ਜਿਵੇਂ ਸ਼ਿਕਾਰੀ ਸ਼ਿਕਾਰ ਦੀ ਤਾਕ ਵਿੱਚ ਬੈਠਾ ਹੋਵੇ। ਉੱਥੇ ਟੇਬਲਾਂ ਤੇ ਖਾਣ ਪੀਣ ਵਾਸਤੇ ਨਿੱਕ ਸੁੱਕ ਰੱਖਿਆ ਸੀ।

'ਆਪ ਲੋਗ ਖਾਨਾ ਖਾ ਲੋ' ਪੁਲੀਸ ਵਾਲੇ ਨੇ ਆ ਕੇ ਕਿਹਾ।

'ਅਸੀਂ ਕੁਸ਼ ਨੀ ਖਾਣਾ' ਸਾਰਿਆ ਨੇ ਜਵਾਬ ਦੇ ਦਿੱਤਾ। ਡਰੀਏ ਰੱਬ ਕੋਲੋ ਇਹ ਸਾਰੇ ਖਾਣੇ ਦੇ ਲਾਲਚ ਨੂੰ ਹੀ ਫਸੇ ਸਨ! ਪਰ ਹੁਣ ਕੈਦੀ ਬਣ ਜਾਣ ਕਰਕੇ ਖਾਣ ਨੂੰ ਦਿਲ ਨਹੀਂ ਸੀ ਕਰਦਾ। ਪਰ ਸਾਰੇ ਭੁੱਖੇ ਸਨ ਰੋਟੀ ਪਾਣੀ ਅੰਦਰ ਨਹੀਂ ਸੀ ਜਾ ਰਿਹਾ।

'ਤੁਸੀ ਪੰਜ ਦਿਨਾਂ ਤੋਂ ਰੱਜਕੇ ਰੋਟੀ ਨਹੀਂ ਖਾਧੀ ਜੇ ਥੋਨੂੰ ਰੋਟੀ ਖਾਣ ਨਾਲ ਤਕਲੀਫ ਹੋਈ ਤਾਂ ਮੈਂ ਹਸਪਤਾਲ ਲੈ ਜਾਊਂਗਾ। ਇਸਤੋਂ ਬਾਅਦ ਮੈਂ ਥੋਨੂੰ ਫ਼ੌਜ ਦੇ ਹਵਾਲੇ ਕਰ ਦੇਣਾ ਹੈ ਤੇ ਜੋ ਸਲੂਕ ਥੋਡੇ ਨਾਲ ਫੌਜੀਆਂ ਨੇ ਕਰਨਾ ਹੈ ਉਸਦਾ ਮੁਕਾਬਲਾ ਥੋਡੇ ਕੋਲੋਂ ਖਾਲੀ ਪੇਟ ਨੀ ਹੋਣਾ!' ਐਸ ਐਸ ਪੀ ਨੇ ਜ਼ੋਰ ਦੇ ਕੇ ਕਿਹਾ।

'ਦਰਸ਼ਨਾ ਕੱਢਲਾ ਕੁੱਖਾਂ' ਮੀਕੇ ਨੇ ਕਿਹਾ।

'ਯਾਰ ਥਾਂ ਕੁ ਥਾਂ ਤਾਂ ਦੇਖਲਾ ਹੁਣ ਤਾਂ ਐਸ ਐਸ ਪੀ ਸਾਬ ਦੀ ਗੱਲ ਮੰਨਣੀ ਪੈਣੀ ਆ ਵੈਸੇ ਖਾਣ ਨੂੰ ਤਾਂ ਦਿਲ ਜਿਆ ਨੀ ਕਰਦਾ' ਦਰਸ਼ਨ ਨੇ ਕਿਹਾ।

'ਤੇਰੀ ਗੱਲ ਤੋਂ ਮੈਨੂੰ ਇੱਕ ਗੱਲ ਯਾਦ ਆਗੀ' ਕੇਵਲ ਨੇ ਕਿਹਾ।

'ਕੀ ਗੱਲ' ਦਰਸ਼ਨ ਨੇ ਪੁੱਛਿਆ।

'ਗੱਲ ਇਓਂ ਸੀ ਕਿ ਸਾਡਾ ਸੀਰੀ ਸ਼ਰਾਬ ਕੱਢਦਾ ਫੜਿਆ ਗਿਆ। ਪੁਲਸ ਵਾਲੇ ਕੈਂਦੇ ਕਿ ਦਾਰੂ ਕੱਢਦਿਆਂ ਦੀ ਫੋਟੋ ਖਿੱਚਣੀ ਆ। ਕਿਉਂਕਿ ਜੱਜ ਅੱਜਕੱਲ ਫੋਟੋ ਮੰਗਦਾ ਹੈ। ਤੁਸੀਂ ਮੁੱਕਰ ਜਾਂਦੇ ਹੋ ਕਿ ਪੁਲਸ ਨੇ ਝੂਠਾ ਕੇਸ ਪਾਇਆ ਹੈ। ਇੱਕ ਨੂੰ ਅੱਗ ਬਾਲਣ, ਦੂਜੇ ਨੂੰ ਪਾਣੀ ਬਦਲੀ ਕਰਨ' ਤੀਜੇ ਨੂੰ ਨਾਲੀ ਫੜਕੇ ਬੋਤਲ ਵਿੱਚ ਪਾਉਣ, ਚੌਥੇ ਨੂੰ ਬਾਰ ਵਿੱਚ ਸੰਤਰੀ। ਬਚ ਗਿਆ ਸਾਡਾ ਸੀਰੀ ਉਸਨੂੰ ਕੈਂਦੇ ਤੂੰ ਦਾਰੂ ਪੀ ਕੇ ਆਂਡੇ ਖਾਹ ਸਾਰਿਆਂ ਨੂੰ ਡਿਉਟੀਆਂ ਤੇ ਖੜਾ ਦਿੱਤਾ ਸਾਡੇ ਸੀਰੀ ਨੇ ਦਾਰੂ ਤਾਂ ਪੀ ਲੀ ਪਰ ਆਂਡੇ ਨਾ ਖਾਵੇ, ਦੇਖਕੇ ਪੁਲਸ ਵਾਲੇ ਨੇ ਕਿਹਾ–

'ਆਂਡੇ ਖਾ ਓਏ' ਪੁਲਸ ਵਾਲੇ ਦੀ ਗੱਲ ਸੁਣਕੇ ਸੀਰੀ ਕੈਂਦਾ–

'ਜੀ ਖਾਧੇ ਜੇ ਨੀ ਜਾਂਦੇ' ਸੁਣਕੇ ਸਾਰੇ ਪੁਲਸ ਵਾਲੇ ਹੱਸ ਪਏ ਅਤੇ ਛੱਡ ਗਏ ਕਿ ਇਹਨਾ ਕੋਲ ਕੀ ਹੈ ਕੱਢ ਲੈਣ ਦਿਓ' ਕੇਵਲ ਨੇ ਗੱਲ ਸੁਣਾਈ ਇੱਕ ਮਿੰਟ ਵਾਸਤੇ ਉਦਾਸੀ ਤੋਂ ਖੁਸ਼ੀ ਵਿੱਚ ਆਈ ਨਾਂਹ ਨੁੱਕਰ ਕਰਦੇ ਖਾਣਾ ਖਾਣ ਲੱਗ ਪਏ। ਖਾਣਾ ਖਾਣ ਤੋਂ ਬਾਅਦ ਪੱਤਰਕਾਰ ਇਹਨਾਂ ਦੇ ਦੁਆਲੇ ਹੋ ਗਏ ਜਿਵੇਂ ਬਹੁਤ ਵੱਡੇ ਅਪਰਾਧੀ ਹੋਣ ਇੱਕ ਚਿੱਬਾ ਜਿਹਾ ਪੱਤਰਕਾਰ ਜਿਸਦਾ ਮੂੰਹ ਟੁੱਟੇ ਛਿੱਤਰ ਵਰਗਾ ਸੀ ਸੁਆਲ ਕੀਤਾ।

'ਆਪ ਲੋਗ ਫ਼ੌਜ ਸੇ ਕਿਉਂ ਭਾਗੇ'?

'ਆਪਕੋ ਮਾਲੂਮ ਨਹੀਂ ਕਿਆ? ਕੇਵਲ ਨੇ ਗੁੱਸੇ ਨਾਲ ਕਿਹਾ ਦਿਲ ਵਿੱਚ ਸੋਚਿਆ ਸਾਲਿਆ ਮੇਰਿਆ ਪੱਤਰਕਾਰ ਤੂੰ ਟੈਰੇ ਦਾ! ਇਹ ਸਵਾਲ ਵੀ ਕੋਈ ਪੁੱਛਣ ਵਾਲਾ। ਜਵਾਬ ਸੁਣਕੇ ਉਹ ਚੁੱਪ ਹੋ ਗਿਆ ਤੇ ਦੂਜਾ ਪੱਤਕਰਾਰ ਆ ਗਿਆ।

'ਆਪ ਲੋਗ ਕਹਾਂ ਸੇ ਭਾਗੇ ਥੇ?'

'ਹਮਕੋ ਨਹੀਂ ਮਾਲੂਮ'

'ਕਿਤਨੇ ਆਦਮੀ ਥੇ'?

'ਹਮਕੋ ਨਹੀਂ ਮਾਲੂਮ'

'ਆਪ ਲੋਗੋਂ ਨੇ ਕਿਸੀ ਕੋ ਜਾਨ ਸੇ ਮਾਰਾ'?

'ਨਹੀਂ'

'ਅਗਰ ਆਪ ਕੋ ਨਾ ਪਕੜਤੇ ਤੋਂ ਕਿਆ ਕਰਤੇ'?

'ਹਮ ਅੰਬਰਸਰ ਜਾਕਰ ਜੋ ਭੀ ਦਰਬਾਰ ਸੈਹਬ ਕੇ ਅੰਦਰ ਹੋਤਾ ਭੂੰਨ ਡਾਲਤੇ'

'ਕਿਉਂ'?

'ਕਿਉਂਕਿ ਹਮ ਅਪਨੇ ਧਰਮ ਅਸਥਾਨ ਕੀ ਬੇਅਦਬੀ ਕੈਸੇ ਬਰਦਾਸ਼ਤ ਕਰਤੇ'?

'ਆਪ ਕੋ ਮਾਲੂਮ ਯੇ ਗਲਤ ਕਾਮ ਥਾ'?

'ਯੇਹ ਗਲਤ ਨਹੀਂ ਥਾ ਗਲਤ ਕਾਮ ਤੋ ਗੌਰਮਿੰਟ ਨੇ ਕੀਆ ਜਿਸਕਾ ਜਵਾਬ ਦੇਨੇ ਹਮ ਨਿਕਲੇ'

'ਆਪਕੋ ਕਾਨੂੰਨ ਹਾਥ ਮੇਂ ਨਹੀਂ ਲੇਨਾ ਥਾ? ਕਾਨੂੰਨੀ ਕਾਰਵਾਈ ਕਰਨੀ ਥੀ ਫੌਜਦਾਰੀ ਨਹੀਂ'?

'ਆਪ ਕੀ ਮਾਂ ਬਹਿਨ ਜਾਂ ਮਾ ਬਾਪ ਕੀ ਇੱਜਤ ਆਪਕੇ ਸਾਮਨੇ ਪੈਰੋਂ ਰੋਲੇ ਤੋ ਪੁਲੀਸ ਕੋਲ ਜਾਏਂਗੇ ਜਾਂ ਆਪਨੀ ਮਾਂ ਬਹਿਨ ਕਾ ਬਾਜੂ ਪਕੜਨੇ ਵਾਲੇ ਮਾਰੇਂਗੇ?'

''

'ਬੜੇ ਆਏ ਹਮਕੋ ਕਾਨੂੰਨ ਬਤਾਨੇ ਵਾਲੇ ਬੋਲੋ ਆਪਕੀ ਮਾਂ ਬਹਿਨ ਕੀ ਇਜੱਤ ਕੋਈ ਹਾਥ ਡਾਲੇ ਤੋ ਥਾਨੇ ਜਾਓਗੇ?' ਕੇਵਲ ਨੇ ਫਿਰ ਉੱਚੀ ਲਲਕਾਰਾ ਮਾਰਿਆ ਪੱਤਰਕਾਰ ਛੂ ਮੰਤਰ ਹੋ ਗਿਆ। ਦੂਜੇ ਕਿਸੇ ਪੱਤਰਕਾਰ ਨੇ ਇੰਟਰਵਿਊ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਪੱਤਰਕਾਰ ਕੁੜੀ ਦੱਬ ਕੇ ਆਇਆਂ ਵਾਂਗੂੰ ਵਾਪਸ ਚਲੇ ਗਏ। ਇੱਕ ਫ਼ੌਜ ਦਾ ਕਰਨਲ ਜੋ ਕਿ ਸਿੱਖ ਸੀ ਤੇ ਇੱਕ ਮੇਜਰ ਜੋ ਕਿ ਹਿੰਦੂ ਸੀ ਗੈਸਟ ਹਾਊਸ ਵਿੱਚ ਆ ਗਏ। ਐਸ ਐਸ ਪੀ ਨੇ ਸਲੂਟ ਮਾਰਿਆ।

'ਚਾਰ ਫ਼ੌਜੀ ਸੰਭਾਲੋ'! ਐਸ ਐਸ ਪੀ ਨੇ ਕਰਨਲ ਨੂੰ ਕਿਹਾ। ਐਸ ਐਸ ਪੀ ਨੇ ਕਿਹਾ ਹੀ ਸੀ ਕਿ ਬਾਜ਼ ਵਾਂਗੂੰ ਹਿੰਦੂ ਮੇਜਰ ਅੱਖਾਂ ਲਾਲ ਕਰਕੇ ਆ ਗਿਆ ਨਾਲ ਹੀ ਹੌਲਦਾਰ ਨੂੰ ਇਸ਼ਾਰਾ ਕੀਤਾ ਉਸ ਨਾਲ ਚਾਰ ਹਥਿਆਰਬੰਦ ਫੌਜ਼ੀ ਫਟਾ ਫਟ ਹੱਥਕੜੀਆਂ ਲੈ ਕੇ ਆ ਗਏ। ਮੇਜਰ ਬਹੁਤ ਗੁੱਸੇ ਵਿੱਚ ਲਗਦਾ ਸੀ ਜਿਵੇਂ ਇਹਨਾਂ ਨੇ ਇਸ ਮੇਜਰ ਦੀ ਕੁੜੀ ਫੜ ਲਈ ਹੋਵੇ।

'ਹੱਥਕੜੀ ਕੇ ਬਗੈਰ ਹੀ ਐਸੇ ਖਤਰਨਾਕ ਅਪਰਾਧੀਓਂ ਕੋ ਲੇ ਆਏ' ਮੇਜਰ ਨੇ ਐਸ ਐਸ ਪੀ ਨੂੰ ਕਿਹਾ।

'ਯੇ ਦੇਸ਼ਭਗਤ ਹੈਂ ਇਨਹੋ ਨੇ ਕਿਧਰ ਜਾਨਾ ਹੈ ਖਤਰਨਾਕ ਅਪਰਾਧੀਓਂ ਕੋ ਦੇਖ ਕਰ ਤੋ ਸਭ ਕਾ ਪਿਸ਼ਾਬ ਨਿਕਲ ਜਾਤਾ ਹੈ' ਐਸ ਐਸ ਪੀ ਨੇ ਪੂਰੇ ਗੁੱਸੇ ਨਾਲ ਕਿਹਾ। ਕਿਉਂਕਿ ਜੀਪ ਵਿੱਚ ਇਹ ਚਾਰੇ ਫ਼ੌਜੀ, ਡਰਾਈਵਰ ਤੇ ਐਸ ਐਸ ਪੀ ਹੀ ਸੀ। ਮੇਜਰ ਇਹਨਾ ਦੇ ਕੋਲ ਆਇਆ ਐਸ ਐਸ ਪੀ ਨੇ ਕੋਈ ਹੱਥਕੜੀ ਨਹੀਂ ਸੀ ਲਾਈ।

'ਇਨਕੇ ਹੱਥਕੜੀ ਲਗਾਓ' ਮੇਜਰ ਨੇ ਕਿਹਾ ਤਾਂ ਇੱਕ ਹੌਲਦਾਰ ਨੇ ਸਾਰਿਆਂ ਦੇ ਦੋਨੋ ਹੱਥ ਅੱਗੇ ਕਰਵਾਕੇ ਹੱਥਕੜੀਆਂ ...

'ਅਰੇ ਐਸੇ ਨਹੀਂ ਇਨਕੇ ਹਾਥ ਪੀਛੇ ਕਰਕੇ ਹੱਥਕੜੀ ਲਗਾਓ' ਮੇਜਰ ਨੇ ਕਿਹਾ ਤਾਂ ਹੌਲਦਾਰ ਚਾਬੀ ਨਾਲ ਹੱਥਕੜੀ ਖੋਹਲਣ ਲੱਗਾ।

'ਸਾਬ ਕਿਆ ਕਰ ਰਹੇ ਹੋ ਆਪ, ਯੇਹ ਅਪਨੇ ਦੇਸ਼ ਕੇ ਫ਼ੌਜੀ ਹੈ ਕੋਈ ਪਾਕਿਸਤਾਨੀ ਨਹੀਂ ਐਸੇ ਇਨਕੋ ਤਕਲੀਫ ਹੋਗੀ' ਕਰਨਲ ਜੋ ਕਿ ਸਿੱਖ ਸੀ ਉਸਨੇ ਕਿਹਾ। ਕਿਉਂਕਿ ਉਸਦਾ ਰੈਂਕ ਮੇਜਰ ਤੋਂ ਵੱਡਾ ਸੀ।

'ਸਾਬ ਯੇ ਮੇਰੀ ਡਿਊਟੀ ਹੈ ਕੈਸੇ ਇਨਕੋ ਹੈਂਡਲ ਕਰਨਾ ਹੈ ਆਪ ਬੀਚ ਮੇਂ ਨਾ ਬੋਲੇਂ!' ਮੇਜਰ ਨੇ ਸਾਫ ਜਵਾਬ ਦੇ ਦਿੱਤਾ ਇੱਕ ਜੂਨੀਅਰ ਮੇਜਰ ਤੋਂ ਇਹ ਜਵਾਬ ਸੁਣ ਕੇ ਕਰਨਲ ਦੀਆ ਅੱਖਾਂ ਵਿੱਚ ਹੰਝੂ ਆ ਗਏ। ਉਹ ਫਿਰ ਅੱਗੇ ਹੋ ਕੇ ਬੋਲਣ ਲੱਗਾ ਤਾਂ ਕੇਵਲ ਨੇ ਅੱਖ ਦਾ ਇਸ਼ਾਰਾ ਕਰਕੇ ਰੋਕ ਦਿੱਤਾ। ਕਰਨਲ ਪਾਸੇ ਹੋਕੇ ਆਵਦੇ ਹੰਝੂ ਰੁਮਾਲ ਨਾਲ ਪੂੰਝ ਰਿਹਾ ਸੀ। ਸਾਰਿਆਂ ਨੂੰ ਪੁੱਠੀਆਂ ਹੱਥਕੜੀਆਂ ਲਾ ਕੇ ਗੱਡੀ ਵਿੱਚ ਬਿਠਾ ਦਿੱਤਾ। ਗੱਡੀ ਤੁਰ ਪਈ ਕੱਚੇ ਰਾਹਾਂ ਤੇ ਤੇਜ਼ ਭੱਜੀ ਜਾਂਦੀ ਗੱਡੀ ਵਿੱਚ ਸਾਰੇ ਇੱਕ ਦੂਜੇ ਵਿੱਚ ਵੱਜ ਰਹੇ ਸਨ। ਪੁੱਠੀਆਂ ਹੱਥਕੜੀਆਂ ਹੋਣ ਕਰਕੇ ਕਿਸੇ ਸਹਾਰੇ ਨੂੰ ਫੜ ਨਹੀਂ ਸਨ ਸਕਦੇ। ਆਲੂਆਂ ਦੀਆਂ ਬੋਰੀਆਂ ਵਾਂਗੂੰ ਇੱਕ ਦੂਜੇ ਨਾਲ ਟਕਰਾ ਰਹੇ ਸਨ। ਜਿਸ ਕਰਕੇ ਬੇਹੱਦ ਤਕਲੀਫ ਹੋ ਰਹੀ ਸੀ। ਸ਼ਾਮ ਦੇ ਚਾਰ ਵਜ ਗਏ ਸਨ ਰਾਹ ਵਿੱਚ ਕੋਈ ਪਾਣੀ ਧਾਣੀ ਨਹੀਂ ਪਿਆਇਆ ਏਥੋਂ ਤੱਕ ਕਿ ਪਿਸ਼ਾਬ ਕਰਨ ਵਾਸਤੇ ਵੀ ਨਹੀਂ ਉਤਾਰਿਆ। ਰਾਤ ਦੇ ਦਸ ਵਜੇ ਗੱਡੀ ਜੰਗਲ ਵਿੱਚ ਟੁੱਟੀਆਂ ਫੁੱਟੀਆਂ ਬੈਰਕਾਂ ਵਿੱਚ ਜਾ ਕੇ ਰੁਕ ਗਈ। ਹਨੇਰੇ ਕਮਰੇ ਵਿੱਚ ਲਿਜਾ ਕੇ ਹੱਥਕੜੀਆਂ ਖੋਹਲੀਆਂ ਤਾ ਕੁਛ ਅਰਾਮ ਆਇਆ। ਸਾਰਿਆ ਨੇ ਬਾਹਵਾਂ ਓਤਾਂਹ ਕਰਕੇ ਹਵਾ ਵਿੱਚ ਲਹਿਰਾਈਆਂ। ਕਮਰੇ ਵਿੱਚ ਕੋਈ ਲਾਈਟ ਨਹੀਂ ਸੀ। ਬਾਹਰ ਲੱਗੀ ਸਕਿਉਰਿਟੀ ਲਾਈਟ ਦਾ ਮਾੜਾ ਮੋਟਾ ਚਾਨਣ ਅੰਦਰ ਆਉਂਦਾ ਸੀ। ਥੋੜੀ ਦੇਰ ਬਾਅਦ ਉੱਬਲੇ ਚੌਲ ਲਿਆਂਦੇ ਕੇਵਲ ਨੇ ਥੋੜੇ ਜਿਹੇ ਖਾ ਕੇ ਚੈੱਕ ਕੀਤੇ ਨਾ ਵਿੱਚ ਨੂਣ ਤੇ ਨਾ ਮਿਰਚ ਸਿਰਫ ਛਵਕਲ ਪਾਣੀ। ਸਾਰਿਆਂ ਨੇ ਚਾਰੇ ਪਲੇਟਾਂ ਵਾਪਸ ਕਰ ਦਿੱਤੀਆ ਕੁਛ ਨਾ ਖਾਧਾ!


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer, Ex Member NCH and CA Homeomedical Society Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834




# ਪਾਠਕਾਂ ਦਾ ਨਜ਼ਰੀਆ

## ਸਰਕਾਰੀ ਅੱਤਵਾਦ ਵਿਰੁਧ ਨਿਤਰਨ ਵਾਲੀ ਡਾ.ਦਲੀਪ ਕੌਰ ਟਿਵਾਣਾ

ਰਾਜੀਵ ਗਾਂਧੀ ਨੇ ਅਪ੍ਰੈਲ 1986 ਵਿੱਚ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਨੂੰ ਪੰਜਾਬ ਵਿੱਚ ਸੰਘਰਸ਼ ਕਰ ਰਹੇ ਸਿੱਖ ਨੌਜਵਾਨਾਂ ਦੇ ਖਿਲਾਫ਼ ਰਾਜਪਾਲ ਬਣਾ ਕੇ ਲਿਆਂਦਾ ਸੀ। ਰੇਅ ਦੀ ਖਾਸੀਅਤ ਇਹ ਸੀ ਕਿ 1971 ਵਿੱਚ ਜਦੋਂ ਬੰਗਾਲ ਅੰਦਰ ਨਕਸਲਬਾੜੀ ਲਹਿਰ ਨੇ ਭਾਰਤੀ ਸਟੇਟ ਦੀ ਨੀਂਦ ਹਰਾਮ ਕੀਤੀ ਹੋਈ ਸੀ ਤਾਂ ਇੰਦਰਾ ਗਾਂਧੀ ਨੇ ਰੇਅ ਨੂੰ ਵਿਸ਼ੇਸ਼ ਤੌਰ ਤੇ ਫਾਸ਼ੀਵਾਦੀ ਢੰਗ ਨਾਲ ਨਕਸਲੀਆਂ ਨੂੰ ਖਤਮ ਕਰਨ ਲਈ ਭੇਜਿਆ ਸੀ। ਪੰਜਾਬ ਵਾਲੇ ਕਾਂਗਰਸੀ ਬੇਅੰਤੇ ਮੁੱਖ ਮੰਤਰੀ ਵਾਂਗ ਰੇਅ ਨੇ ਵੀ ਕੇਂਦਰੀ ਮਦਦ ਨਾਲ ਹਜ਼ਾਰਾਂ ਬੰਗਾਲੀ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਅਖੌਤੀ ਸ਼ਾਂਤੀ ਤੋਂ ਬਾਅਦ ਬੰਗਾਲ ਦਾ ਮੁੱਖ ਮੰਤਰੀ ਬਣਿਆ ਸੀ।

ਰਾਜੀਵ ਗਾਂਧੀ ਨੇ ਪੰਜਾਬ ਦੀ ਸਿੱਖ ਨੌਜਵਾਨੀ ਨੂੰ ਖਤਮ ਕਰਨ ਲਈ ਆਪਣੀ ਮਾਂ ਇੰਦਰਾ ਗਾਂਧੀ ਵਾਲਾ ਢੰਗ ਤਰੀਕਾ ਪੰਜਾਬ ਵਿੱਚ ਵੀ ਵਰਤਿਆ ਸੀ। ਰੇਅ ਨੇ ਰਾਜਪਾਲ ਦੇ ਅਹੁਦੇ 'ਤੇ ਬੈਠਦਿਆਂ ਹੀ ਚੰਡੀਗੜ੍ਹ ਦੇ ਸਾਰੇ ਵਿਦਵਾਨਾਂ, ਯੂਨੀਵਰਸਿਟੀ ਤੇ ਕਾਲਜਾਂ ਦੇ ਅਧਿਆਪਕਾਂ, ਪੱਤਰਕਾਰਾਂ, ਲੇਖਕਾਂ, ਸਾਹਿਤਕਾਰਾਂ, ਅਤੇ ਕਲਾਕਾਰਾਂ ਆਦਿ ਨੂੰ ਹਰ ਪੰਦਰਵੇਂ ਦਿਨ ਸ਼ਨਿੱਚਰਵਾਰ ਨੂੰ ਪਤਨੀਆਂ ਸਮੇਤ ਪੰਜਾਬ ਭਵਨ ਬੁਲਾ ਕੇ ਮਹਿਫਲਾਂ ਲਾਉਣ ਦੀ ਰੀਤ ਆਰੰਭ ਕੀਤੀ। ਇੱਕ ਪਾਸੇ ਸਿਧਾਰਥ ਸ਼ੰਕਰ ਰੇਅ ਵਲੋਂ ਸਿੱਖ ਨੌਜਵਾਨਾਂ ਦੇ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ ਦੂਜੇ ਪਾਸੇ ਪੰਜਾਬ ਦੇ ਬੁੱਧੀਮਾਨ ਬੁੱਧੀਜੀਵੀਆਂ ਦੀ ਕਰੀਮ ਪੰਜਾਬ ਭਵਨ ਅੰਦਰ ਰੇਅ ਦੀਆਂ ਰੰਗੀਨ ਮਹਿਫਲਾਂ ਦਾ ਸ਼ਿੰਗਾਰ ਬਣੀ ਹੋਈ ਸੀ। ਖੱਬੇ ਪੱਖੀ ਵਿਦਵਾਨਾਂ ਦੇ ਨਾਲ ਨਾਲ ਆਪਣੇ ਆਪ ਨੂੰ ਸਿੱਖ ਬੁੱਧੀਜੀਵੀ ਕਹਾਉਣ ਵਾਲੇ ਵਿਦਵਾਨ ਵੀ ਭਾਰਤੀ ਸਟੇਟ ਦੇ ਕੁਕਰਮਾਂ ਵਿੱਚ ਸ਼ਾਮਲ ਸਨ। ਅੱਜ ਦੇ ਬੀਬੀਆਂ ਦਾੜ੍ਹੀਆਂ ਵਾਲੇ ਦਰਬਾਰੀ ਪਾਤਰ ਸ਼ਾਤਰ ਕਵੀਆਂ ਤੋਂ ਲੈਕੇ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਦਰਬਾਰੀ ਪੰਨੂ ਸ਼ੰਨੂ ਪਰਾਈਮ ਪੱਤਰਕਾਰ ਧੜੱਲੇ ਨਾਲ ਸ਼ਾਮਲ ਸਨ।

ਸਰਕਾਰੀ ਅੱਤਵਾਦ ਦੀ ਚਲ ਰਹੀ ਹਨੇਰੀ ਸਮੇਂ ਵੱਡੇ ਲੇਖਕਾਂ ਵਿੱਚੋਂ ਸ਼ਾਇਦ ਇਕੱਲੀ ਡਾ.ਦਲੀਪ ਕੌਰ ਟਿਵਾਣਾ ਹੀ ਸੀ ਜਿਸ ਨੇ ਕੇਵਲ ਰਾਜਪਾਲ ਰੇਅ ਦੀਆਂ ਮਹਿਫਲਾਂ ਵਿੱਚ ਜਾਣ ਅਤੇ ਅਖੌਤੀ ਮਾਣ ਸਨਮਾਨ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਰੇਅ ਨੇ ਜਿੱਥੇ ਸਿੱਖ ਨੌਜਵਾਨੀ ਦੀ ਨਸਲਕੁਸ਼ੀ ਜਾਰੀ ਰੱਖੀ ਓਥੇ ਦੂਜੇ ਪਾਸੇ ਪੰਜਾਬ ਦੇ ਬੁੱਧੀਜੀਵੀਆਂ ਰਾਹੀਂ ਪੰਜਾਬ ਦੇ ਸਿੱਖ ਸੱਭਿਆਚਾਰ ਨੂੰ ਖਤਮ ਕਰਦੇ ਹੋਏ ਅਖੌਤੀ ਸੱਭਿਆਚਾਰ ਪੈਦਾ ਕੀਤਾ। ਰੇਅ ਤੋਂ ਬਾਅਦ ਬੇਅੰਤੇ ਅਤੇ ਕੇਪੀ ਗਿੱਲ ਦੀ ਜੋੜੀ ਨੇ ਭਾਰਤੀ ਸਟੇਟ ਦੀ ਮਦਦ ਨਾਲ ਪੰਜਾਬ ਦੀ ਮਨੁੱਖੀ ਅਤੇ ਸੱਭਿਆਚਾਰਕ ਨਸਲਕੁਸ਼ੀ ਜਾਰੀ ਰੱਖੀ। ਅੱਜ ਦੇ ਬਹੁਤੇ ਬੀਬੇ ਰਾਣੇ ਦਿਖਣ ਵਾਲੇ ਬੁਧੀਜੀਵੀ, ਕਲਾਕਾਰ ਅਤੇ ਪੱਤਰਕਾਰ ਆਦਿ ਪੰਜਾਬ ਦੀ ਨੌਜਵਾਨੀ ਦਾ ਘਾਣ ਕਰਨ ਵਿੱਚ ਸ਼ਾਮਲ ਤਾਂ ਹਨ ਹੀ ਪੰਜਾਬ ਦੀ ਸੱਭਿਆਚਾਰਕ ਨਸਲਕੁਸ਼ੀ ਲਈ ਵੀ ਜਿੰਮੇਵਾਰ ਹਨ।

ਅੱਜ ਭਾਵੇਂ ਦਲੀਪ ਕੌਰ ਟਿਵਾਣਾ ਜੀ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ, ਪਰ ਭਾਰਤੀ ਸਟੇਟ ਦੇ ਕੁਕਰਮਾਂ ਵਿੱਚ ਸ਼ਾਮਲ ਨਾ ਹੋਣ ਕਰਕੇ ਉਹਨਾਂ ਨੂੰ ਸਦਾ ਹੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ।

ਅੱਜ ਟਿਵਾਣਾ ਜੀ ਨੂੰ ਸ਼ਰਧਾਂਜਲੀਆਂ ਦੇਣ ਵਾਲੇ ਬਹੁਤੇ ਬੁੱਧੀਜੀਵੀ ਇਖਲਾਕੀ ਤੌਰ ਤੇ ਬੇਈਮਾਨੀ ਅਤੇ ਧੋਖੇਬਾਜ ਹਨ। ਇਹ ਠੱਗ ਵਪਾਰੀ ਬਿਰਤੀ ਦੇ ਕਵੀ ਅਤੇ ਵਿਦਵਾਨ ਲੇਖਕ ਬੀਬੀ ਟਿਵਾਣਾ ਨੂੰ ਦਿਲੋਂ ਨਫਰਤ ਕਰਦੇ ਸਨ, ਇਹਨਾਂ ਧੋਖੇਬਾਜ਼ਾਂ ਨੂੰ ਪਛਾਨਣ ਦੀ ਲੋੜ ਹੈ। ਬੀਬੀ ਟਿਵਾਣਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਪੰਜਾਬ ਪੱਖੀ ਲੇਖਕਾਂ ਅਤੇ ਬੁਧੀਜੀਵੀਆਂ ਦੀ ਪਛਾਣ ਕਰਨੀ ਸਿੱਖੀਏ ..

**ਗੋਲਡੀ ਦਿਉਲ ਕੈਨੇਡਾ**

ਨਿਰਭਯਾ ਸਮੂਹਿਕ ਜਬਰ ਜਿਨਾਹ ਤੇ ਦੋਸ਼ੀਆਂ ਦੀ ਫਾਂਸੀ

16 ਦਸੰਬਰ 2012 ਵਿੱਚ ਵਾਪਰੇ ਨਿਰਭਯਾ ਸਮੂਹਿਕ ਜਬਰ ਜਿਨਾਹ ਦੇ ਮਾਮਲੇ ਵਿੱਚ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਇੱਕ ਵਾਰ ਫਿਰ ਟਲ ਗਈ । ਇਹ ਖਬਰ ਪੜਦਿਆਂ ਮੇਰੇ ਦਿਮਾਗ ਵਿੱਚ ਸਰਵਉਚ ਅਦਾਲਤ ਦੁਆਰਾ ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵੇਲੇ ਦਿੱਤੇ ਬਿਆਨ ਜਿਸ ਵਿਚ ਕਿ "ਮੁਲਜ਼ਮ ਖਿਲਾਫ ਕੋਈ ਅਪਰਾਧ ਸਿੱਧ ਨਹੀਂ ਹੋਇਆ ਤੇ ਕੋਈ ਸਬੂਤ ਵੀ ਨਹੀਂ ਪਰੰਤੂ ਦੇਸ਼ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਜਿਸ ਕਰ ਕੇ ਦੇਸ਼ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਫਾਂਸੀ ਦੀ ਸਜ਼ਾ ਸੁਣਾਈ ਗਈ" ਭਾਰਤੀ ਨਿਆਂ ਪ੍ਰਨਾਲੀ ਇਹ ਰਵਾਇਤ ਦਾ ਰੌਲਾ ਪਾਉਂਦੀ ਹੈ ਕਿ ਚਾਹੇ ਕਿੰਨੇ ਹੀ ਗੁਨਾਹਗਾਰ ਛੁਟ ਜਾਣ ਪਰ ਕਿਸੇ ਬੇਕਸੂਰ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ, ਗੱਲ ਬੜੀ ਹਾਸੋ ਹੀਣੀ ਲਗਦੀ ਹੈ । ਸਬੂਤ ਹੋਣ ਦੇ ਬਾਵਜੂਦ ਗੁਜਰਾਤ ਕਤਲੇਆਮ ਦੇ ਦੋਸ਼ੀ ਬਜਰੰਗ ਦਲ ਦੇ ਬਾਬੂ ਬਜਰੰਗੀ ਨੂੰ ਜਮਾਨਤ ਮਿਲਦੀ ਹੈ ਉਸਦੀ ਫਾਂਸੀ ਦੀ ਸਜ਼ਾ ਉਲਟਾ ਦਿੱਤੀ ਜਾਂਦੀ ਹੈ । ਬੜੀ ਅਜੀਬ ਗੱਲ ਹੈ ਕਿ ਬੀਜੇਪੀ ਬਾਰੇ ਇਹ ਭੁਲੇਖਾ ਪਾਲਿਆ ਜਾ ਰਿਹਾ ਕਿ ਸਿਰਫ ਇਹ ਪਾਰਟੀ ਹਿੰਦੂ ਰਾਸ਼ਟਰ ਤੇ ਹਿੰਦੂਤਵ ਦਾ ਏਜੰਡਾ ਚਲਾਉਂਦੀ ਹੈ, ਜਦੋਂ ਕਿ ਪੂਰੀ ਦੀ ਪੂਰੀ ਰਾਜ ਮਸ਼ੀਨਰੀ ਇਸ ਪਾਸੇ ਲੱਗੀ ਹੈ ਇਸ ਤੋਂ ਨਾ ਹੀ ਪੁਲਿਸ - ਫੌਜ ਅਛੂਤੀ ਹੈ ਅਤੇ ਨਾ ਹੀ ਸਾਡੀ ਭਾਰਤੀ ਨਿਆਂ ਪ੍ਰਨਾਲੀ । ਕੀ ਕਾਰਨ ਹੈ ਕਿ ਧਾਰਾ 370 ਬਾਰੇ ਕੋਈ ਸੁਣਵਾਈ ਨਹੀਂ ? ਕੀ ਕਾਰਨ ਹੈ ਸੰਵਿਧਾਨ ਨੂੰ ਛਿੱਕੇ ਟੰਗ ਕੇ ਬਣਾਏ ਨਾਗਰਿਕਤਾ ਸੋਧ ਕਨੂੰਨ ਬਾਰੇ ਸੁਣਵਾਈ ਟਾਲ ਦਿੱਤੀ ਗਈ ?? ਕਿਉਂਕਿ ਇਹ ਕਨੂੰਨ ਮੁਸਲਿਮ ਵਿਰੋਧੀ ਨੇ ਤੇ ਫੈਸਲਾ ਸੱਤਾ ਪੱਖੀ ਹੈ । ਜੇ ਇਹੀ ਮੁਜਰਮ ਮੁਸਲਿਮ ਹੁੰਦੇ ???

**ਰਸ਼ਪਿੰਦਰ**

## ਪੰਜਾਬ ਕਿੱਥੇ ਖੜਾ ਹੈ ,ਸਾਨੂੰ ਸੋਚਣਾ ਪੈਣਾ ਹੈ

ਪੰਜਾਬ ਦੇ ਲੋਕਾਂ ਉੱਪਰ ਹਰ ਵੇਲੇ ਰੁੜ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ਜਿਨਾਂ ਨੂੰ ਅਸੀਂ ਆਪਣੀ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਉਨਾਂ ਉੱਤੇ ਵਿਸ਼ਵਾਸ ਕੀਤਾ, ਉਹ ਸਾਡੇ ਨਾਲ ਦਗਾ ਕਮਾ ਗਏ। ਅਸੀਂ ਇੰਨੇ ਮਜਬੂਰ ਹੋ ਗਏ ਹਾਂ ਕਿ ਸਾਡਾ ਬੋਲਣ ਦਾ ਹੌਸਲਾ ਹੀ ਨਹੀਂ ਪੈਂਦਾ।

ਅਸਲ ਵਿੱਚ ਸਾਨੂੰ ਸਿਆਸੀ ਪਾਰਟੀਆਂ ਅਤੇ ਅਫਸਰਸ਼ਾਹੀ ਨੇ ਇਸ ਤਰਾਂ ਦੇ ਬਣਾ ਦਿੱਤਾ ਹੈ ਕਿ ਅਸੀਂ ਉਨਾਂ ਵੱਲੋਂ ਕੀਤੀਆਂ ਜ਼ਿਆਦਤੀਆਂ ਨੂੰ ਝੱਲਣ ਲਈ ਤਿਆਰ ਰਹਿੰਦੇ ਹਾਂ। ਜਿਹੜਾ ਆਵਾਜ਼ ਚੁੱਕਦਾ ਹੈ, ਉਸ ਨੂੰ ਕਿਧਰੇ ਫਸਾ ਦਿੱਤਾ ਜਾਂਦਾ ਹੈ ਅਤੇ ਦੂਸਰੇ ਬੋਲਣ ਤੋਂ ਗੁਰੇਜ਼ ਕਰਨ ਲੱਗ ਜਾਂਦੇ ਹਨ।

ਅਸੀਂ ਆਪਣੇ ਆਪ ਨੂੰ ਅਤੇ ਪੰਜਾਬ ਨੂੰ ਅਪਾਹਜ ਕਰ ਲਿਆ ਹੈ। ਜੇਕਰ ਅਜੇ ਵੀ ਨਾ ਸੋਚਿਆ ਤਾਂ ਨਤੀਜੇ ਹੋਰ ਭਿਆਨਕ ਵੀ ਨਿਕਲਣਗੇ। ਯਾਦ ਰੱਖੋ, ਜਿਹੜੇ ਇੱਕ ਵਾਰ ਵਿਦੇਸ਼ਾਂ ਵਿੱਚ ਚਲੇ ਗਏ, ਉਹ ਮੁੜ ਇਸ ਰਿਸ਼ਵਤਖੋਰ ਅਤੇ ਭ੍ਰਿਸ਼ਟ ਸਿਸਟਮ ਵਿੱਚ ਆ ਕੇ ਨਹੀਂ ਰਹਿਣਗੇ। ਇਸਦਾ ਮਤਲਬ ਉਹ ਵਾਪਸ ਨਹੀਂ ਆਉਣਗੇ। ਸਰਕਾਰਾਂ ਆਪਣੇ ਆਪ ਨਹੀਂ ਬਣਦੀਆਂ। ਸਰਕਾਰਾਂ ਅਸੀਂ ਬਣਾਉਂਦੇ ਹਾਂ। ਸਾਡੀਆਂ ਵੋਟਾਂ ਵਿੱਚ ਇੰਨੀ ਸ਼ਕਤੀ ਹੈ ਕਿ ਉਹ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ ਤੱਕ ਪਹੁੰਚਾ ਦਿੰਦੀ ਹੈ। ਸਾਡੇ ਕੋਲ ਇੰਨਾ ਵੱਡਾ ਵੋਟ ਦਾ ਹਥਿਆਰ ਹੈ ਅਤੇ ਅਸੀਂ ਫਿਰ ਵੀ ਅੱਜ ਇਸ ਹਾਲਤ ਵਿੱਚ ਹਾਂ। ਅਸਲ ਵਿੱਚ ਅਸੀਂ ਵੋਟ ਦਾ ਇਸਤੇਮਾਲ ਹੀ ਠੀਕ ਤਰੀਕੇ ਨਾਲ ਨਹੀਂ ਕੀਤਾ, ਅਸੀਂ ਵੋਟ ਦੀ ਕੀਮਤ ਲਗਾਈ ਅਤੇ ਲਗਾਈ ਇੰਨੀ ਘੱਟ ਕਿ ਖਰੀਦਣ ਵਾਲਿਆਂ ਨੂੰ ਮੁਸ਼ਕਲ ਨਹੀਂ ਆਈ। ਸਿਆਣੇ ਕਹਿੰਦੇ ਨੇ ਜਦੋਂ ਜਾਗੋ, ਉਦੋਂ ਸਵੇਰਾ। ਜਿੰਨਾ ਨੁਕਸਾਨ ਅਸੀਂ ਆਪਣਾ ਕਰਨਾ ਸੀ, ਕਰ ਲਿਆ, ਹੁਣ ਹੀ ਸੋਚ ਲਈਏ ਅਤੇ ਮੰਨ ਲਈਏ ਕਿ ਅਸੀਂ ਜਿੱਥੇ ਖੜੇ ਹਾਂ, ਉਸ ਵਿੱਚ ਅਸੀਂ ਵੀ ਅਹਿਮ ਭੂਮਿਕਾ ਨਿਭਾਈ ਹੈ। ਦੂਸਰਿਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨ ਵਿੱਚ ਸਮਾਂ ਖਰਾਬ ਕਰਨ ਦੀ ਥਾਂ ਆਪ ਸੁਧਰ ਜਾਈਏ। ਵੋਟ ਉਸ ਨੂੰ ਪਾਉ ਜੋ ਤੁਹਾਡੀ ਅਤੇ ਤੁਹਾਡੀ ਵੋਟ ਦੀ ਕੀਮਤ ਨਾ ਲਗਾਏ। ਇਹ ਸਾਨੂੰ ਸਭ ਨੂੰ ਕਰਨਾ ਪਵੇਗਾ, ਇਸ ਨਰਕ ਵਾਲੀ ਹਾਲਤ ਵਿੱਚੋਂ ਨਿਕਲਣ ਲਈ।

**ਪ੍ਰਭਜੋਤ ਕੌਰ ਢਿੱਲੋਂ**

## ਕੀ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੀ ਰਹੇਗਾ ?

ਪੰਜਾਬ ਵਿਚ ਗੱਠਜੋੜ ਸਰਕਾਰ ਵੇਲੇ ਖ਼ਜ਼ਾਨੇ ਦਾ ਬੜਾ ਮਾੜਾ ਹਾਲ ਸੀ। ਸਰਕਾਰੀ ਜਾਇਦਾਦਾਂ ਵੇਚ ਕੇ ਬੁੱਤਾ ਸਰਦਾ ਰਿਹਾ। ਪੈਸੇ ਦੀ ਥੁੜ ਕਾਰਨ ਜਨਤਾ ਦੇ ਮਸਲੇ ਜਿਉਂ ਦੇ ਤਿਉਂ ਰਹੇ। ਪੰਜਾਬ ਵਿਚ ਗੱਠਜੋੜ ਸਰਕਾਰ ਵੇਲੇ ਖ਼ਜ਼ਾਨੇ ਦਾ ਬੜਾ ਮਾੜਾ ਹਾਲ ਸੀ। ਸਰਕਾਰੀ ਜਾਇਦਾਦਾਂ ਵੇਚ ਕੇ ਬੁੱਤਾ ਸਰਦਾ ਰਿਹਾ। ਪੈਸੇ ਦੀ ਥੁੜ ਕਾਰਨ ਜਨਤਾ ਦੇ ਮਸਲੇ ਜਿਉਂ ਦੇ ਤਿਉਂ ਰਹੇ। ਹਰ ਪਾਸੇ ਮਾਯੂਸੀ ਸੀ। ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਦਾ ਵੀ ਉਹੀ ਹਾਲ ਹੈ। ਇਸ ਸਰਕਾਰ ਨੂੰ ਬਣਿਆਂ ਤਿੰਨ ਸਾਲ ਹੋਣ ਵਾਲੇ ਹਨ ਪਰ ਹਰ ਪਾਸੇ ਕਈ ਤਰਾਂ ਦੀਆਂ ਸਮੱਸਿਆਵਾਂ ਨੇ ਮੂੰਹ ਅੱਡਿਆ ਹੋਇਆ ਹੈ। ਜ਼ਿਆਦਾਤਰ ਵਾਅਦੇ ਪੂਰੇ ਨਹੀਂ ਕੀਤੇ ਗਏ। ਸੇਵਾ ਮੁਕਤ ਹੋਣ ਵਾਲੇ ਕਰਮਚਾਰੀਆਂ ਨੂੰ ਵੀ ਦੋ ਸਾਲ ਹੋਰ ਇਸ ਲਈ ਦਿੱਤੇ ਜਾਂਦੇ ਹਨ ਕਿ ਸੇਵਾ ਮੁਕਤੀ ਲਈ ਸਰਕਾਰ ਕੋਲ ਪੈਸੇ ਦੀ ਕਮੀ ਹੈ।

ਵੱਧ ਰਹੀ ਬੇਰੁਜ਼ਗਾਰੀ ਕਾਰਨ ਨੌਜਵਾਨ ਨਿਰਾਸ਼ ਹਨ ਅਤੇ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਦੀਆਂ ਦੇਣਦਾਰੀਆਂ ਲੰਬੇ ਸਮੇਂ ਤੋਂ ਬਕਾਇਆ ਹਨ। ਕੰਟਰੈਕਟ, ਡੇਲੀ ਵੇਜਿਜ਼ ਅਤੇ ਆਊਟਸੋਰਸਿੰਗ ਮੁਲਾਜ਼ਮ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਨ। ਉਨਾਂ ਨੂੰ ਅਜੇ ਤਕ ਪੱਕਾ ਨਹੀਂ ਕੀਤਾ ਗਿਆ। ਪੰਜਾਬ ਵਿਚ ਕਿਸਾਨ, ਮਜ਼ਦੂਰ ਅਤੇ ਹੋਰ ਬਹੁਤ ਸਾਰੇ ਵਰਗਾਂ ਦੇ ਕਈ ਤਰਾਂ ਦੇ ਮਸਲੇ ਹਨ ਜਿਨਾਂ ਦਾ ਹੱਲ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ 'ਤੇ ਮੌਜੂਦਾ ਸਮੇਂ ਢਾਈ ਲੱਖ ਕਰੋੜ ਰੁਪਏ ਤੋਂ ਵੀ ਵੱਧ ਦਾ ਕਰਜ਼ਾ ਹੈ ਅਤੇ ਲਗਪਗ 17669 ਕਰੋੜ ਰੁਪਏ ਵਿਆਜ ਦੇ ਰੂਪ ਵਿਚ ਭੁਗਤਾਨ ਕਰਨਾ ਪੈ ਰਿਹਾ ਹੈ। ਆਰਥਿਕ ਸੰਕਟ ਕਾਰਨ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹ ਦੇਣਾ ਵੀ ਮੁਸ਼ਕਲ ਹੋਇਆ ਪਿਆ ਹੈ। ਜਦੋਂ ਲੋਕਾਂ ਦੇ ਮਸਲਿਆਂ ਦੀ ਗੱਲ ਹੁੰਦੀ ਹੈ ਤਾਂ ਸਰਕਾਰ 'ਖ਼ਜ਼ਾਨਾ ਖ਼ਾਲੀ ਹੈ' ਦਾ ਰੋਣਾ ਰੋਣ ਲੱਗਦੀ ਹੈ। ਜਦੋਂ ਮੰਤਰੀਆਂ, ਵਿਧਾਇਕਾਂ ਨੇ ਆਪਣੀਆਂ ਤਨਖ਼ਾਹਾਂ, ਭੱਤੇ ਵਧਾਉਣੇ ਹੁੰਦੇ ਹਨ ਅਤੇ ਹੋਰ ਸੁੱਖ-ਸਹੂਲਤਾਂ ਵਾਸਤੇ ਮਤੇ ਪਾਸ ਕਰਨੇ ਹੁੰਦੇ ਹਨ, ਉਦੋਂ ਖ਼ਜ਼ਾਨਾ ਭਰਿਆ ਵਿਖਾਈ ਦਿੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਰਕਾਰ ਵੱਲੋਂ ਵਿਧਾਇਕਾਂ ਨੂੰ ਤੋਹਫੇ ਵਜੋਂ 7000 ਰੁਪਏ ਮਾਸਿਕ ਹੋਰ ਵਧਾਏ ਗਏ। ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਸਰਕਾਰ ਲਗਾਤਾਰ ਖ਼ਜ਼ਾਨੇ 'ਤੇ ਬੋਝ ਪਾਈ ਜਾ ਰਹੀ ਹੈ। ਮੁਲਾਜ਼ਮਾਂ ਦੀ ਜਨਵਰੀ 2004 ਤੋਂ ਪੁਰਾਣੀ ਪੈਨਸ਼ਨ ਬੰਦ ਕੀਤੀ ਗਈ ਹੈ ਪਰ ਸੰਸਦ ਮੈਂਬਰ ਤੇ ਵਿਧਾਇਕ ਜਿੰਨੀ ਵਾਰ ਚੁਣੇ ਜਾਣ, ਉਨਾਂ ਨੂੰ ਓਨੀ ਵਾਰ ਪੈਨਸ਼ਨ ਮਿਲਦੀ ਹੈ। ਸਰਕਾਰੀ ਖ਼ਜ਼ਾਨਾ ਵਿਧਾਇਕਾਂ ਨੂੰ ਕੇਵਲ ਤਨਖ਼ਾਹ ਅਤੇ ਭੱਤੇ ਹੀ ਨਹੀਂ ਦਿੰਦਾ ਬਲਕਿ ਆਮਦਨ 'ਤੇ ਟੈਕਸ ਵੀ ਤਾਰ ਰਿਹਾ ਹੈ। ਵਿਧਾਇਕਾਂ ਦੇ ਆਮਦਨ ਕਰ ਦਾ ਖ਼ਜ਼ਾਨੇ 'ਤੇ 10.72 ਕਰੋੜ ਦਾ ਬੋਝ ਪੈਂਦਾ ਹੈ। ਇਹ ਆਮਦਨ ਕਰ ਕੇਵਲ ਉਸੇ ਆਮਦਨ ਤੇ ਭਰਿਆ ਜਾਂਦਾ ਹੈ ਜੋ ਸਰਕਾਰ ਵਿਧਾਇਕਾਂ ਨੂੰ ਤਨਖਾਹ ਅਤੇ ਭੱਤਿਆਂ ਦੇ ਰੂਪ ਵਿਚ ਦਿੰਦੀ ਹੈ ਜਦਕਿ 117 'ਚੋਂ 95 ਵਿਧਾਇਕ ਕਰੋੜਪਤੀ ਹਨ। ਜੇ ਸਰਕਾਰ ਨੇ ਖ਼ੁਦ ਹੀ ਸਰਕਾਰੀ ਖ਼ਜ਼ਾਨੇ ਨੂੰ ਟੱਕ ਧਰਿਆ ਹੋਵੇ ਤਾਂ ਜਨਤਾ ਲਈ ਖ਼ਜ਼ਾਨਾ ਖ਼ਾਲੀ ਹੀ ਰਹੇਗਾ।

**ਸ਼ਫ਼ੀ ਮਸੀਹ ਭੱਟੀ**

## ਪੰਜਾਬ ਦੀ ਤ੍ਰਾਸਦੀ ਅਤੇ ਨੌਜਵਾਨ ਪੀੜੀ

ਪੰਜਾਬ ਗੁਰੂਆਂ ਪੀਰਾਂ ਦੀ ਧਰਤੀ, ਜਿਸਦੇ ਬਾਸ਼ਿੰਦੇ ਉੱਚ ਆਚਰਣ, ਦੇਸ਼ ਦੀ ਖੜਗ ਭੁਜਾ ਅਤੇ ਅੰਨ ਭੰਡਾਰ ਪੈਦਾ ਕਰਨ ਵਾਲੇ, ਉੱਚ ਸਮਾਜਿਕ ਅਤੇ ਧਾਰਮਿਕ ਕਦਰਾਂ ਕੀਮਤਾਂ ਵਾਲਿਆਂ ਵਜੋਂ ਪੂਰੇ ਦੇਸ਼ ਅਤੇ ਵਿਸ਼ਵ ਵਿੱਚ ਮਸ਼ਹੂਰ ਸਨ, ਉਨਾਂ ਨੂੰ ਅੱਜ ਨਸ਼ੇ ਦੇ ਰਾਜ ਦੇ ਅੰਦਰ ਪਸਰਿਆ ਸਮੁੰਦਰ ਨਿਗਲ ਰਿਹਾ ਹੈ। ਭਾਰਤੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਹੁਣੇ ਹੁਣੇ ਛਾਇਆ ਕੀਤੀ ਗਈ ਹੈ ਜਿਸ ਅਨੁਸਾਰ ਪੰਜਾਬ ਦੀ ਧਰਤੀ ਨਸ਼ੇ ਦਾ ਸਮੁੰਦਰ ਬਣ ਗਈ

ਇਸ ਤੋਂ ਪਿੱਛੇ ਥੋੜੀ ਜਿਹੀ ਝਾਤ ਮਾਰੀਏ, ਪੰਜਾਬ ਨੇ 10-12 ਸਾਲ ਸੰਤਾਪ ਹੰਢਾਇਆ, ਜਿਸਨੇ ਇੱਥੋਂ ਦੀ ਸਨਅਤ ਬਰਬਾਦ ਕਰਕੇ ਰੱਖ ਦਿੱਤੀ। ਰਹਿੰਦੀ ਖੂੰਹਦੀ ਕਸਰ ਅਟਲ ਬਿਹਾਰੀ ਸਰਕਾਰ ਨੇ ਪਹਾੜੀ ਰਾਜਾ ਨੂੰ ਦਿੱਤੀ ਟੈਕਸ ਮੁਆਫੀ ਅਤੇ ਸਨਅਤੀ ਪੈਕੇਜ ਨੇ ਕੱਢ ਦਿੱਤੀ। ਸਾਰੀ ਸਨਅਤ ਉੱਠ ਕੇ ਗਵਾਂਢੀ ਰਾਜਾਂ ਹਿਮਾਚਲ, ਜੰਮੂ ਕਸ਼ਮੀਰ ਤੇ ਉੱਤਰਾਂਚਲ ਵਲ ਪਲਾਇਨ ਕਰ ਗਈ। ਇਕ ਰਿਪੋਰਟ ਮੁਤਾਬਿਕ 2007 ਤੋਂ 2014 ਤਕ 18770 ਸਨਅਤਾਂ ਪੰਜਾਬ ਵਿੱਚ ਬੰਦ ਹੋ ਗਈਆਂ। ਅੱਜ ਦੀ ਹਾਲਤ ਇਹ ਹੋ ਗਈ ਹੈ ਕਿ ਸਰਕਾਰ ਕੋਲ ਮੁਲਾਜ਼ਮਾਂ ਨੂੰ ਡੀ ਏ ਦੇਣ ਦੀ ਹਿੰਮਤ ਨਹੀਂ, ਜਬਰੀ ਫਰੀਜ਼ ਕਰਕੇ ਬੈਠ ਗਈ ਹੈ। ਜਿਹੜਾ ਕੋਈ ਨੌਕਰੀ ਮੰਗਦਾ ਹੈ, ਉਸ ਨੂੰ ਡਾਂਗਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੇਰੁਜ਼ਗਾਰ ਪਾਣੀ ਵਾਲੀਆਂ ਟੈਂਕੀਆਂ ਉੱਤੇ ਚੜੇ ਨਜ਼ਰ ਆ ਰਹੇ ਹਨ।

ਕਈ ਮਹਿਕਮਿਆਂ ਵਿੱਚ ਲੋਕਾਂ ਨੂੰ ਜਬਰੀ ਸੇਵਾ ਮੁਕਤ ਕੀਤਾ ਜਾ ਰਿਹਾ ਹੈ। 2004 ਤੋਂ ਬਾਅਦ ਵਾਲੇ ਮੁਲਾਜ਼ਮਾਂ ਨੂੰ ਪੈਨਸ਼ਨ ਨਹੀਂ ਮਿਲੇਗੀ। ਇਹ ਸਾਰਾ ਕੁਝ ਵੇਖ ਸੁਣ ਕੇ ਨਵੀਂ ਯੁਵਾ ਪੀੜੀ ਨੇ ਬਾਰਵੀਂ ਤੋਂ ਬਾਅਦ ਪੜਨਾ ਹੀ ਬੰਦ ਕਰ ਦਿੱਤਾ ਹੈ, ਬੱਸ ਸਿੱਧੇ ਆਈਲੈਟਸ ਸੈਂਟਰਾਂ ਵਿੱਚ ਤੇ ਚੰਗੇ ਬੈਂਡ ਲੈ ਕੇ ਬਾਹਰ ਦੇ ਦੇਸ਼ਾਂ ਵਲ ਧੜਾ ਧੜ ਪਲਾਇਨ ਕਰਦੇ ਜਾ ਰਹੇ ਹਨ। ਜਿੱਥੇ ਵੀ ਕੋਈ ਸੁਣਦੇ ਹਨ ਕਿ ਚੰਗਾ ਰੋਜ਼ਗਾਰ ਮਿਲਦਾ ਹੈ, ਬੱਸ ਉੱਧਰ ਵਹੀਰਾਂ ਘੱਤ ਕੇ ਤੁਰ ਪੈਂਦੇ ਹਨ। ਕਨੇਡਾ, ਅਮਰੀਕਾ, ਯੂ ਕੇ, ਇਟਲੀ, ਸਪੇਨ, ਆਸਟ੍ਰੇਲੀਆ, ਨਿਊਜ਼ੀਲੈਂਡ, ਸਾਊਦੀ ਅਰਬ, ਮਲੇਸ਼ੀਆ, ਇੰਡੋਨੇਸ਼ੀਆ, ਫਿਲਪਾਈਨਜ਼, ਸਿੰਗਾਪੁਰ ਤੇ ਇਸ ਇਲਾਵਾ ਹੋਰ ਵਿਸ਼ਵ ਦੇ ਜਿਹੜੇ ਦੇਸ਼ਾਂ ਦਾ ਕਦੇ ਨਾਂ ਵੀ ਨਹੀਂ ਸੁਣਿਆ ਸੀ, ਉੱਥੇ ਨੂੰ ਰੋਜ਼ਗਾਰ ਲਈ ਪੰਜਾਬੀ ਨੌਜਵਾਨ ਪਹੁੰਚ ਗਏ ਨੇ। ਸਲਾਨਾ ਅਰਬਾਂ ਖਰਬਾਂ ਰੁਪਇਆ ਸਾਡੇ ਪੰਜਾਬ ਦਾ ਬਾਹਰਲੇ ਦੇਸ਼ਾਂ ਵਿੱਚ ਜਾ ਰਿਹਾ ਹੈ, ਜਿਸਦਾ ਸਿੱਧਾ ਆਰਥਿਕ ਨੁਕਸਾਨ ਪੰਜਾਬ ਨੂੰ ਹੋ ਰਿਹਾ ਹੈ। ਇਹੋ ਜਿਹੀ ਸਥਿਤੀ ਬਣ ਗਈ ਹੈ ਕਿ ਕਿਸੇ ਨੂੰ ਕੁਝ ਸਮਝ ਨਹੀਂ ਆ ਰਿਹਾ ਕਿ ਆਪਣੇ ਬੱਚਿਆਂ ਦੇ ਭਵਿੱਖ ਦਾ ਕੀ ਕਰੀਏ। ਸਾਰਾ ਕੁਝ ਦਾਅ 'ਤੇ ਲਾਉਣਾ ਪੈ ਰਿਹਾ ਹੈ।

**ਜਸਵਿੰਦਰ ਸਿੰਘ ਭੁਲੇਰੀਆ**

## ਨਵੇਂ ਨਾਗਰਿਕਤਾ ਕਾਨੂੰਨਾਂ...
ਪਰ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋ ਕੇ ਲੋਕਾਂ ਦੇ ਆਰਥਿਕ ਮੁੱਦਿਆਂ ਉੱਤੇ ਅੱਠ ਜਨਵਰੀ ਦੇ ਭਾਰਤ ਬੰਦ ਵਰਗਾ ਵੱਡਾ ਸੰਘਰਸ਼ ਛੇੜ ਕੇ ਇਸ ਸਾਜਿਸ਼ ਨੂੰ ਭਾਂਜ ਦੇਣੀ ਹੋਵੇਗੀ। ਨਹੀਂ ਤਾਂ ਫ਼ਿਰਕੂ ਗੋਲਬੰਦੀ ਵਾਲੇ ਮੋਦੀ ਏਜੰਡੇ ਵਿਚ ਫਸ ਕੇ ਰਹਿ ਜਾਣਗੇ। ਪਰ ਸਭ ਕਾਸੇ ਦੇ ਬਾਵਜੂਦ ਸਰਕਾਰ ਜਿਵੇਂ ਅਜੇ ਤੱਕ ਜ਼ੁਲਮ ਤਸ਼ੱਦਦ ਨਾਲ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਰਾਹੇ ਤੁਰ ਕੇ ਧੜਾ-ਧੜ ਗ੍ਰਿਫ਼ਤਾਰੀਆਂ, ਕੇਸ ਪਾਉਣ, ਕੁਰਕੀਆਂ ਕਰਨ ਦੇ ਰਾਹੇ ਤੁਰ ਪਈ ਹੈ। ਜੇਕਰ ਮੋਦੀ ਅਮਿਤ ਸ਼ਾਹ ਜੋੜੀ ਇਸ ਭੁਲੇਖੇ ਵਿਚ ਹੈ ਕਿ ਇਹ ਹਿੰਦੂ ਮੁਸਲਮਾਨ ਮੁੱਦੇ ਦੇ ਗਿੱਲੇ ਗੋਹੇ ਨੂੰ ਫੂਕਾਂ ਮਾਰ-ਮਾਰ ਕੇ ਉਠਦੇ ਧੂੰਏਂ ਦੀ ਆੜ ਵਿਚ ਜਨਤਾ ਦੇ ਬਾਕੀ ਸਾਰੇ ਮੁੱਦੇ ਦਫ਼ਨ ਕਰ ਕੇ ਚੋਣਾਂ ਜਿੱਤਦੇ ਜਾਣਗੇ ਤਾਂ ਇਨਾਂ ਨੂੰ ਝਾਰਖੰਡ ਚੋਣਾ 'ਚ ਹੋਇਆ ਆਪਣਾ ਹਸ਼ਰ ਵੇਖ ਲੈਣਾ ਚਾਹੀਦਾ।

## ਨਕੋਦਰ ਸਾਕੇ ਦੇ ਸ਼ਹੀਦ...
ਕੈਪਟਨ ਅਮਰਿੰਦਰ ਸਿੰਘ ਆਪਣੀ ਜ਼ੁਬਾਨ ਪੁਗਾਵੇ ਤੇ ਨਕੋਦਰ ਸਾਕੇ ਦੀ ਸਮਾਂਬੱਧ ਜਾਂਚ ਲਈ ਐਸਆਈਟੀ ਬਣਾਉਣ ਜਾਂ ਉਹ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਤੇ ਮੰਨਣ ਕਿ ਉਹ ਬਾਦਲ ਪਰਿਵਾਰ ਤੋਂ ਡਰਦੇ ਹਨ ਅਤੇ ਮੁੱਖ ਦੋਸ਼ੀ ਬਾਦਲ ਪਰਿਵਾਰ ਦੇ ਕਰੀਬੀ ਹੋਣ ਕਾਰਨ ਉਨਾਂ ਖਿਲਾਫ ਕਾਰਵਾਈ ਨਹੀਂ ਕਰ ਸਕਦੇ।'

ਉਨਾਂ ਕਿਹਾ, 'ਇਸ ਮਾਮਲੇ 'ਚ ਕੀਤੀ ਗਈ ਜਾਂਚ ਤੋਂ ਸਾਫ ਸਪਸ਼ਟ ਹੁੰਦਾ ਹੈ ਕਿ ਇਸ ਕਤਲੇਆਮ ਲਈ ਉਸ ਸਮੇਂ ਜਲੰਧਰ ਵਿਚ ਤੈਨਾਤ ਪੰਜਾਬ ਪੁਲਿਸ ਦਾ ਐਸਪੀ ਇਜ਼ਹਾਰ ਆਲਮ ਅਤੇ ਜਲੰਧਰ ਦਾ ਏਡੀਸੀ ਦਰਬਾਰਾ ਸਿੰਘ ਗੁਰੂ ਮੁੱਖ ਦੋਸ਼ੀ ਸਨ। ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਇਨਾਂ ਸਿੱਖਾਂ ਦੇ ਕਾਤਲਾਂ ਨੂੰ ਆਪਣੀ ਪਾਰਟੀ ਵਿਚ ਉੱਚ ਅਹੁਦੇ ਦਿੱਤੇ ਗਏ। ਸਿੱਖਾਂ ਦੀਆਂ ਸ਼ਹਾਦਤਾਂ ਨਾਲ ਬਣੀ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਨੇ ਸਿੱਖ ਕਾਤਲਾਂ ਦੀ ਪਾਰਟੀ ਬਣਾ ਦਿੱਤਾ ਹੈ। ਜੇ ਸੁਖਬੀਰ ਸਿੰਘ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਭੋਰਾ ਵੀ ਸ਼ਰਮ ਹੋਵੇ ਤਾਂ ਉਹ ਇਨਾਂ ਸਿੱਖਾਂ ਦੇ ਕਾਤਲਾਂ ਨੂੰ ਪਾਰਟੀ ਵਿਚੋਂ ਬਾਹਰ ਕੱਢਣ।'

### ਕਾਲਜ 'ਚ ਤਸਵੀਰਾਂ ਲਾਉਣ ਦੀ ਮੰਗ
ਵਿਦਿਆਰਥੀ ਜਥੇਬੰਦੀ ਸੱਥ ਅਤੇ ਸਿੱਖ ਯੂਥ ਆਫ ਪੰਜਾਬ ਨੇ ਲਾਇਲਪੁਰ ਖਾਲਸਾ ਕਾਲਜ ਵਿਚ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਸ਼ਹੀਦ ਹੋਏ 4 ਵਿਦਿਆਰਥੀਆਂ ਵਿਚੋਂ ਹਰਮਿੰਦਰ ਸਿੰਘ ਅਤੇ ਬਲਧੀਰ ਸਿੰਘ ਇਸੇ ਕਾਲਜ ਦੇ ਵਿਦਿਆਰਥੀ ਸਨ। ਉਨਾਂ ਦੀ ਯਾਦ ਵਿਚ ਕਾਲਜ ਦੇ ਆਰਟਸ ਅਤੇ ਸਾਇੰਸ ਬਲਾਕ ਦਾ ਨਾਂ ਰੱਖਿਆ ਗਿਆ ਸੀ, ਜੋ ਹੁਣ ਮਿਟਾ ਦਿੱਤਾ ਗਿਆ ਹੈ। ਉਨਾਂ ਲਾਇਲਪੁਰ ਖਾਲਸਾ ਕਾਲਜ ਦੇ ਪ੍ਰਬੰਧਕਾਂ ਤੋਂ ਮੰਗ ਕੀਤੀ ਕਿ ਇਨਾਂ ਵਿਦਿਆਰਥੀਆਂ ਦੇ ਨਾਵਾਂ ਨੂੰ ਮੁੜ ਇਨਾਂ ਬਲਾਕਾਂ 'ਤੇ ਲਿਖਿਆ ਜਾਵੇ ਤੇ ਸਬੰਧਤ ਬਲਾਕਾਂ ਵਿਚ ਇਨਾਂ ਵਿਦਿਆਰਥੀਆਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਜਾਣ।

## ਪੰਜਾਬ ਵਿਚ ਨਵੀਂ ਸਿਆਸੀ ਸਫ਼ਬੰਦੀ
ਸੀਨੀਅਰ ਅਕਾਲੀ ਆਗੂ ਤੇ ਸਪੋਕਸਮੈਨ ਡਾ. ਦਲਜੀਤ ਸਿੰਘ ਚੀਮਾ ਨੇ ਸਪੱਸ਼ਟ ਕੀਤਾ ਕਿ ਇਸ ਬਾਰੇ ਫ਼ੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਦੌਰਾਨ ਲਿਆ ਗਿਆ ਸੀ।

### ਕੀ ਕਹਿੰਦੇ ਹਨ ਢੀਂਡਸਾ
ਦੂਸਰੇ ਪਾਸੇ ਸੰਗਰੂਰ-ਪਾਰਟੀ ਵਿਚੋਂ ਕੱਢੇ ਜਾਣ ਦੇ ਐਲਾਨ ਬਾਰੇ ਪੁੱਛੇ ਜਾਣ 'ਤੇ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਨਾਂ ਨੂੰ ਨਾ ਤਾਂ ਕੋਈ ਕਾਰਨ ਦੱਸੋ ਨੋਟਿਸ ਮਿਲਿਆ ਹੈ ਤੇ ਨਾ ਹੀ ਅਜਿਹੇ ਢੰਗ ਨਾਲ ਉਨਾਂ ਨੂੰ ਪਾਰਟੀ ਵਿਚੋਂ ਕੱਢਿਆ ਜਾ ਸਕਦਾ ਹੈ। ਉਨਾਂ ਕਿਹਾ ਕਿ ਜਦ ਨੋਟਿਸ ਮਿਲੇਗਾ ਤਾਂ ਜਵਾਬ ਦੇ ਦਿੱਤਾ ਜਾਵੇਗਾ।

ਢੀਂਡਸਾ ਨੇ ਕਿਹਾ ਕਿ ਜੇਕਰ ਇਹ ਸੱਚ ਹੈ ਤਾਂ ਉਹ ਹੁਣ ਅਕਾਲੀ ਦਲ ਦੀ ਪੁਰਾਣੀ ਮਾਣ-ਮਰਿਆਦਾ ਬਹਾਲ ਕਰਵਾਉਣਗੇ।

## ਹੁਣ ਪ੍ਰਵਾਸੀ ਭਾਰਤੀ ਮੀਡੀਆ...
ਇਸ ਲਈ ਜਦ ਇੱਥੇ ਕਿਸੇ ਪੱਤਰਕਾਰ 'ਤੇ ਸੰਕਟ ਆਉਂਦਾ ਹੈ ਤਾਂ ਭਾਰਤ ਵਿਚ ਉਹਨਾਂ ਦੇ ਹੱਕ ਵਿਚ ਕੋਈ ਆਵਾਜ਼ ਨਹੀਂ ਉਠਦੀ।

ਟੋਰਾਂਟੋ ਦੇ ਇਕ ਰੇਡੀਓ ਹੋਸਟ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਜਦ ਉਸ ਨੇ ਕਸ਼ਮੀਰ ਬਾਰੇ ਪ੍ਰੋਗਰਮ ਕੀਤਾ ਤਾਂ ਦੂਤਾਵਾਸ ਨੇ ਮੈਨੂੰ ਬੁਲਾ ਕੇ ਹਦਾਇਤ ਦਿੱਤੀ ਕਿ ਭਾਰਤ ਵਿਰੋਧੀ ਅਜਿਹੇ ਪ੍ਰੋਗਰਮ ਅੱਗੇ ਤੋਂ ਨਾ ਕੀਤੇ ਜਾਣ।

ਟੋਰਾਂਟੋ ਤੋਂ ਪ੍ਰਕਾਸ਼ਿਤ ਹੋਣ ਵਾਲੇ ਅਖ਼ਬਾਰ ਸਰੋਕਾਰਾਂ ਦੀ ਆਵਾਜ਼ ਦੇ ਸੰਪਾਦਕ ਹਰਬੰਸ ਸਿੰਘ ਦੱਸਦੇ ਹਨ ਕਿ ਇੱਥੇ ਵਸਣ ਵਾਲੇ ਪੰਜਾਬੀ ਸਥਾਨਕ ਮੁੱਦਿਆਂ ਦੀ ਜਗਾ ਪੰਜਾਬ ਅਤੇ ਭਾਰਤ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਜਾਨਣ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਹਨ। ਪਿਛਲੇ ਦਸ ਸਾਲਾਂ ਵਿਚ ਪ੍ਰਵਾਸੀ ਮੀਡੀਏ ਦਾ ਪ੍ਰਭਾਵ ਪੰਜਾਬ ਦੀ ਰਾਜਨੀਤੀ ਵਿਚ ਵਧਿਆ ਹੈ। 2012 ਵਿਚ ਮਨਪ੍ਰੀਤ ਸਿੰਘ ਬਾਦਲ ਦੇ ਉਭਾਰ ਵਿਚ ਪ੍ਰਵਾਸੀ ਭਾਰਤੀ ਮੀਡੀਏ ਦੇ ਭੂਮਿਕਾ ਸੀ ਤੇ ਫਿਰ 2014 ਦੌਰਾਨ ਆਮ ਆਦਮੀ ਪਾਰਟੀ ਦੁਆਰਾ ਪੰਜਾਬ ਵਿਚ ਚਾਰ ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰਨ ਵਿਚ ਪ੍ਰਵਾਸੀ ਭਾਰਤੀ ਮੀਡੀਆ ਦਾ ਯੋਗਦਾਨ ਸੀ। ਇਸੇ ਕਾਰਨ ਭਾਰਤ ਦੀ ਰਾਜਨੀਤਕ ਪਾਰਟੀਆਂ ਐਨਆਰਆਈ ਮੀਡੀਆ ਵਿਚ ਕਾਫੀ ਦਿਲਚਸਪੀ ਹੋਣ ਲੱਗੀ ਹੈ। ਭਾਰਤੀ ਚੋਣਾਂ ਵਿਚ ਪ੍ਰਵਾਸੀ ਮੀਡੀਆ ਨੂੰ ਸਿਆਸੀ ਪਾਰਟੀਆਂ ਵਲੋਂ ਇਸ਼ਤਿਹਾਰ ਦਿੱਤੇ ਜਾਂਦੇ ਹਨ।

ਮੋਦੀ ਸਰਕਾਰ ਦੇ ਦੌਰਾਨ ਭਾਰਤੀ ਦੂਤਾਵਾਸ ਦਾ ਪ੍ਰਭਾਵ ਪ੍ਰਵਾਸੀ ਭਾਈਚਾਰੇ ਦੇ ਸਾਂਝੇ ਸਭਿਆਚਾਰਕ ਕੇਂਦਰਾਂ, ਮੰਦਰਾਂ, ਗੁਰਦੁਆਰਿਆਂ ਆਦਿ ਵਿਚ ਵਧਿਆ ਹੈ। ਇਨਾਂ ਸੰਸਥਾਵਾਂ ਨੂੰ ਕੰਟਰੋਲ ਕਰਨ ਦੇ ਲਈ ਐਨਆਰਆਈ ਮੀਡੀਏ ਦੀ ਜ਼ੁਬਾਨਬੰਦੀ ਕੀਤੀ ਜਾਂਦੀ ਹੈ, ਕਿਉਂਕਿ ਮੰਦਰ, ਗੁਰਦੁਆਰਿਆਂ ਤੋਂ ਮਿਲਣ ਵਾਲੇ ਇਸ਼ਤਿਹਾਰ ਪ੍ਰਵਾਸੀ ਮੀਡੀਆ ਦੀ ਆਮਦਨੀ ਦਾ ਸਰੋਤ ਹੁੰਦੇ ਹਨ। 2017 ਦੌਰਾਨ ਜਦ ਭਾਰਤੀ ਪੱਤਰਕਾਰ ਰਾਣਾ ਅਯੂਬ ਕੈਨੇਡਾ ਯਾਤਰਾ 'ਤੇ ਗਈ ਤਾਂ ਸਰੀ ਦੇ ਗੁਰਦੁਆਰੇ ਵਿਚ ਭਾਰਤੀ ਅਧਿਕਾਰੀਆਂ ਦੇ ਦਬਾਅ ਕਾਰਨ ਉਸ ਨੂੰ ਬੋਲਣ ਨਹੀਂ ਦਿੱਤਾ। ਦਲੀਲ ਇਹ ਦਿੱਤੀ ਗਈ ਕਿ ਰਾਣਾ ਅਯੂਬ ਦਾ ਭਾਸ਼ਣ ਆਪਸੀ ਭਾਈਚਾਰੇ ਤੇ ਸਦਭਾਵਨਾ ਦੇ ਲਈ ਖਤਰਾ ਹੋਵੇਗਾ। ਜਦ ਕਿ ਇਸ ਗੁਰਦੁਆਰੇ ਵਿਚ 2015 ਦੌਰਾਨ ਨਰਿੰਦਰ ਮੋਦੀ ਦਾ ਜ਼ੋਰ ਸ਼ੋਰ ਨਾਲ ਸੁਆਗਤ ਕੀਤਾ ਗਿਆ ਸੀ। 2018 ਦੌਰਾਨ ਜਦ ਮਨੁੱਖੀ ਅਧਿਕਾਰਾਂ ਦੀ ਚੈਂਪੀਅਨ ਤੀਸਤਾ ਸੀਤਲਵਾੜ ਕੈਨੇਡਾ ਪਹੁੰਚੀ ਤਾਂ ਪ੍ਰਵਾਸੀ ਮੀਡੀਏ ਨੂੰ ਹੁਕਮ ਦਿੱਤੇ ਗਏ ਕਿ ਤੀਸਤਾ ਦੀ ਕਵਰੇਜ ਨਾ ਕੀਤੀ ਜਾਵੇ।

ਜਿਸ ਤਰਾਂ ਭਾਰਤ ਵਿਚ ਪੱਤਰਕਾਰਾਂ 'ਤੇ ਟਰੋਲ ਹਮਲੇ ਹੁੰਦੇ ਹਨ, ਉਸੇ ਤਰਾਂ ਵਿਦੇਸ਼ੀ ਮੀਡੀਏ ਵਿਚ ਇਹ ਨਵਾਂ ਰੁਝਾਨ ਪੈਦਾ ਹੋਇਆ ਹੈ ਕਿ ਜੇਕਰ ਕੋਈ ਹੋਸਟ ਰੇਡੀਓ ਜਾਂ ਟੀਵੀ ਟਾਕ ਸ਼ੋਅ ਵਿਚ ਭਾਰਤ ਸਰਕਾਰ ਜਾਂ ਮੋਦੀ ਦੀ ਆਲੋਚਨਾ ਕਰਦਾ ਹੈ ਤਾਂ ਸੰਘ ਤੇ ਭਾਜਪਾ ਨਾਲ ਜੁੜੇ ਲੋਕ ਉਸ ਹੋਸਟ ਨੂੰ ਫੋਨ ਤੇ ਮੈਸੇਜਾਂ ਰਾਹੀਂ ਜਲੀਲ ਕਰਨ ਲੱਗ ਜਾਂਦੇ ਹਨ। ਵਰਤਮਾਨ ਸਰਕਾਰ ਭਾਰਤ ਦੇ ਅੰਦਰ ਸੁਤੰਤਰ ਪੱਤਰਕਾਰੀ ਦੇ ਜਿਨਾਂ ਤਰੀਕਿਆਂ ਨੂੰ ਅਪਨਾਉਂਦੀ ਹੁਣ ਉਹ ਇਨਾਂ ਤਰੀਕਿਆਂ ਦਾ ਨਿਰਯਾਤ ਵਿਦੇਸ਼ਾਂ ਵਿਚ ਕਰ ਰਹੀ ਹੈ।

## ਕੇਂਦਰੀ ਬਜਟ ਦਾ ਪੰਜਾਬ ਦੇ
ਕੇਂਦਰ ਸਰਕਾਰ ਦੇ ਵਰਤਮਾਨ ਬਜਟ ਦੀਆਂ ਤਜਵੀਜ਼ਾਂ ਅਨੁਸਾਰ ਰਸਾਇਣਿਕ ਖਾਦਾਂ ਉੱਪਰ ਸਬਸਿਡੀਆਂ ਨੂੰ ਘਟਾਉਣ ਕਾਰਨ ਉਨਾਂ ਦੇ ਮਹਿੰਗਾ ਹੋਣ ਦਾ ਮਾੜ੍ਹ ਅਸਰ ਸੁਭਾਵਿਕ ਤੌਰ ਉੱਪਰ ਇੱਥੋਂ ਦੇ ਕਿਸਾਨਾਂ ਉੱਪਰ ਪਵੇਗਾ। ਕੇਂਦਰ ਸਰਕਾਰ ਦੀ ਸੋਲਰ ਊਰਜਾ ਸੰਬੰਧੀ ਤਜਵੀਜ਼ ਬੰਜਰ ਜ਼ਮੀਨਾਂ ਲਈ ਹੈ, ਹਾਲ ਦੀ ਘੜੀ ਉਸ ਤਰਾਂ ਦੀ ਬੰਜਰ ਜ਼ਮੀਨ ਪੰਜਾਬ ਵਿਚ ਨਹੀਂ ਹੈ। ਧਰਤੀ ਹੇਠਲੇ ਪਾਣੀ ਦੀ ਥੁੜ ਦੀ ਸਮੱਸਿਆ ਨਾਲ ਨਜਿੱਠਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਲਈ ਜਿਹੜੇ 100 ਜ਼ਿਲਿਆਂ ਦੀ ਗੱਲ ਕੀਤੀ ਗਈ ਹੈ ਉਨਾਂ ਵਿਚੋਂ ਇਕ ਵੀ ਪੰਜਾਬ ਦਾ ਨਹੀਂ। ਫ਼ਸਲੀ ਬੀਮੇ ਦੀ ਤਜਵੀਜ਼ ਦੇ ਪੰਜਾਬ ਦੇ ਕਿਸਾਨਾਂ ਦੇ ਪੱਖ ਵਿਚ ਨਾ ਹੋਣ ਕਾਰਨ ਇਸ ਨੂੰ ਵਰਤਮਾਨ ਕਾਂਗਰਸ ਅਤੇ ਇਸ ਤੋਂ ਪਹਿਲਾਂ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰਾਂ ਪਹਿਲਾਂ ਹੀ ਨਕਾਰ ਚੁੱਕੀਆਂ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਕਾਰਨ ਪੈਦਾ ਹੋਈ ਪੇਂਡੂ ਬੇਰੁਜ਼ਗਾਰੀ ਦੀ ਸਮੱਸਿਆ ਲਈ ਸ਼ੁਰੂ ਕੀਤੀ ਗਈ ਸਕੀਮ ਮਨਰੇਗਾ ਦੇ ਬਜਟ ਵਿਚ 13.38 ਫ਼ੀਸਦ ਦੀ ਕਟੌਤੀ ਪਹਿਲਾਂ ਤੋਂ ਹੀ ਇਸ ਸਕੀਮ ਦੀਆਂ ਕਮੀਆਂ ਨੂੰ ਹੋਰ ਵਧਾਉਣਗੇ। ਪੰਜਾਬ ਦੇ ਬਾਰਡਰ ਸੂਬਾ ਹੋਣ ਸੰਬੰਧੀ ਹੰਢਾਈਆਂ ਜਾ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਇਸ ਬਜਟ ਵਿਚ ਕੋਈ ਵੀ ਤਜਵੀਜ਼ ਨਹੀਂ ਹੈ। ਇਸ ਤੋਂ ਬਿਨਾਂ ਜੀ.ਐੱਸ.ਟੀ. ਜਿਸ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੀਆਂ ਮੁੱਖ ਰਾਜਸੀ ਪਾਰਟੀਆਂ ਨੇ ਅੱਡੀਆਂ ਚੁੱਕ ਕੇ ਸਮਰਥਨ ਕੀਤਾ ਸੀ ਦੇ ਸੰਬੰਧ ਵਿਚ ਪੰਜਾਬ ਲਈ ਕੋਈ ਤਜਵੀਜ਼ ਨਾ ਹੋਣ ਦੇ ਨਾਲ ਨਾਲ ਮੁਲਕ ਦੇ 15ਵੇਂ ਵਿੱਤ ਕਮਿਸ਼ਨ ਵੱਲੋਂ ਪੰਜਾਬ ਲਈ ਕੋਈ ਵੀ ਲੋੜੀਂਦੀ ਅਤੇ ਢੁਕਵੀਂ ਸਿਫ਼ਾਰਸ਼ ਨਹੀਂ ਹੈ। ਖੇਤੀਬਾੜੀ ਖੇਤਰ ਦੇ ਸੰਬੰਧ ਵਿਚ ਤਜ਼ਵੀਜ਼ ਕੀਤਾ ਗਿਆ ਪੀ.ਪੀ.ਪੀ. ਮਾਡਲ ਪੂਰੇ ਮੁਲਕ ਸਮੇਤ ਪੰਜਾਬ ਲਈ ਅਰਥੀ ਉਠ ਸਾਬਤ ਹੋਵੇਗਾ। ਕੇਂਦਰੀ ਬਜਟ ਦਾ ਲੇਖਾ-ਜੋਖਾ ਪੰਜਾਬ ਲਈ ਨਿਰਾਸ਼ਾਜਨਕ ਹੈ ਜਿਸ ਉੱਤੇ ਮੁੜ ਤੋਂ ਵਿਚਾਰ ਕਰਨ ਦੀ ਲੋੜ ਹੈ।

ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ : 99156-82196

## ਪੰਜਾਬ ਵਿਚ ਨਵੀਂ ਸਿਆਸੀ...
ਪੰਜਾਬ ਦੇ ਪੰਥਕ ਮਾਹਿਰ ਮਹਿਸੂਸ ਕਰ ਰਹੇ ਹਨ ਕਿ ਪੰਜਾਬ ਦੇ ਹਿੱਤਾਂ ਤੇ ਰਾਜਾਂ ਦੀ ਖੁਦਮੁਖਤਿਆਰੀ 'ਤੇ ਪਹਿਰਾ ਦੇਣ ਵਾਲਾ ਅਕਾਲੀ ਦਲ ਹੁਣ ਗੁਆਚ ਗਿਆ ਹੈ। ਅਕਾਲੀ ਦਲ ਦੀ ਲੀਡਰਸ਼ਿਪ ਪੰਜਾਬ ਦੇ ਹੱਕ ਵਿਚ ਕੋਈ ਸੌਦਾ ਦਿੰਦੀ ਸੀ ਤਾਂ ਦਿੱਲੀ ਦਰਬਾਰ ਨੂੰ ਭਾਜੜਾਂ ਪੈ ਜਾਂਦੀਆਂ ਸਨ। ਹੁਣ ਅਕਾਲੀ ਦਲ ਦੇ ਮਹਾਂਰਥੀਆਂ ਦੀਆਂ ਕਮਜ਼ੋਰੀਆਂ ਕਾਰਨ ਸਥਿਤੀ ਇੱਥੋਂ ਤੱਕ ਡਿੱਗ ਪਈ ਹੈ ਕਿ ਅਕਾਲੀ ਦਲ ਕੇਂਦਰ ਵਿਚ ਮੰਤਰੀਆਂ ਨੂੰ ਯਾਦ ਪੱਤਰ ਦੇ ਕੇ ਮੀਡੀਆ ਵਿਚ ਖਬਰਾਂ ਲੁਆਉਣ ਤੱਕ ਸੀਮਤ ਰਹਿ ਗਿਆ ਹੈ ਤੇ ਉਨਾਂ ਦੀ ਕੇਂਦਰ ਸਰਕਾਰ ਵਿਚ ਕੋਈ ਪੁਛ ਪ੍ਰਤੀਤ ਨਹੀਂ ਰਹੀ। ਅਜਿਹੀ ਸਥਿਤੀ ਵਿਚ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆਉਣਗੀਆਂ ਤਾਂ ਭਾਜਪਾ 117 ਸੀਟਾਂ ਵਿਚੋਂ ਅੱਧੀਆਂ ਸੀਟਾਂ ਦੀ ਮੰਗ ਕਰ ਸਕਦੀ ਹੈ। ਅਕਾਲੀ ਦਲ ਪੰਜਾਬ ਵਿਚ ਵੀ ਭਾਜਪਾ ਦੀ ਚੜ੍ਹਤ ਅੱਗੇ ਬਹੁਤ ਨੀਵਾਂ ਹੋ ਕੇ ਰਹਿ ਗਿਆ ਹੈ। ਪਿਛਲੇ ਸਮੇਂ ਵਿਚ ਜੇਕਰ ਨਜ਼ਰ ਮਾਰੀ ਜਾਵੇ ਤਾਂ ਕੇਂਦਰ ਦੀ ਮੋਦੀ ਸਰਕਾਰ ਨੇ ਪੰਜਾਬ ਦੇ ਹਿੱਤ ਵਿਚ ਕੋਈ ਵੱਡਾ ਫੈਸਲਾ ਨਹੀਂ ਲਿਆ ਤੇ ਨਾ ਹੀ ਅਕਾਲੀ ਦਲ ਉਸ ਉੱਪਰ ਸਿਆਸੀ ਦਬਾਅ ਪਾਉਣ ਵਿਚ ਕਾਮਯਾਬ ਹੋ ਸਕਿਆ ਹੈ। ਕੈਪਟਨ ਸਰਕਾਰ ਦੀ ਕੇਂਦਰ ਵਿਚ ਉਂਝ ਕੋਈ ਪੁੱਛ ਪ੍ਰਤੀਤ ਨਹੀਂ ਹੈ।

### ਢੀਂਡਸਾ ਤੇ ਬਾਦਲ ਦਲ ਪਰਿਵਾਰ 'ਚ ਜੰਗ
ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਇਸ ਸਾਰੇ ਸਿਆਸੀ ਮਾਹੌਲ ਤੋਂ ਢੀਂਡਸਾ ਗਰੁੱਪ ਕਾਰਨ ਦੁਖੀ ਹਨ। ਇਸੇ ਮਜਬੂਰੀ ਕਾਰਨ ਉਨਾਂ ਨੂੰ ਦਿੱਲੀ ਚੋਣਾਂ ਵਿੱਚ ਪਾਰਟੀ ਭਾਜਪਾ ਦੇ ਹੱਕ ਵਿੱਚ ਨਿਤਰਨਾ ਪਿਆ ਤੇ ਆਪਣਾ ਪੁਰਾਣਾ ਫੈਸਲਾ ਬਦਲਣਾ ਪਿਆ।

ਹੁਣ ਸ਼੍ਰੋਮਣੀ ਅਕਾਲੀ ਦਲ ਦੇ ਨਿਸ਼ਾਨੇ 'ਤੇ ਢੀਂਡਸਾ ਪਰਿਵਾਰ ਹੈ। ਸੰਗਰੂਰ ਵਿਚ ਹੋਈ ਰੈਲੀ ਦੌਰਾਨ ਸੁਖਬੀਰ ਬਾਦਲ ਨੇ ਆਪਣੀ ਸਪੀਚ ਖਤਮ ਕਰਦਿਆਂ ਇਹ ਤੱਕ ਕਹਿ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਢੀਂਡਸਾ ਪਰਿਵਾਰ ਦੀ ਅੰਤਿਮ ਅਰਦਾਸ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਰੈਲੀ ਦੌਰਾਨ ਸੀਨੀਅਰ ਅਕਾਲੀ ਆਗੂ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਉਨਾਂ ਦੇ ਪੁੱਤਰ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਜੋ ਲਹਿਰਾਗਾਗਾ ਹਲਕੇ ਤੋਂ ਵਿਧਾਇਕ ਹਨ, ਨੂੰ ਪਾਰਟੀ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਉਨਾਂ ਚੁਨੌਤੀ ਦਿੱਤੀ ਕਿ ਜੇ ਢੀਂਡਸਾ ਪਰਿਵਾਰ ਵਿਚ ਦਮ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਕੇ ਦੇਖ ਲੈਣ, ਪਤਾ ਲੱਗ ਜਾਵੇਗਾ। ਸੁਖਬੀਰ ਬਾਦਲ ਨੇ ਕਿਹਾ ਕਿ ਉਨਾਂ ਨੂੰ ਕਈ ਸੀਨੀਅਰ ਆਗੂਆਂ ਨੇ ਕਿਹਾ ਸੀ ਕਿ ਸੁਖਦੇਵ ਢੀਂਡਸਾ ਦੀ ਕਾਂਗਰਸ ਦੇ ਨਾਲ ਮਿਲੀ ਭੁਗਤ ਹੈ। ਜਦ ਪੰਜਾਬ ਵਿਚ ਕੈਪਟਨ ਦੀ ਪਹਿਲੀ ਸਰਕਾਰ ਬਣੀ ਸੀ ਤਾਂ ਸਾਰੇ ਅਕਾਲੀ ਆਗੂਆਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ। ਪਰ ਸੁਖਦੇਵ ਸਿੰਘ ਢੀਂਡਸਾ ਖ਼ਿਲਾਫ਼ ਕੈਪਟਨ ਨੇ ਕੁੱਝ ਨਹੀਂ ਕੀਤਾ। ਇੱਥੋਂ ਤੱਕ ਕਿ ਉਨਾਂ ਦੇ ਘਰ ਬਾਹਰ ਸੁਰੱਖਿਆ ਵੀ ਵਧਾ ਦਿੱਤੀ ਗਈ ਸੀ।

ਇਸ ਦੌਰਾਨ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਸੁਖਦੇਵ ਢੀਂਡਸਾ ਖ਼ਿਲਾਫ਼ ਪਹਿਲੀ ਵਾਰ ਬੋਲੇ। ਉਨਾਂ ਕਿਹਾ ਕਿ ਉਹ ਹਰ ਸਮੇਂ ਸੁਖਦੇਵ ਢੀਂਡਸਾ ਦੀ ਆਪਣੇ ਪਰਿਵਾਰਿਕ ਮਾਮਲਿਆਂ ਵਿਚ ਵੀ ਸਲਾਹ ਮਸ਼ਵਰਾ ਲਿਆ ਕਰਦੇ ਸੀ। ਅੱਜ ਢੀਂਡਸਾ ਨੇ ਆਪਣਾ ਕਰੀਅਰ ਤਾਂ ਖਤਮ ਕਰ ਹੀ ਲਿਆ, ਨਾਲ ਹੀ ਆਪਣੇ ਬੇਟੇ ਦਾ ਕਰੀਅਰ ਵੀ ਖਤਮ ਕਰ ਲਿਆ। ਉਨਾਂ ਨੇ ਪਾਰਟੀ ਦੀ ਪਿੱਠ ਦੇ ਛੂਰਾ ਮਾਰਿਆ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜ਼ਿਲਾ ਸੰਗਰੂਰ ਅਤੇ ਜ਼ਿਲਾ ਬਰਨਾਲਾ ਦੇ ਅਕਾਲੀ ਪਰਿਵਾਰਾਂ ਨੂੰ ਢੀਂਡਸਿਆਂ ਤੋਂ ਆਜ਼ਾਦੀ ਮਿਲ ਗਈ ਹੈ। ਉਨਾਂ ਕਿਹਾ ਕਿ ਅਕਾਲੀ ਵਰਕਰ ਕਿਸੇ ਵਿਅਕਤੀ ਨਾਲ ਨਹੀਂ ਸਗੋਂ ਪਾਰਟੀ ਨਾਲ ਹਨ।

ਵੱਡੇ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਦੇ ਵੀ ਨਹੀਂ ਚਾਹਿਆ ਕਿ ਢੀਂਡਸਾ ਪਿਓ-ਪੁੱਤਰ ਪਾਰਟੀ ਵਿਚੋਂ ਬਾਹਰ ਜਾਣ। ਪਰ ਇਹ ਦੋਵੇਂ ਲਗਾਤਾਰ ਪਾਰਟੀ-ਵਿਰੋਧੀ ਗਤੀਵਿਧੀਆਂ ਵਿਚ ਲੱਗੇ ਹੋਏ ਸਨ; ਜਿਸਕਾਰਨ ਅਜਿਹਾ ਕਦਮ ਚੁੱਕਣਾ ਪਿਆ ਸੀ।

## ਦਿੱਲੀ ਚੋਣਾਂ: ਬਹੁਤਾ ਕੁਝ...
ਕੇਜਰੀਵਾਲ ਤੋਂ ਬਿਨਾਂ 87 ਹੋਰ। ਬਾਕੀ 69 ਸੀਟਾਂ ਉੱਤੇ ਔਸਤ 22 ਉਮੀਦਵਾਰ ਹਨ। ਕੀ ਕਾਰਨ ਹੋਇਆ ਕਿ ਕੇਜਰੀਵਾਲ ਵਾਲੀ ਸੀਟ ਉੱਤੇ ਉਮੀਦਵਾਰਾਂ ਦਾ ਹੜ ਆ ਗਿਆ? ਮੰਨਿਆ ਜਾ ਰਿਹਾ ਕਿ ਕਈ ਧਿਰਾਂ ਵੱਲੋਂ ਇੱਥੇ ਉਮੀਦਵਾਰ ਖੁਦ ਖੜੇ ਕੀਤੇ ਗਏ ਨੇ ਤਾਂ ਜੁ ਉਹ ਵੋਟਾਂ ਤੋੜ ਸਕਣ। ਭਾਵੇਂ ਇੱਕ ਇੱਕ ਉਮੀਦਵਾਰ ਪੰਜ ਪੰਜ ਸੌ ਵੋਟ ਹੀ ਤੋੜੇ, ਪਰ ਕੋਸ਼ਿਸ਼ ਹੈ ਕਿ ਟੁੱਟੇ ਜ਼ਰੂਰ। ਇਹ ਪੈਂਤੜਾ ਕੇਜਰੀਵਾਲ ਦਾ ਰਾਹ ਕਿੰਨਾ ਕੁ ਰੋਕਦਾ ਹੈ, ਵਕਤ ਦੱਸੇਗਾ। ਪਰ ਇਸ ਸਭ ਬਾਰੇ ਕੇਜਰੀਵਾਲ ਨੇ ਖੁਸ਼ੀ ਜ਼ਾਹਿਰ ਕਰਦਿਆਂ ਇਸ ਨੂੰ ਜਮਹੂਰੀਅਤ ਲਈ ਚੰਗਾ ਆਖਿਆ ਹੈ।

ਭਾਜਪਾ ਕੋਲ ਮੁੱਖ ਮੰਤਰੀ ਦੇ ਕੱਦ ਵਾਲਾ ਕੋਈ ਚਿਹਰਾ ਨਹੀਂ ਹੈ। ਉਸ ਕਰਕੇ ਮੌਕੇ ਉੱਤੇ ਉਹ ਸਮਝ ਗਈ ਕਿ ਮਨੋਜ ਤਿਵਾੜੀ ਉੱਤੇ ਦਾਅ ਨਾ ਖੇਡਿਆ ਜਾਵੇ। ਹੁਣ ਉੱਥੇ ਮੋਦੀ ਦੇ ਨਾਂ ਉੱਤੇ ਵੋਟ ਮੰਗੀ ਜਾ ਰਹੀ ਹੈ, ਪਰ ਨਾਗਰਿਕਤਾ ਸੋਧ ਕਾਨੂੰਨ, ਧਾਰਾ 370 ਨੂੰ ਹਟਾਉਣਾ, ਤੇ ਹੋਰ ਫਿਰਕੂ ਗੱਲਾਂ ਉਸ ਦਾ ਰਾਹ ਰੋਕਦੀਆਂ ਜਾਪਦੀਆਂ ਹਨ ਕਿਉਂਕਿ ਇਨਾਂ ਨਾਹਰਿਆਂ ਕਰਕੇ ਕਈ ਸੂਬੇ ਉਹ ਗਵਾ ਬੈਠੀ ਹੈ। ਹੁਣ ਜੇ ਪੀ ਨੱਢਾ ਨੇ ਜਿੱਤ ਦਾ ਨਵਾਂ ਮੰਤਰ ਦਿੱਤਾ ਕਿ ਸਾਡੇ ਵਰਕਰਾਂ ਨੂੰ ਬੂਥ ਪੱਧਰ ਉੱਤੇ ਜੁਟ ਜਾਣਾ ਚਾਹੀਦਾ ਹੈ। ਕਿਹਾ ਹੈ ਕਿ ਵੋਟਰ ਲਿਸਟਾਂ ਚੁੱਕ ਲਵੋ। ਪੱਕੇ ਵੋਟਰਾਂ ਨੂੰ ਹਰੇ ਰੰਗ ਦੀ ਲਕੀਰ ਥੱਲੇ ਕਰੋ। ਕੱਚਿਆਂ ਨੂੰ ਪੀਲੇ ਰੰਗ ਵਿੱਚ ਲੈ ਲਵੋ ਤੇ ਕਾਂਗਰਸੀ ਜਾਂ 'ਆਪ' ਦੇ ਵੋਟਰਾਂ ਨੂੰ ਲਾਲ ਰੰਗ ਦੀ ਲਕੀਰ ਵਿੱਚ ਕਰ ਲਵੋ। 8 ਦਸੰਬਰ ਤੱਕ ਵਾਰ ਵਾਰ ਕੋਸ਼ਿਸ਼ਾਂ ਕਰੋ ਕਿ ਲਾਲ ਨੂੰ ਹਰੇ ਰੰਗ ਵਿੱਚ ਕਰਨਾ। ਭਾਵ ਹਰ ਹੀਲੇ ਵੋਟਰਾਂ ਦਾ ਮਨ ਬਦਲਣਾ। ਆਦੇਸ਼ ਹੋਏ ਹਨ ਕਿ ਹਰ ਬੂਥ ਉੱਤੇ ਘੱਟੋ ਘੱਟ ਪੰਜਾਹ ਵੋਟਾਂ ਜ਼ਰੂਰ ਵਧਣੀਆਂ ਚਾਹੀਦੀਆਂ ਹਨ। ਭਾਜਪਾ ਅੰਦਰੋਂ ਇੰਨੀ ਡਰੀ ਹੋਈ ਹੈ ਕਿ ਇੱਕ ਸੂਹ ਮੁਤਾਬਕ ਉਹ ਇਹ ਵੀ ਕਰਨ ਦੀ ਕੋਸ਼ਿਸ਼ ਵਿੱਚ ਹੈ ਕਿ ਬੂਥ ਸਰਕਾਰੀ ਸਕੂਲਾਂ ਵਿੱਚ ਨਾ ਬਣਾਏ ਜਾਣ। ਹੋ ਸਕਦਾ ਹੈ ਜੋ ਸਰਕਾਰੀ ਸਕੂਲਾਂ ਨੂੰ ਪਹਿਲੀ ਵਾਰ ਦੇਖਣਗੇ ਕਿਤੇ ਉਹ ਵੋਟ ਆਪ ਨੂੰ ਹੀ ਨਾ ਪਾ ਦੇਣ।

ਕਾਂਗਰਸ ਖੁੱਸੇ ਵੱਕਾਰ ਨੂੰ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਹੈ। ਉਹ ਕਹਿੰਦੀ ਹੈ, 2015 ਵਿੱਚ ਸਾਡੀ ਵੋਟ ਟੁੱਟ ਕੇ 'ਆਪ' ਵੱਲ ਗਈ। ਪਰ 'ਆਪ' ਨੇ ਸਿਰਫ਼ ਬਿਆਨਾਂ ਵਿੱਚ ਕੰਮ ਕੀਤਾ ਹੈ, ਅਸਲ ਵਿੱਚ ਨਹੀਂ। ਇਸ ਲਈ ਉਹ ਵੋਟ ਮੁੜ ਸਾਡੇ ਕੋਲ ਆ ਜਾਣੀ ਹੈ। ਕਾਂਗਰਸ ਕੋਲ ਵੀ ਪ੍ਰਭਾਵਸ਼ਾਲੀ ਚਿਹਰਾ ਨਹੀਂ, ਇਸ ਲਈ ਉਹ ਬਿਨਾਂ ਜਰਨੈਲ ਲੜਾਈ ਲੜ ਰਹੀ ਹੈ। ਦਿੱਲੀ ਕਾਂਗਰਸ ਦੇ ਪ੍ਰਧਾਨ ਸੁਭਾਸ਼ ਚੋਪੜਾ ਦਾ ਆਖਣਾ ਹੈ ਕਿ ਜੇ ਸਾਨੂੰ ਦਿੱਲੀ ਜਿਤਾ ਦਿੱਤੀ ਤਾਂ 700 ਯੂਨਿਟ ਬਿਜਲੀ ਮੁਫ਼ਤ ਮਿਲੇਗੀ, ਉਹ ਵੀ ਹਰ ਮਹੀਨੇ। ਪਰ ਇਹ ਕਹਿੰਦਿਆਂ ਉਹ ਭੁੱਲ ਰਹੇ ਹਨ ਕਿ ਪੰਜਾਬ ਵਿੱਚ ਵੀ ਉਨਾਂ ਦੀ ਹੀ ਪਾਰਟੀ ਦੀ ਸਰਕਾਰ ਹੈ, ਜਿੱਥੇ ਦੇਸ਼ ਦੀ ਸਭ ਤੋਂ ਮਹਿੰਗੀ ਬਿਜਲੀ ਹੈ। ਦਿੱਲੀ ਦਾ ਆਪਣਾ ਕੋਈ ਥਰਮਲ ਪਲਾਂਟ ਨਹੀਂ, ਤਾਂ ਵੀ ਸਸਤੀ ਹੈ ਤੇ ਦੂਜੇ ਪਾਸੇ ਪੰਜਾਬ ਦੇ ਸਰਕਾਰੀ ਪਲਾਂਟ ਬੰਦ ਕਰਕੇ ਪ੍ਰਾਈਵੇਟ ਤੋਂ ਬਿਜਲੀ ਖਰੀਦੀ ਜਾ ਰਹੀ ਹੈ।

ਇਸ ਸਭ ਦਰਮਿਆਨ ਕਾਂਗਰਸ ਤੇ ਭਾਜਪਾ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵੀ ਧਿਆਨ ਖਿੱਚਦੀ ਹੈ। ਗੁਰਦਾਸਪੁਰ ਵਿੱਚ ਪ੍ਰਚਾਰਕ ਸੰਨੀ ਦਿਓਲ ਹੈ ਪਰ ਉਸ ਬਾਬਤ ਵੀ ਜਨਤਾ ਜਾਣ ਚੁੱਕੀ ਹੈ ਤੇ ਪੰਜਾਬ ਦੀ ਰਾਜਨੀਤੀ ਵਿੱਚ ਖੂੰਡੇ ਲਾਏ ਨਵਜੋਤ ਸਿੱਧੂ ਨੂੰ ਕਾਂਗਰਸ ਨੇ 22ਵੇਂ ਨੰਬਰ ਉੱਤੇ ਰੱਖ ਕੇ ਪਲੋਸਣ ਦੀ ਕੋਸ਼ਿਸ਼ ਕੀਤੀ ਹੈ। ਕਾਂਗਰਸ ਹਾਈਕਮਾਨ ਇਹ ਤਾਂ ਜਾਣਦੀ ਹੈ ਕਿ ਸਿੱਧੂ ਵਰਗਾ ਬੁਲਾਰਾ ਉਸ ਕੋਲ ਨਹੀਂ, ਪਰ ਇਹ ਵੀ ਜਾਣਨਾ ਚਾਹੀਦਾ ਕਿ ਸਿੱਧੂ ਨੂੰ ਜਦੋਂ ਜਦੋਂ ਲੋੜ ਪਈ, ਉਸ ਨਾਲ ਕੋਈ ਨਹੀਂ ਖੜਾ ਹੋਇਆ।

ਸਾਡੀ ਜਾਂਚੇ ਜੇ ਸਿੱਧੂ ਦਿੱਲੀ ਪ੍ਰਚਾਰ ਲਈ ਜਾਂਦਾ ਹੈ ਤਾਂ ਵੀ ਬਹੁਤ ਕੁਝ ਨਹੀਂ ਬਦਲਣਾ, ਕਿਉਂਕਿ ਦਿੱਲੀ ਵਿੱਚ ਕਾਂਗਰਸ ਨੂੰ ਡੁਬੋਣ ਲਈ ਕਈਆਂ ਨੇ ਸਿਰਤੋੜ ਮਿਹਨਤ ਕੀਤੀ ਹੈ। ਇੰਨੀ ਕੁ ਗੱਲ ਤਾਂ ਸਿੱਧੂ ਵੀ ਜਾਣਦਾ ਹੀ ਹੋਵੇਗਾ। ਦਿੱਲੀ ਦੇ ਲੋਕਾਂ ਨੂੰ ਦੱਸਣ ਲਈ ਸਿੱਧੂ ਪਾਸ ਵੀ ਕੁਝ ਖਾਸ ਨਹੀਂ ਹੋਵੇਗਾ।

11 ਫਰਵਰੀ ਦੇ ਨਤੀਜੇ ਕੀ ਬੋਲਣਗੇ, ਇਹ ਤਾਂ ਵਕਤ ਦੱਸੇਗਾ, ਪਰ ਜੋ ਜੋ ਕੁਝ ਨੇਤਾ ਲੋਕ ਬੋਲ ਰਹੇ ਹਨ, ਉਹ ਹੈਰਾਨ ਵੀ ਕਰ ਰਿਹਾ ਹੈ ਤੇ ਪ੍ਰੇਸ਼ਾਨ ਵੀ। ਦਿੱਲੀ ਦਾ ਬਹੁਤਾ ਕੁਝ ਭਵਿੱਖ ਦੀ ਕੁੱਖ ਵਿੱਚ ਹੈ, ਜਿਸਦਾ ਪਤਾ ਗਿਆਰਾਂ ਫਰਵਰੀ ਦੇ ਨਤੀਜੇ ਦੱਸਣਗੇ।

## ਅੰਮ੍ਰਿਤ ਨਾਮ ਦਾ ਸੋਮਾ: ਸੁਖਮਨੀ ਸਾਹਿਬ

ਨਾਮ ਸਿਮਰਨ, ਹੁਕਮ ਅਤੇ ਸ੍ਰੇਸ਼ਟ ਸਦਾਚਾਰੀ ਕਰਮ ਕਰਨ ਵਿੱਚ ਹੀ ਮਨੁੱਖੀ ਅਸਤਿਤਵ ਦੀ ਸੰਪੂਰਨਤਾ ਹੈ।

ਪੰਚਮ ਪਾਤਸ਼ਾਹ ਅਨੁਸਾਰ ਅਭਿਮਾਨੀ, ਹੰਕਾਰੀ ਮਨ ਹਰੀ ਨਾਮ ਦੇ ਅੰਮ੍ਰਿਤ ਰਸ ਤੋਂ ਸੱਖਣਾ ਹੋ ਜਾਂਦਾ ਹੈ। ਹਉਮੈ ਅਤੇ ਨਾਮ ਦਾ ਆਪਸ ਵਿੱਚ ਵਿਰੋਧ ਹੈ, ਦੋਵੇਂ ਇਕੱਠੇ ਨਿਵਾਸ ਨਹੀਂ ਕਰ ਸਕਦੇ। ਭਾਵ ਜੇ ਨਾਮ ਸਿਮਰਨ ਰਾਹੀਂ ਜੀਵਨ ਦੇ ਸੁੱਖਾਂ ਦੀ ਪ੍ਰਾਪਤੀ ਕਰਨੀ ਹੈ ਤਾਂ ਆਪਣੀ ਹਉਮੈ ਛੱਡ ਕੇ ਮਨ ਨੂੰ ਪੂਰਨ ਤੌਰ 'ਤੇ ਪ੍ਰਭੂ ਚਰਨਾਂ ਵਿੱਚ ਸਮਰਪਿਤ ਕਰਨਾ ਪਵੇਗਾ।

ਹਰਿ ਕੇ ਨਾਮਿ ਜਨ ਸੋਭਾ ਪਾਈ।। (ਪੰਨਾ-264)

ਸੁਖਮਨੀ ਸਾਹਿਬ ਦੀ ਬਾਣੀ ਮਨੁੱਖ ਦਾ ਮਾਰਗ-ਦਰਸ਼ਨ ਕਰਦੀ ਹੋਈ ਕਹਿਦੀ ਹੈ ਕਿ ਜੋ ਪਰਿਭਾਸ਼ਾ ਇਸ ਬਾਣੀ ਵਿੱਚ ਬ੍ਰਹਮਗਿਆਨੀ ਦੀ ਦਿੱਤੀ ਗਈ ਹੈ, ਜੇਕਰ ਆਮ ਮਨੁੱਖ ਇਸ ਪਰਿਭਾਸ਼ਾ ਵਿੱਚ ਵਰਣਿਤ ਬ੍ਰਹਮਗਿਆਨੀ ਦੇ ਲੱਛਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਦੀ ਕੋਸ਼ਿਸ਼ ਕਰੇਗਾ ਜਾਂ ਧਾਰਨ ਕਰ ਲਵੇਗਾ ਤਾਂ ਉਹ ਸਦੀਵੀਂ ਸੁੱਖ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

ਮੋਹ ਮਾਇਆ ਦੇ ਪ੍ਰਭਾਵਾਂ ਤੋਂ ਦੂਰ ਰਹਿ ਕੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਚੇਤਨਤਾ ਦੀਆਂ ਬੌਧਿਕ ਪਰਤਾਂ ਨੂੰ ਪਾਰ ਕਰਕੇ ਰੂਹ, ਆਤਮਾ ਦੀ ਡੂੰਘਾਈ ਵਿੱਚ ਤਾਰੀ ਲਾਉਣ ਦੇ ਯੋਗ ਹੋ ਜਾਂਦੀ ਹੈ। ਮਨੁੱਖ 'ਰੂਹਾਨੀ ਸਮਾਜਿਕ ਕਰਤਾ' ਬਣ ਜਾਂਦਾ ਹੈ ਉਹ ਸਾਰੀਆਂ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ, ਸੰਕੀਰਣਤਾਵਾਂ ਨੂੰ ਚੰਗੀ ਤਰਾਂ ਸਮਝਣ ਲੱਗ ਜਾਂਦੇ ਹਨ ਅਤੇ ਹੌਲੀ-ਹੌਲੀ ਇਹਦੇ ਦੀ ਵਿਸ਼ਾਲਤਾ ਧਾਰਨ ਕਰਕੇ ਪ੍ਰਭੂ ਦੇ ਨੇੜੇ ਹੁੰਦੇ ਜਾਂਦੇ ਹਨ ਅਤੇ ਸਦੀਵੀਂ ਸੁੱਖ ਦੀ ਪ੍ਰਾਪਤੀ ਕਰਨ ਦੇ ਯੋਗ ਹੋ ਜਾਂਦੇ ਹਨ। ਨਾਮ ਸਿਮਰਨ, ਪ੍ਰਭੂ ਹੁਕਮ ਦੀ ਪਾਲਣਾ, ਸ੍ਰੇਸ਼ਟ ਕਰਮ ਕਰਨੇ, ਨਿਰਮਾਣਤਾ ਰੱਖਣੀ, ਬ੍ਰਹਮ ਗਿਆਨੀ ਦੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ, ਸਾਧ-ਸੰਗਤ ਵਿੱਚ ਰਹਿਣਾ, ਸੰਤੋਖੀ ਬਣਨਾ, ਵਿਗਿਆਨ ਅਤੇ ਅੰਜਨ ਪਾਉਣਾ ਆਦਿ ਮਾਰਗਾਂ 'ਤੇ ਚੱਲ ਕੇ ਸਦੀਵੀਂ ਸੁੱਖ ਦੀ ਪ੍ਰਾਪਤੀ ਕਰਕੇ, 'ਆਪ ਮੁਕਤੁ ਮੁਕਤੁ ਕਰਹਿ ਸੰਸਾਰ' ਹੋਣਾ ਹੈ।

## ਅਜੋਕੇ ਸੰਸਾਰ ਵਿਚ ਗੁਰੂ ਰਵਿਦਾਸ...

ਭਾਵ ਸਿੱਖਿਆ ਜਾਂ ਅੱਖਰ ਗਿਆਨ ਦੀ ਪ੍ਰਾਪਤੀ ਬਗੈਰ ਬੁੱਧੀ - ਵਿਵੇਕ ਦਾ ਦੀਵਾ ਮਲੀਨ ਰਹਿੰਦਾ ਹੈ। ਉਨ੍ਹਾਂ ਨੇ ਤਾਂ ਇਹ ਵੀ ਫੁਰਮਾਇਆ ਸੀ:-

ਰਵਿਦਾਸ ਕਹੇ ਬਿਨ ਵਿੱਦਿਆ ਨਰ ਕੋ ਜਾਨ ਅਜਾਨ।

ਗੁਰੂ ਰਵਿਦਾਸ ਦੇ ਜੀਵਨ ਸਿਧਾਂਤ ਦੀ ਇਕ ਹੋਰ ਅਲੌਕਿਕ ਖੂਬੀ ਇਹ ਹੈ ਕਿ ਉਹ ਗ੍ਰਹਿਸਥੀ ਜੀਵਨ ਬਤੀਤ ਕਰਦੇ ਹੋਏ, ਹੱਥੀਂ ਕੰਮ ਕਰਨ ਨੂੰ ਹੀ ਈਸ਼ਵਰ ਦੀ ਅਰਾਧਨਾ ਮੰਨਦੇ ਸਨ। ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਈ ਨੂੰ ਦਿੱਤਾ ਹੈ ਪਹਿਲਾਂ ਉਸ ਉਪਰ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਸਾਰੀ ਉਮਰ ਉਹ ਆਪ ਹੱਥਾਂ ਨਾਲ ਆਪਣਾ ਪਿਤਾ ਪੁਰਖੀ ਕਿੱਤਾ ਕਰਦੇ ਰਹੇ। ਗੁਰੂ ਰਵਿਦਾਸ ਜੀ ਹੱਥਾਂ ਨਾਲ ਕਿਰਤ ਕਰਦੇ ਹੋਏ ਮਨ ਵਿਚ ਪ੍ਰਭੂ ਦਾ ਜਾਪ ਕਰਦੇ ਰਹਿੰਦੇ ਸਨ। ਗੁਰੂ ਰਵਿਦਾਸ ਜੀ ਨੇ ਤਤਕਾਲੀ ਸਮਾਜ ਵਿਚ ਫੈਲੀਆਂ ਹੋਈਆਂ ਕੁਰੀਤੀਆਂ, ਰੂੜੀਆਂ ਅਤੇ ਧਾਰਮਿਕ ਅਡੰਬਰਾਂ ਦਾ ਡਟ ਕੇ ਵਿਰੋਧ ਕੀਤਾ ਸੀ। ਆਪਣੀ ਬਾਣੀ ਰਾਹੀਂ, ਅਡੰਬਰਾਂ, ਵਿਖਾਵਿਆਂ ਅਤੇ ਝੂਠੇ ਢੋਂਗਾਂ ਦੇ ਪਾਜ ਉਘਾੜੇ ਸਨ। ਉਨ੍ਹਾਂ ਨੇ ਲੋਕਾਂ ਨੂੰ ਅਡੰਬਰਾਂ ਦਾ ਤਿਆਗ ਕਰਕੇ ਅੰਤਰੀਵ ਮੰਨ ਨਾਲ ਪ੍ਰਭੂ ਦੀ ਉਪਾਸਨਾ ਕਰਨ ਲਈ ਪ੍ਰੇਰਿਆ ਸੀ। ਉਨ੍ਹਾਂ ਨੇ ਇਹ ਗੱਲ ਵੀ ਲੋਕਾਈ ਨੂੰ ਸਪਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲਾ, ਖ਼ੁਦਾ, ਰਹੀਮ ਆਦਿ ਸਭ ਇੱਕੋ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸ ਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ।

## ਹਵਾ ਵਿਚਲੇ ਪ੍ਰਦੂਸ਼ਣ ਬਾਰੇ...

5. ਮੋਟਰਸਾਈਕਲ ਕਾਰ ਨਾਲੋਂ 60 ਗੁਣਾ ਵੱਧ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

6. ਕਾਰਾਂ, ਬਸਾਂ, ਟਰੱਕ, ਵੈਨਾਂ

7. ਸਲਫਰ ਡਾਇਓਕਸਾਈਡ, ਜੋ ਸਭ ਤੋਂ ਖ਼ਤਰਨਾਕ ਗਿਣੀ ਜਾਂਦੀ ਹੈ, ਇਸ ਵੇਲੇ ਦਿੱਲੀ ਦੀ ਹਵਾ ਵਿਚ ਸਭ ਤੋਂ ਵੱਧ ਹੈ ਤੇ ਇਹ ਉਸਦੀ ਆਪਣੀ ਉਪਜ ਹੈ ਜੋ ਕਿਸੇ ਹੋਰ ਸੂਬੇ ਤੋਂ ਨਹੀਂ ਆਈ ਹੋਈ ਕਿਉਂਕਿ ਹੋਰਨਾਂ ਕਿਸੇ ਸੂਬਿਆਂ ਵਿਚਲੀ ਹਵਾ ਵਿਚ ਏਨੀ ਮਾਤਰਾ ਨਹੀਂ ਹੈ। ਸਗੋਂ ਦਿੱਲੀ ਦੇ ਕਾਰਖ਼ਾਨੇ ਤੇ ਵੱਡੀ ਗਿਣਤੀ ਮੋਟਰਸਾਈਕਲਾਂ, ਬਸਾਂ, ਟਰੱਕਾਂ, ਕਾਰਾਂ ਦੇ ਨਾਲੋਂ ਨਾਲ ਕੂੜੇ ਦੇ ਢੇਰ ਦਾ ਸਾੜਿਆ ਜਾਣਾ ਹੀ ਇਸ ਵਿਚ ਲਗਾਤਾਰ ਵਾਧਾ ਕਰ ਰਿਹਾ ਹੈ ਅਤੇ ਹੋਰਨਾਂ ਸੂਬਿਆਂ ਦੀ ਹਵਾ ਵੀ ਖ਼ਰਾਬ ਕਰ ਰਿਹਾ ਹੈ।

ਯੂਨੀਵਰਸਿਟੀ ਆਫ਼ ਮੈਰੀਲੈਂਡ ਨੇ ਖੋਜ ਰਾਹੀਂ ਦਸ ਦਿੱਤਾ ਹੈ ਕਿ ਭਾਰਤ ਵਿਚ ਕੋਲੇ ਦੀ ਵਾਧੂ ਵਰਤੋਂ ਸਦਕਾ ਭਾਰਤ ਦੀ ਹਵਾ ਵਿਚਲੀ ਸਲਫਰ ਡਾਇਓਕਸਾਈਡ ਦੀ ਮਾਤਰਾ ਚੀਨ ਤੋਂ ਵੀ ਟੱਪ ਜਾਣ ਵਾਲੀ ਹੈ। ਹਵਾ ਵਿਚਲਾ ਗੰਧਲਾਪਨ ਬਣਾਉਣ ਦਾ ਵੀਹ ਫੀਸਦੀ ਹਿੱਸਾ ਸਿਰਫ਼ ਸਲਫਰ ਡਾਇਓਕਸਾਈਡ ਸਦਕਾ ਹੀ ਹੈ।

ਵਿਸ਼ਵ ਸਿਹਤ ਸੰਸਥਾ ਨੇ ਏਸ਼ੀਆ ਵਿੱਚੋਂ ਦਿੱਲੀ ਤੇ ਤਹਿਰਾਨ ਨੂੰ ਦੁਨੀਆ ਭਰ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਐਲਾਨ ਦਿੱਤਾ ਹੈ ਜਿੱਥੇ ਫੈਕਟਰੀਆਂ, ਕੋਲਾ ਤੇ ਬਸਾਂ, ਕਾਰਾਂ, ਮੋਟਰਸਾਈਕਲਾਂ ਹੀ ਇਸਦਾ ਕਾਰਨ ਦੱਸਿਆ ਗਿਆ ਹੈ।

ਪੰਜਾਬ ਦੇ ਥਰਮਲ ਪਲਾਂਟਾਂ ਵਿਚਲਾ ਕੋਲਾ ਵੀ ਇਹੋ ਹਾਲ ਕਰਨ ਵਾਲਾ ਹੈ।

ਹਲ :-

ਲੰਡਨ ਤੇ ਟੋਕੀਓ ਨੇ ਪ੍ਰਦੂਸ਼ਿਤ ਹਵਾ ਨੂੰ ਸਾਫ਼ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਦਾ ਹਲ ਹੈ। ਇਸ ਵਾਸਤੇ ਉਨ੍ਹਾਂ ਵੱਲੋਂ ਸੁਝਾਏ ਨੁਕਤੇ ਹਨ :-

1. ਮੋਟਰਾਂ ਦੇ ਇੰਜਨਾਂ ਵਿਚ ਤਬਦੀਲੀ ਲਿਆ ਕੇ ਸੀ.ਐਨ.ਜੀ. ਦੀ ਵਰਤੋਂ ਵਧਾਈ ਜਾਏ।

2. ਇਲੈਕਟ੍ਰਿਕ ਕਾਰਾਂ ਦੀ ਵਰਤੋਂ ਵਧਾਈ ਜਾਏ।

3. ਸਬ ਵੇਅ, ਮੈਟਰੋ, ਟਰੈਮ, ਬਿਜਲੀ ਨਾਲ ਚੱਲਣ ਵਾਲੀਆਂ ਬਸਾਂ ਚਾਲੂ ਕੀਤੀਆਂ ਜਾਣ।

4. ਦਸ ਸਾਲਾਂ ਤੋਂ ਪੁਰਾਣੀਆਂ ਸਾਰੀਆਂ ਫੈਕਟਰੀਆਂ ਦੀਆਂ ਮਸ਼ੀਨਾਂ ਨਵੀਆਂ ਲਾਈਆਂ ਜਾਣ ਤੇ ਉਨ੍ਹਾਂ ਵਿੱਚੋਂ ਨਿਕਲਦੇ ਪ੍ਰਦੂਸ਼ਣ ਦੀ ਜਾਂਚ ਰੈਗੂਲਰ ਤੌਰ ਉੱਤੇ ਹੋਵੇ।

5. ਵੀਹ ਸਾਲ ਤੋਂ ਪੁਰਾਣੀਆਂ ਸਾਰੀਆਂ ਕਾਰਾਂ ਸੜਕਾਂ ਉੱਤੇ ਚੱਲਣੀਆਂ ਬੰਦ ਕਰ ਦਿੱਤੀਆਂ ਜਾਣ।

6. ਹਵਾ ਵਿਚ ਪ੍ਰਦੂਸ਼ਿਤ ਕਣਾਂ ਦੇ ਵਧਦੇ ਸਾਰ ਫੈਕਟਰੀਆਂ ਦੇ ਕੰਮ ਕਾਰ ਦਾ ਸਮਾਂ ਕੁੱਝ ਹਫ਼ਤੇ ਘਟਾ ਕੇ ਤੇ ਕਾਰਾਂ ਬਸਾਂ ਦੀ ਗਿਣਤੀ ਵੀ ਸੜਕਾਂ ਉੱਤੇ ਕੁੱਝ ਹਫ਼ਤੇ ਘਟਾ ਦੇਣੀ ਚਾਹੀਦੀ ਹੈ।

7. ਮੀਡੀਆ ਵੱਲੋਂ ਲੋਕਾਂ ਨੂੰ ਪ੍ਰਦੂਸ਼ਿਤ ਹਵਾ ਤੋਂ ਬਚਣ ਲਈ ਘਰਾਂ ਵਿਚ ਜ਼ਿਆਦਾ ਸਮਾਂ ਰਹਿਣ ਲਈ ਪ੍ਰੇਰਿਤ ਕਰਦੇ ਰਹਿਣਾ ਚਾਹੀਦਾ ਹੈ।

8. ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਘਰਾਂ ਵਿਚ ਜ਼ਿਆਦਾ ਸਮਾਂ ਬਤੀਤ ਕਰਨ ਲਈ ਕਹਿਣਾ ਚਾਹੀਦਾ ਹੈ।

9. ਸਰਕਾਰ ਵੱਲੋਂ ਸਖ਼ਤ ਕਾਨੂੰਨ ਬਣਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਉੱਤੇ ਰੋਕ ਲਾ ਦੇਣੀ ਚਾਹੀਦੀ ਹੈ। ਇੰਜ ਹੀ ਪੁਰਾਣੀਆਂ ਕਾਰਾਂ ਉੱਤੇ ਚਾਰ ਗੁਣਾ ਟੈਕਸ ਲਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਸੜਕਾਂ ਉੱਤੇ ਚੱਲਣਾ ਬੰਦ ਹੋਵੇ।

10. ਦਰਖ਼ਤਾਂ ਦਾ ਵੱਧ ਤੋਂ ਵੱਧ ਲਾਉਣਾ।

ਸਾਰ :-

* ਇਕ ਸਿਗਰਟ ਦਾ ਧੂੰਆਂ ਵੀ ਹਵਾ ਪ੍ਰਦੂਸ਼ਿਤ ਕਰਦਾ ਹੈ।

* ਜਵਾਲਾਮੁਖੀ ਫਟਣ ਨਾਲ ਹੋਇਆ ਪ੍ਰਦੂਸ਼ਣ ਇਨਸਾਨੀ ਪ੍ਰਦੂਸ਼ਣ ਤੋਂ ਕਿਤੇ ਵੱਧ ਹੈ।

* ਫੈਕਟਰੀਆਂ, ਕੋਲੇ ਦਾ ਬਲਣਾ ਤੇ ਮੋਟਰਸਾਈਕਲ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਂਦੇ ਹਨ।

* ਹਵਾ ਵਿਚਲੇ ਪ੍ਰਦੂਸ਼ਣ ਦਾ ਅਸਰ ਭਰੂਣ ਤੋਂ ਲੈ ਕੇ 100 ਸਾਲਾਂ ਦੀ ਉਮਰ ਭੋਗ ਰਹੇ ਹਰ ਜਣੇ ਉੱਤੇ ਪੈਂਦਾ ਹੈ।

* ਇਸਦੇ ਮਾੜੇ ਅਸਰ ਤੁਰੰਤ ਤੋਂ ਲੈ ਕੇ ਕਈ ਸਾਲਾਂ ਬਾਅਦ ਤਕ ਹੁੰਦੇ ਰਹਿ ਸਕਦੇ ਹਨ ਤੇ ਧੁਖਦੀ ਲੱਕੜ ਵਾਂਗ ਸਰੀਰ ਨੂੰ ਹੌਲੀ-ਹੌਲੀ ਖੋਖਲਾ ਕਰ ਦਿੰਦੇ ਹਨ।

* ਮਨੋਰੋਗ ਤੇ ਵਧਦੇ ਜੁਰਮਾਂ ਦੇ ਨਾਲੋਂ ਨਾਲ ਓਟਿਜ਼ਮ ਅਤੇ ਵਧਦੇ ਲੜਾਈਆਂ ਝਗੜੇ ਇਸੇ ਦੀ ਉਪਜ ਹਨ।

* ਡੀ.ਐਨ.ਏ. ਵਿਚਲੀ ਤਬਦੀਲੀ ਅਗਲੀਆਂ ਪੁਸ਼ਤਾਂ ਤਕ ਅਸਰ ਛੱਡ ਸਕਦੀ ਹੈ।

* ਵਨਸਪਤੀ ਅਤੇ ਜਾਨਵਰਾਂ ਉੱਤੇ ਬੇਹੱਦ ਮਾੜੇ ਅਸਰ ਦਿਸਦੇ ਹਨ।

* ਸਰਕਾਰਾਂ ਨੂੰ ਇਕ ਦੂਜੇ ਉੱਤੇ ਦੂਸ਼ਣ ਲਾਉਣ ਦੀ ਥਾਂ ਅਤੇ ਸਾਰਾ ਦੋਸ਼ ਕਿਸਾਨਾਂ ਉੱਤੇ ਮੜ੍ਹਨ ਦੀ ਥਾਂ ਸਖ਼ਤ ਕਾਨੂੰਨ ਲਾਗੂ ਕਰ ਕੇ ਫੈਕਟਰੀਆਂ, ਕੋਲੇ ਦੇ ਬਾਲਣ ਦੀ ਵਰਤੋਂ ਘਟਾਉਣ ਤੇ ਮੋਟਰਸਾਈਕਲਾਂ, ਬਸਾਂ, ਕਾਰਾਂ ਦੀ ਗਿਣਤੀ ਸੜਕਾਂ ਉੱਤੇ ਘਟਾਉਣ ਵਲ ਧਿਆਨ ਦੇਣਾ ਚਾਹੀਦਾ ਹੈ।

* ਦਰਖ਼ਤਾਂ ਦੀ ਗਿਣਤੀ ਹਰ ਸਾਲ ਵਧਾਉਣੀ ਪੈਣੀ ਹੈ। ਸੜਕਾਂ ਦੁਆਲੇ ਰੁਖ ਬੀਜਣ ਤੇ ਹਰ ਘਰ ਵਿਚ ਬੂਟੇ ਲਾਉਣੇ ਲਾਜ਼ਮੀ ਕਰ ਦੇਣੇ ਚਾਹੀਦੇ ਹਨ।

* ਪ੍ਰਦੂਸ਼ਣ ਹਰ ਵੱਡੇ-ਛੋਟੇ, ਅਮੀਰ-ਗਰੀਬ ਉੱਤੇ ਇੱਕੋ ਜਿਹਾ ਅਸਰ ਕਰਦਾ ਹੈ। ਸੋ ਇਸ ਨੂੰ ਰੋਕਣ ਲਈ ਸਾਂਝਾ ਉਪਰਾਲਾ ਕਰਨ ਦੀ ਲੋੜ ਹੈ ਤਾਂ ਜੋ ਸਾਡੀਆਂ ਆਪਣੀਆਂ ਹੀ ਆਉਣ ਵਾਲੀਆਂ ਨਸਲਾਂ ਮਾਨਸਿਕ ਤੇ ਸਰੀਰਕ ਪੱਖੋਂ ਤੰਦਰੁਸਤ ਰਹਿ ਸਕਣ!

ਕਿਸਾਨਾਂ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਪਰਾਲੀ ਸਾੜਨ ਨਾਲ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਦੇ ਆਪਣੇ ਸਰੀਰ ਦਾ ਤੇ ਆਪਣੇ ਟੱਬਰ ਵਿਚਲੇ ਬੱਚਿਆਂ ਦਾ ਹੋਣਾ ਹੈ ਤੇ ਨਾਲੋਂ ਨਾਲ ਆਪਣੀ ਜ਼ਮੀਨ ਦਾ ਵੀ।

ਅੰਤ ਵਿਚ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਮੀਡੀਆ ਰਾਹੀਂ ਪੂਰਾ ਦੋਸ਼ ਕਿਸਾਨਾਂ ਉੱਤੇ ਮੜ੍ਹ ਦੇਣ ਦਾ ਮਤਲਬ ਹੈ ਅਸਲ ਦੋਸ਼ੀ ਵੱਲੋਂ ਲੋਕਾਂ ਦਾ ਧਿਆਨ ਹਟਾਉਣਾ। ਕਿਸਾਨਾਂ ਦੀ ਪਰਾਲੀ ਨੂੰ ਲਾਈ ਅੱਗ ਜੰਗਲਾਂ ਵਿਚ ਲੱਗੀ ਅੱਗ ਤੋਂ ਵਧ ਪ੍ਰਦੂਸ਼ਣ ਨਹੀਂ ਫੈਲਾ ਸਕਦੀ। ਜਦੋਂ ਸਭ ਨੂੰ ਸਮਝ ਆ ਜਾਏਗੀ ਕਿ ਅਸਲ ਕਾਰਨ ਹਨ- ਫੈਕਟਰੀਆਂ, ਕੋਲਾ ਸਾੜਨਾ, ਡੀਜ਼ਲ, ਪੈਟਰੋਲ, ਬਸਾਂ, ਟਰੱਕਾਂ, ਕਾਰਾਂ ਤੇ ਮੋਟਰਸਾਈਕਲ, ਤਾਂ ਸਾਂਝੇ ਤੌਰ ਉੱਤੇ ਰੋਕਥਾਮ ਕਰਨੀ ਆਸਾਨ ਹੋ ਜਾਵੇਗੀ।

ਵੱਡੀ ਗੱਲ ਹੈ - ਪੰਜਾਬ ਦੀ ਹਵਾ ਦਿਲੀ ਦੀ ਹਵਾ ਨਾਲੋਂ ਸਾਫ਼ ਹੈ ਸੋ ਦਿੱਲੀ ਵੱਲੋਂ ਪੰਜਾਬ ਉੱਤੇ ਲਾਏ ਜਾ ਰਹੇ ਦੂਸ਼ਣ ਸਰਾਸਰ ਗ਼ਲਤ ਹਨ!

## ਪਹਿਲੇ ਐਂਗਲੋ-ਸਿੱਖ ਯੁੱਧ...

ਲੜਾਈ ਵਿੱਚ ਜਦੋਂ ਸਿੱਖ ਫ਼ੌਜਾਂ ਦਾ ਪੱਲੜਾ ਭਾਰੀ ਹੋ ਗਿਆ ਤਾਂ ਗ਼ੱਦਾਰ ਤੇਜ ਸਿੰਘ ਸੈਨਾਪਤੀ ਨੇ ਬਿਗਲ ਵਜਾਉਣ ਵਾਲਿਆਂ ਨੂੰ ਪਿਛਾਂਹ ਹਟਣ ਦਾ ਬਿਗਲ ਵਜਾਉਣ ਦਾ ਹੁਕਮ ਦੇ ਦਿੱਤਾ। ਬਿਗਲ ਸੁਣ ਕੇ ਸਿੱਖ ਘੋੜ ਸਵਾਰ ਅਤੇ ਪੈਦਲ ਫ਼ੌਜ ਕੁਝ ਦੇਰ ਲਈ ਪਿਛਾਂਹ ਹਟ ਗਏ। ਅੰਗਰੇਜ਼ ਸਿਪਾਹੀ ਇਹ ਦੇਖ ਕੇ ਖ਼ੁਸ਼ ਹੋ ਗਏ ਕਿ ਉਨ੍ਹਾਂ ਦੀ ਹਾਰ, ਜਿੱਤ ਵਿੱਚ ਬਦਲ ਗਈ ਹੈ। ਸ਼ਾਹ ਮੁਹੰਮਦ ਨੇ "ਜੰਗਨਾਮਾ ਸਿੰਘਾਂ ਅਤੇ ਫਰੰਗੀਆਂ" ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਘਾਟ ਮਹਿਸੂਸ ਕਰਦਿਆਂ ਲਿਖਿਆ ਹੈ :

**ਸ਼ਾਹ ਮੁਹੰਮਦਾ,ਇੱਕ ਸਰਕਾਰ ਬਾਝੋਂ,**
**ਫ਼ੌਜਾਂ ਜਿੱਤ ਕੇ,ਅੰਤ ਨੂੰ ਹਾਰੀਆਂ ਨੇ।**

ਅੰਗਰੇਜ਼ਾਂ ਨੂੰ ਇਹ ਜਿੱਤ ਬੜੀ ਮਹਿੰਗੀ ਪਈ। ਇਸ ਵਿੱਚ ਅੰਗਰੇਜ਼ਾਂ ਦੇ 2 ਬ੍ਰਿਗੇਡੀਅਰ ਸਖ਼ਤ ਜ਼ਖ਼ਮੀ ਹੋਏ ਅਤੇ ਇੱਕ ਮਾਰਿਆ ਗਿਆ। ਗਵਰਨਰ ਜਨਰਲ ਦੇ ਸਟਾਫ਼ ਵਿੱਚੋਂ ਵੀ 2 ਮਰੇ ਅਤੇ 5 ਫੱਟੜ ਹੋ ਗਏ। ਅੰਗਰੇਜ਼ਾਂ ਦੇ ਕੁੱਲ 2415 ਸਿਪਾਹੀਆਂ ਦਾ ਨੁਕਸਾਨ ਹੋਇਆ ਜਿਨ੍ਹਾਂ ਵਿੱਚੋਂ 694 ਮਾਰੇ ਗਏ ਅਤੇ 1721 ਫੱਟੜ ਹੋਏ। 21 ਅਤੇ 22 ਦਸੰਬਰ ਨੂੰ ਦੋ ਦਿਨ ਚੱਲੀ ਇਸ ਲੜਾਈ ਵਿੱਚ ਅੰਗਰੇਜ਼ਾਂ ਦਾ 25 ਸਾਲਾ ਬਹਾਦਰ ਲੈਫਟੀਨੈਂਟ ਪੀਟਰ ਕਲੋਨੈਟ ਲੈਬਾਰਡ ਜ਼ਖ਼ਮੀ ਹੋ ਗਿਆ ਅਤੇ ਨਾਲ ਦੇ ਪਿੰਡ ਮਿਸ਼ਰੀ ਵਾਲਾ ਵਿੱਚ ਫ਼ੌਜੀ ਕੈਂਪ ਵਿੱਚ ਉਸ ਦੀ ਮੌਤ ਹੋ ਗਈ। ਉਸ ਦੇ ਸੈਨਿਕਾਂ ਅਤੇ ਕਮਾਂਡਰ ਇਨ ਆਰਮਡ ਲੈਫਟੀਨੈਂਟ ਕਰਨਲ ਹੱਥਵੇਟ ਨੇ ਪਿੰਡ ਮਿਸ਼ਰੀ ਵਾਲਾ ਵਿੱਚ ਉਸ ਦੀ ਯਾਦਗਾਰ ਬਣਵਾਈ। ਇਸ ਲੜਾਈ ਦਾ ਮੁੱਖ ਸਲਾਹਕਾਰ ਮੇਜਰ ਬਰਾਡਫੁੱਟ ਅਤੇ ਬ੍ਰਿਗੇਡੀਅਰ ਵੈਲੇਸ ਵੀ ਇੱਥੇ ਮਾਰੇ ਗਏ ਸਨ। ਲਾਰਡ ਹਾਰਡਿੰਗ ਦੀ ਸੁਰੱਖਿਆ ਲਈ ਤਾਇਨਾਤ ਏ.ਡੀ. ਕਾਂਗ ਵਿੱਚੋਂ ਕੋਈ ਵਿਰਲਾ ਹੀ ਬਚਿਆ। ਸਰਦਾਰ ਗੁਰਦੇਵ ਸਿੰਘ ਸਿੱਧੂ ਆਈ.ਏ.ਐਸ. ਰਿਟਾਇਰਡ ਕਮਿਸ਼ਨਰ ਡਿਵੀਜ਼ਨ ਫ਼ਿਰੋਜ਼ਪੁਰ ਨੇ ਆਪਣੀ ਖੋਜ ਦੌਰਾਨ ਬਹੁਤ ਸਾਰੇ ਵੇਰਵੇ ਇਕੱਠੇ ਕੀਤੇ। ਉਨ੍ਹਾਂ ਅਨੁਸਾਰ ਸਿੱਖ ਫ਼ੌਜਾਂ ਦਾ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਸਿੱਖ ਫ਼ੌਜਾਂ ਦੇ ਅੰਦਾਜ਼ਨ 8000 ਸਿਪਾਹੀ ਅਤੇ ਅਫ਼ਸਰ ਨੁਕਸਾਨੇ ਗਏ। ਬਾਅਦ ਵਿੱਚ ਜਦੋਂ ਕਰਮ ਸਿੰਘ ਹਿਸਟੋਰੀਅਨ ਪਿੰਡ ਫ਼ਿਰੋਜ਼ਸ਼ਾਹ ਆਏ ਤਾਂ ਉਨ੍ਹਾਂ ਨੇ ਪਿੰਡ ਦੇ ਬਜ਼ੁਰਗ ਬਾਬਾ ਅਤਰ ਸਿੰਘ ਅਤੇ ਸਾਥੀਆਂ ਤੋਂ ਲੜਾਈ ਦਾ ਅੱਖੀਂ ਡਿੱਠਾ ਹਾਲ ਸੁਣ ਕੇ ਕਲਮਬੰਦ ਕੀਤਾ। ਫੇਰੂ ਸ਼ਹਿਰ ਦੀ ਧਰਤੀ 'ਤੇ ਹੋਈ ਇਸ ਜੰਗ ਦਾ ਹਾਲ ਕਵੀ ਸ਼ਾਹ ਮੁਹੰਮਦ ਨੇ ਵੀ ਆਪਣੇ ਜੰਗਨਾਮੇ ਵਿੱਚ ਲਿਖਿਆ ਹੈ:

**ਫੇਰੂ ਸ਼ਹਿਰ ਦੇ ਹੇਠ ਜਾ ਖੇਤ ਰੁੱਧੇ,**
**ਤੋਪਾਂ ਚੱਲੀਆਂ ਨੀ ਵਾਂਗ ਤੋੜਿਆਂ ਦੇ।**
**ਸਿੰਘ ਸੂਰਮੇ ਆਣ ਮੈਦਾਨ ਲੱਥੇ,**
**ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ।**
**ਉੱਧਰ ਆਪ ਫਰੰਗੀ ਨੂੰ ਭਾਜ ਆਈ, ਦੌੜੇ ਜਾਣ ਗੋਰੇ, ਦਿੱਤੀ ਕੰਡ ਮੀਆਂ।**
**ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।**

## ਫ਼ਿਕਰ ਤੋਂ ਫ਼ਖ਼ਰ ਤੱਕ ਦੀ ਯਾਤਰਾ

ਮੈਂ ਉਹਨੂੰ ਬੁਲਾਉਣ ਜਾਂ ਹੋਰ ਹੈਲਪ ਕਰਨ ਦੀ ਬੜੀ ਟਰਾਈ ਕੀਤੀ, ਪਰ ਉਹ ਸੈਮੀ-ਕਾਨਸ਼ੀਅਸ ਸੀ, ਕੁਛ ਨਾ ਬੋਲਿਆ, ਫਿਰ ਮੈਂ ਸੜਕ ਦੇ ਵਿਚਕਾਰ ਖੜੋ ਕੇ ਕਾਰਾਂ-ਟਰੱਕ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਰੁਕਿਆ, ਦੋ ਕਾਰਾਂ ਵਾਲੇ ਰੁਕੇ ਵੀ ਤਾਂ ਉਹਨਾਂ ਇਹੋ ਜਿਹੇ ਕੇਸ ਨੂੰ ਲਿਜਾਣ ਤੋਂ ਰਿਫਿਊਜ਼ ਕਰ 'ਤਾ।

ਫਿਰ ਤਾਂ ਬੜੀ ਮੁਸ਼ਕਿਲ ਸਥਿਤੀ ਬਣ 'ਗੀ ਬੇਟਾ ...!

ਬਲਦੇਵ ਗੱਲਬਾਤ ਵਿੱਚ ਸ਼ਾਮਲ ਹੋ ਗਿਆ।

ਮੈਨੂੰ ਤਾਂ ਪਾਪਾ! ਕੁਛ ਸਮਝ ਨਾ ਆਵੇ ਕਿ ਕੀ ਕਰਾਂ? ਕਾਈਨੈਟਿਕ ਸਟਾਰਟ ਕਰਕੇ ਮੋੜਿਓ ਪੁਲੀਸ ਚੌਕੀ ਪਹੁੰਚ ਕੇ ਸਾਰੀ ਕੰਡੀਸ਼ਨ ਦੱਸੀ। ਉਹ ਕਹਿੰਦੇ ਕਿ ਪੁੱਤ, ਸਕੂਟਰ ਕਰ ਖੜਾ ਤੇ ਬਹਿ ਸਾਡੇ ਨਾਲ ਜੀਪ 'ਤੇ ... ਮਰਦਾ ਕੀ ਨਾ ਕਰਦਾ, ਬਹਿਣਾ ਪਿਆ ...!

ਉਫ ... ਇਹ ਪੁਲੀਸ ਵੀ ਨਾ ...! ਮੈਨੂੰ ਬੁਖਲਾਹਟ ਵਿੱਚ ਲਫਜ਼ ਹੀ ਨਹੀਂ ਔੜ ਰਹੇ ਸਨ। ਸ਼ਾਇਦ ਆਵਾਜ਼ ਵੀ ਕੰਬ ਰਹੀ ਸੀ।

ਮੰਮੀ! ਪਹਿਲਾਂ ਇਹ ਸੁਣ ਲੋ ਬਈ ਸਭ ਕੁਛ ਠੀਕ ਐ, ਅਪਸੈੱਟ ਨਾ ਹੋਵੋ ...!

ਚੱਲ ਤੂੰ ਅੱਗੇ ਦੱਸ ... ਤੇਰੀ ਮਾਂ ਤਾਂ ਐਵੇਂ ...! ਸ਼ਬਦ ਬਲਦੇਵ ਤੋਂ ਵੀ ਗੁਆਚ ਰਹੇ ਸਨ।

ਅੱਗੇ ਕੀ, ਬੱਸ ਉਸੇ ਥਾਂ ਪਹੁੰਚ ਗਏ, ਹੁਣ ਤਾਂ ਉਹ ਬੰਦਾ ਜਮਾਂ ਈ ਬੇਹੋਸ਼ ਸੀ, ਖ਼ੂਨ ਨਾਲ ਲਥਪਥ। ਸਿਪਾਹੀਆਂ ਨੇ ਉਹਨੂੰ ਗੱਡੀ ਵਿੱਚ ਪਾ ਲਿਆ ਤੇ ਮੈਨੂੰ ਕਹਿੰਦੇ ਕਿ ਕਾਕਾ, ਜਾਂ ਤਾਂ ਸਾਡੇ ਨਾਲ ਹਸਪਤਾਲ ਚੱਲ, ਨਹੀਂ ਤਾਂ ਉਦੋਂ ਤੱਕ ਠਾਣੇ ਬੈਠਣਾ ਪਊ ਜਦੋਂ ਤੱਕ ਇਹਦੇ ਬਿਆਨ ਨਹੀਂ ਲੈ ਲੈਂਦੇ।

ਹਾਇ ਰੱਬਾ ...! ਮੈਥੋਂ ਫਿਰ ਬੋਲੇ ਬਿਨਾਂ ਨਾ ਰਹਿ ਹੋਇਆ।

ਬੱਸ ਮੰਮੀ-ਪਾਪਾ! ਮੈਂ ਸੋਚਿਆ ਹਸਪਤਾਲ ਜਾਣਾ ਈ ਠੀਕ ਐ, ਨਾਲੇ ਖ਼ਬਰੇ ਖ਼ੂਨ-ਖਾਨ ਦੀ ਲੋੜ ਪਵੇ। ਪਰ ਉਹ ਤਾਂ ਪਈ ਨੀ, ਸਿਪਾਹੀਆਂ ਨੇ ਡਾਕਟਰ ਦੀ ਪਰਚੀ ਵੀ ਮੈਨੂੰ ਫੜਾ 'ਤੀ, ਚੱਲ ਮੇਰੇ ਕੋਲ ਪੈਸੇ ਹੈਗੇ ਸੀ, ਜਿਹੜੇ ਮੰਮੀ ਤੁਸੀਂ ਦਿੱਤੇ ਸੀ ਸਵੇਰੇ, ਦਵਾਈਆਂ-ਦਵੂਈਆਂ ਲਿਆ 'ਤੀਆਂ।

ਓ ਪੈਸਿਆਂ ਦੀ ਛੱਡ ਤੂੰ ਬੇਟਾ! ਇਹ ਦੱਸ ਫਿਰ ਬਣਿਆ ਕੀ? ਮੈਂ ਛੇਤੀ ਤੋਂ ਛੇਤੀ ਸਭ ਜਾਣਨ ਲਈ ਕਾਹਲੀ ਸੀ।

ਬੱਸ ਮੰਮੀ ਜੀ! ਗੁਲੂਕੋਜ਼ ਲੱਗ ਗਿਆ, ਪੱਟੀਆਂ ਹੋ 'ਗੀਆਂ, ਹੋਰ ਟਰੀਟਮੈਂਟ ਹੁੰਦੀ ਰਹੀ, ਅਸੀਂ ਬਰਾਂਡੇ ਵਿੱਚ ਬੈਠੇ ਰਹੇ, ਅਖੀਰ ਆ ਈ ਗਿਆ ਉਹ ਬੰਦਾ ਹੋਸ਼ ਚ, ਪੁਲਸ ਨੂੰ ਬਿਆਨ ਦੇ 'ਤਾ ਬਈ ਸੜਕ ਉੱਤੇ ਕੋਈ ਵੱਡਾ ਰੋੜਾ ਪਿਆ ਸੀ, ਜਿਹਤੋਂ ਬੁੜਕ ਕੇ ਮੋਟਰਸਾਈਕਲ ਦੂਰ ਝਾੜੀਆਂ ਵਿੱਚ ਜਾ ਪਿਆ ਤੇ ਉਹ ਡਿੱਗ ਕੇ ਜ਼ਖ਼ਮੀ ਹੋ ਗਿਆ।

'ਸ਼ੁਕਰ ਐ ਵਾਹਿਗੁਰੂ ... ਸੱਚੇ ਪਾਤਸ਼ਾਹ ...! ਮੇਰੇ ਤੜਪਦੇ ਕਾਲਜੇ ਨੂੰ ਠੰਢ ਪੈ ਗਈ।

ਹੋਰ ਸੁਣੋ! ਸਿਪਾਹੀ ਨੇ ਮੈਨੂੰ ਖਿੱਚ ਕੇ ਉਹਦੇ ਸਾਹਮਣੇ ਕਰ 'ਤਾ, ਕਹਿੰਦਾ ਇਸ ਮੁੰਡੇ ਨੇ ਤਾਂ ਨਹੀਂ ਕੀਤਾ ਐਕਸੀਡੈਂਟ?

' ... ਫੇਰ?

ਉਹ ਹੁਣ ਪੂਰੀ ਹੋਸ਼ ਵਿੱਚ ਸੀ, ਬਿਲਕੁਲ ਠੀਕ-ਠਾਕ, ਕਹਿੰਦਾ, ਨਹੀਂ ਜੀ, ਸੜਕ ਤੇ ਤਾਂ ਉਦੋਂ ਕੋਈ ਨਹੀਂ ਸੀ, ਇਹ ਮੁੰਡਾ ਵੀ ਨਹੀਂ", ਤਾਂ ਕਿਤੇ ਮੇਰੀ ਬੰਦ-ਖਲਾਸੀ ਹੋਈ।

ਲੱਖ ਲੱਖ ਸ਼ੁਕਰ ਪਰਮਾਤਮਾ ਦਾ ... ਤੇ ਤੂੰ ਉਵੇਂ ਈ ਭੁੱਖਣ-ਭਾਣਾ ...!

ਨਾ ਜੀ ਨਾ! ਜਦੋਂ ਦਾ ਆਇਆਂ ਮਾਸੀ ਦਬਾ ਸੱਟ ਚਾਰੀ ਜਾਂਦੀ ਐ। ਗਲ ਤਾਈਂ ਰਜਾ 'ਤਾ, ਬੱਸ ਧੁੰਨੀ ਥਾਣੀ ਬਾਹਰ ਨਿੱਕਲਣ ਆਲੈ ਮਾਲ-ਮੱਤਾ। ਰਿਸ਼ਮ ਖਿੜਖਿੜਾਇਆ।

ਹੁਣ ਹਿੜ-ਹਿੜ ਕਰੀ ਜਾਂਦਾ ਹੈਂ, ਜੇ ਉਸ ਬੰਦੇ ਨੂੰ ਕੁਛ ਹੋ ਜਾਂਦਾ ਤਾਂ ਰਗੜਿਆ ਗਿਆ ਸੀ ਤੂੰ ਤੇ ਨਾਲੇ ਅਸੀਂ ਸਾਰੇ ...! ਮਾਸੀ ਦਾ ਪਿਆਰ ਚਿੰਤਾ ਵਿੱਚ ਡਿੱਕੋਡੋਲੇ ਖਾ ਰਿਹਾ ਸੀ।

ਕੋਈ ਨਾ ਪਰਮਿੰਦਰ! ਏਹਦੇ ਕਰਕੇ ਕਿਸੇ ਮਾਂ ਦਾ ਪੁੱਤ ਬਚ ਵੀ ਤਾਂ ਗਿਐ ... ਸ਼ਾਬਾਸ਼ ਬੇਟਾ ...ਸ਼ਾਬਾਸ਼! ਵੈੱਲ ਡੰਨ ਜਵਾਨ! ...! ... ਕੀਪ ਇਟ ਅੱਪ ...! ਬਲਦੇਵ ਨੇ ਫੌਜੀਆਂ ਵਰਗੇ ਬੁਲੰਦ ਅੰਦਾਜ਼ ਵਿੱਚ ਕਿਹਾ ਤੇ ਸਾਡੇ ਦੋਵਾਂ ਦੇ 'ਫ਼ਿਕਰ' ਦੀ ਥਾਂ 'ਫ਼ਖ਼ਰ' ਨੇ ਲੈ ਲਈ।


सत्यमेव जयते
CONSULATE GENERAL OF INDIA
SAN FRANCISCO, CALIFORNIA
CHIEF GUEST
SHRI SANJAY PANDA
CONSUL GENERAL OF INDIA
SAN FRANCISCO,CALIFORNIA
7TH ANNUAL FUNCTION
SANJHI SOCH NEWSPAPER
ASHA SHARMA (STAGE HOST)
DAVINDER PAMMI
SATTI SATWINDER
SUNNY BABBAR
JEETA GILL
8TH FEB 2020 SATURDAY 5PM TO 9 PM
PLACE: NIRVAANA BANQUET HALL 1005-E,PESCADERO AVE.TRACY.CA-95304
BHANGRA & GIDDHA PERFORM BY APNA PUNJAB
HONORABLE GUESTS
SPECIAL AWARD AS NON ALIGNED REPORTER
SPECIAL GUESTS
SIKANDAR GREWAL
MANMMET GREWAL
JASPREET SINGH (ATTORNY AT LAW)
MIKE SANDHU
MANVEER SINGH POWAR
HUSSAN LAROYA BANGA
JEET SINGH
DR BALWINDER SINGH VIRDI
APNA PUNJAB BHANGRA GROUP TEAM
COMEDIAN DAVINDER HOTHI
RAFFLE PRIZES
SOFA
TV
EAR RINGS GOLD
WATCH
RING GOLD
PUNJABI SUIT
LAPTOP
MIXER GRINDER
COOKER
TOASTER
Legend Travels
FREE AIR TIKCET TO INDIA
PERFORMER RASLEEN KAURA RAVLEEN KAUR
"SPONSORS"
GURJIT SINGH CHAHAL, PARDEEP PAL SHARMA, SURJIT MALHI, AMARJIT SINGH KALLY, PARGET SINGH TURLOCK, DHARMINDER SINGH GOLDEN STATE TRUCK SALE, NARINDER THANDI,
CAPITAL TIRES, TONY DHALIWAL, ROSY KAUR, HARSIMRAN SINGH HUNDAL, MALUK SINGH DHAMI, BHAJAN SINGH BHINDER, JASWINDER SINGH TOOR, JARNAIL SINGH SANDHU,
RAJINDER SINGH TANDA A-1 AUTO REPAIR SHOP, JOGA SINGH MINHAS, ATWAL TAXI SERVICE, DARSHAN BALL, KB REAL ESTATE, BILL BHATTI, CHAAT BHAWAN, PAUL CHADHA,
RAMAKANT DAWAR, SIKANDAR GREWAL TRACY, KULDEEP SINGH DHINDSA, SUDESH ATWAL, SUMPREET SINGH, JASJEET SINGH, SIKANDAR GREWAL, DIXON PUNJABI DHABA,
DARSHAN AUJHLA, RANA KHATKAT PUNJABI DHABA TRACY, MK TRAVEL, DEVINDER SINGH BAINS, RAJA CHANDI, TIRE & WHEEL OUTLET, PAUL SAHOTA, MANVIR POWER,
MANDEEP BILGA, SARDOOL BAJWA, SARABJIT SINGH SABI (YUBA CITY), NIRWAN LAW FIRM, BHAGDEEP SINGH, SEA TRANSPORTATION, LEGEND TRAVEL, RANA GILL,
GURMIT SINGH DHALIWAL, JESSIE BANGA , PUNJAB INSURANCE, JAGTAR SINGH SIDHU, DAVINDER SINGH CHAHAL, GULINDER GILL, AMARJIT ATWAL, NIRVAIL SINGH
"R S V P"
PAUL SAHOTA,RANA GILL,AVTAR GILL,JASWANT SINGH PANNU,SARDOOL SINGH BAJWA,HARPINDER CHAUHAN,
PARAMJIT SINGH DAKHA,GURMIT SINGH GAZIANA,GURI KANG,INDERJIT SINGH KALLIRAI,
GURJATIMDER SINGH RANDHAWA,BOOTA SINGH BASI CHIEF EDITOR "SANJHI SOCH"
SINGER S.ROSE
SINGER DHARAMVIR GARCHA
SINGER DARSHAN AUJLA
BOOK RELEASE BY DR.DALVIR SINGH PANNU
COMEDIAN BEENA SAGAR
COMEDIAN CHRISTMAS
CHICAGO'S PIZZA With-A-Twist
AMBIENCE FURNITURE
THE JRP GROUP A Tradition of Real Estate Excellence
MGN EXPRESS INC
TRANS-ALLIANCE
NIRVANA BANQUET HALL
YO INDIA TV
DECORATION BY SAI DÉCOR
Bless Film Productions
MANTRA INDIA
ਪੰਜਾਬ ਮੇਲ
ਅੰਮ੍ਰਿਤਸਰ ਟਾਈਮਜ਼
ਸਾਡੇ ਲੋਕ
ਖੁਸ਼ਬੂ ਪੰਜਾਬ ਦੀ
CHAAT BHAVAN Best Name for Indian Vegetarian Food
BAGGA PALACE SACRAMENTO
PAUL FASHION TURLOK
PUNJAB PLAZA MODOSTO SURJIT SINGH
LIVE ON FACEBOOK BY BRIJESH MALHOTRA
CATERING BY PUNJAB EXPRESS TURLOK CALIFORNIA
PHOTOGRAPHY AND VIDEO KB BRAR
CONTACT FOR INFORMATION PH: (209) 303 1260 EMAIL: INFO@SANJHISOCH.COM


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22

## GET FLAT 22 CENTS DISCOUNT AT




TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com



SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com